

**ਸੰਸਥਾਪਕ :**
ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ
ਬਾਨੀ, ਜਵੱਦੀ ਟਕਸਾਲ

**ਮੁੱਖ ਸਰਪ੍ਰਸਤ :**
ਸੰਤ ਗਿਆਨੀ ਅਮੀਰ ਸਿੰਘ ਜੀ
ਮੁਖੀ, ਜਵੱਦੀ ਟਕਸਾਲ

**ਪ੍ਰਬੰਧਕੀ ਸੰਪਾਦਕ :**
ਭਾਈ ਸੋਹਨ ਸਿੰਘ

**ਸੰਪਾਦਕ :**
ਪਰਮਜੀਤ ਸਿੰਘ ਪੰਮੀ

**ਆਨਰੇਰੀ ਸੰਪਾਦਕ :**
ਭਾਈ ਸੁਖਵੰਤ ਸਿੰਘ

ਪ੍ਰਤੀ ਕਾਪੀ : 20/-

**ਸਾਲਾਨਾ ਚੰਦਾ**

**ਭਾਰਤ** : 250/-
3 ਸਾਲਾਂ ਲਈ ਚੰਦਾ : 700/-

**ਵਿਦੇਸ਼** : 45$/35 ਪੌਂਡ
3 ਸਾਲਾਂ ਲਈ ਚੰਦਾ : 135$/105 ਪੌਂਡ

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ : **ਵਿਸਮਾਦੁ ਨਾਦ**
**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਟਕਸਾਲ, ਲੁਧਿਆਣਾ-141013
ਫੋਨ: 0161-2562596, 5108696,
ਫੈਕਸ: 2560533 ਮੋ: 94170-44275
e-mail: jawaddi.taksal@gmail.com
Website : www.jawadditaksal.org

# ਤਤਕਰਾ

| | | |
|---|---|---|
| 1 | ਸੰਪਾਦਕੀ | 2 |
| 2 | ਕਥਾ ਬਾਰਹਮਾਹ - ਮਹੀਨਾ | 4 |
| 3 | ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ..... | 8 |
| 4 | ਗਾਵਹੁ ਸੁਣਹੁ ਪੜਹੁ ਨਿਤ ਭਾਈ | 15 |
| 5 | ਗੁਰਮਤਿ ਸੰਗੀਤ ਸੰਮੇਲਨ | 19 |
| 6 | ਸੰਗੀਤ ਸੰਮੇਲਨ-ਇਕ ਜਾਇਜ਼ਾ | 21 |
| 7 | ਆਦਿ ਗ੍ਰੰਥ ਦਾ ਭਾਰਤੀ ਸੰਗੀਤ ਪ੍ਰਤੀ... | 23 |
| 8 | ਹਰਿ ਕੀਰਤਿ ਸਾਧ ਸੰਗਤਿ ਹੈ...... | 27 |
| 9 | ਲੁਧਿਆਣਾ ਵਿੱਚ ਵਿਸ਼ਾਲ ਕੀਤਰਨ... | 31 |
| 10 | ਅਦੁੱਤੀ ਗੁਰਮਤਿ ਸੰਗੀਤ ਸੰਮੇਲਨ | 32 |
| 11 | ਸ਼ਬਦ ਤੇ ਸੰਗੀਤ ਦਾ ਸੁਮੇਲ ........ | 33 |
| 12 | ਪੰਜਾਬੀਆਂ ਦੀ ਅਮੀਰ ਵਿਰਾਸਤ....... | 36 |
| 13 | ਲੁਧਿਆਣਾ ’ਚ ਗੁਰਮਤਿ ਸੰਗੀਤ ....... | 39 |
| 14 | ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-1992 | 41 |
| 15 | ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-1992 | 45 |
| 16 | ਗੁਰ ਸ਼ਬਦ ਸੰਗੀਤ ਸੰਮੇਲਨ | 49 |
| 17 | ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-92 | 51 |
| 18 | ਸੰਤ ਸੁੱਚਾ ਸਿੰਘ ਜਵੱਦੀ | 53 |
| 19 | ਦੂਜਾ ਅਦੁੱਤੀ ਕੀਰਤਨ ਸੰਮੇਲਨ | 55 |
| 20 | ਗੁਰਮਤਿ ਸੰਗੀਤ : ਵਿਸ਼ੇਸ਼ ਪ੍ਰਾਪਤੀਆਂ | 61 |
| 21 | ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-96 | 63 |
| 22 | ਗੁਰਮਤਿ ਦੇ ਖੋਜ ਕੇਂਦਰ...... | 65 |
| 23 | ਅੁਦੱਤੀ ਗੁਰਮਤਿ ਸੰਗੀਤ ਸੰਮੇਲਨ ਤੋਂ ਵਿੱਦਿਅਕ ਕ੍ਰਾਂਤੀ ਦਾ ਸੱਦਾ | 68 |
| 24 | गुरमति संगीत परंपरा की स्थापना ही एकमात्र ध्येय है बाबा सुच्चा सिंह | 70 |
| 25 | ਮੇਰੀ ਅਸਲ ਪਛਾਣ ਜਵੱਦੀ ਤੋਂ..... | 72 |
| 26 | ਗੁਰੂ ਅਰਜਨ ਦੇਵ ਜੀ ਦੀ ਬਾਣੀ.... | 75 |
| 27 | ਪ੍ਰਸੰਸਾ ਪੱਤਰ - ਅਸੀਸਾਂ | 86 |
| 28 | ਗੁਰਮਤਿ ਸੰਗੀਤ ਦੀ ਅੰਮ੍ਰਿਤ ਧਾਰਾ | 89 |
| 29 | ਸਰਗਰਮੀਆਂ | 93 |

ਸੰਪਾਦਕੀ

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - ਮਨੋਰਥ ਤੇ ਸਫਲਤਾ

ਸਿੱਖ ਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਕੀਰਤਨ ਦਾ ਮਹੱਤਵ ਦਰਸਾਉਂਦਿਆਂ ਸਿੱਖਾਂ ਨੂੰ ਕੀਰਤਨ ਦੀ ਕਿਰਿਆ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਦਿਆਂ ਫੁਰਮਾਇਆ ਹੈ:-

**ਨਾਨਕੁ ਕਹੈ ਸਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ (ਅੰਗ ੨੧੪)**

ਸਿੱਖ ਧਰਮ ਵਿੱਚ ਕੀਰਤਨ ਪਰੰਪਰਾ ਦੇ ਮਹੱਤਵ ਨੂੰ ਇਸ ਤੱਥ ਤੋਂ ਵੀ ਲਿਖਿਆ ਜਾ ਸਕਦਾ ਹੈ ਕਿ ਗੁਰੂ ਜੀ ਨੇ ਸਾਰੀ ਬਾਣੀ ਰਾਗ ਵਿਧੀ ਵਿਧਾਨ ਅਨੁਸਾਰ ਰਚੀ ਅਤੇ ਇਸ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ ਕਰਨ ਦਾ ਆਦੇਸ਼ ਵੀ ਦਿੱਤਾ ਪ੍ਰੰਤੂ ਬਦਲਦੇ ਹਾਲਾਤਾਂ ਅਤੇ ਸੰਚਾਰ ਸਾਧਨਾਂ ਦੇ ਵਿਕਾਸ ਨਾਲ ਪ੍ਰਭਾਵਿਤ ਹੋਏ ਚੌਗਿਰਦੇ ਕਾਰਨ ਸਾਡੇ ਕੀਰਤਨੀ ਸਿੰਘ ਕੀਰਤਨ ਦੀਆਂ ਮੂਲ ਪਰੰਪਰਾਵਾਂ ਅਤੇ ਸਿਧਾਂਤਾਂ ਤੋਂ ਅਵੇਸਲੇ ਹੋ ਕੇ ਚਲੰਤ ਤਰਜ਼ਾਂ ’ਤੇ ਕੀਰਤਨ ਕਰਨ ਵੱਲ ਰੁਚਿਤ ਹੋ ਗਏ। ਇਹ ਪ੍ਰਚੱਲਿਤ ਤਰਜ਼ਾਂ ਮਨੁੱਖੀ ਮਨ ਨੂੰ ਸ਼ਬਦ ਨਾਲੋਂ ਤੋੜ ਕੇ ਸੰਸਾਰੀ ਪ੍ਰਵਿਰਤੀ ਵਿੱਚ ਖਚਿਤ ਕਰਨ ਲੱਗੀਆਂ।

ਸੰਤ ਬਾਬਾ ਸੁੱਚਾ ਸਿੰਘ ਜੀ ਦਾ ਵਿਚਾਰ ਸੀ ਕਿ ਸਿੱਖ ਸਮਾਜ ਦੀਆਂ ਨਿੱਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸਮੁੱਚੇ ਸਿੱਖੀ ਜੀਵਨ ਤਰਜ਼ ਦੇ ਪਤਨ ਨੂੰ ਠੱਲ੍ਹ ਪਾਉਣਾ ਸਮੇਂ ਦੀ ਮੁੱਖ ਲੋੜ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਾਬਾ ਜੀ ਦਾ ਵਿਚਾਰ ਸੀ ਕਿ ਕੋਈ ਵੀ ਧਾਰਮਿਕ ਕਾਰਜ ਕਰੀਏ ਉਸ ਦਾ ਅਰਥ ਇਹ ਹੀ ਹੁੰਦਾ ਹੈ ਕਿ ਸਿੱਖੀ ਦਾ ਹੀਰਾ ਮਨੁੱਖੀ ਹਿਰਦੇ ਦੀ ਝੋਲੀ ਵਿੱਚ ਪੈ ਜਾਵੇ ਤੇ ਇਸ ਹੀਰੇ ਨੂੰ ਹਿਰਦੇ ਦੀ ਝੋਲੀ ਵਿੱਚ ਸੁਖੈਨ ਟਿਕਣ ਦਾ ਸਾਧਨ ਤਾਂ *ਕੀਰਤਨੁ ਨਿਰਮੋਲਕ ਹੀਰਾ* ਹੀ ਹੈ। ਉਨ੍ਹਾਂ ਮਹਿਸੂਸ ਕੀਤਾ ਕਿ ਕੀਰਤਨ ਜਿਸ ਵਿੱਚ ਸ਼ਬਦ ਪ੍ਰਧਾਨ ਹੈ, ਨੂੰ ਸਤਿਗੁਰੂ ਦੁਆਰਾ ਬਖ਼ਸ਼ੇ ਹੋਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਨਾ ਅਤਿ ਜ਼ਰੂਰੀ ਹੈ। ਇਸ ਲਈ ਸਿੱਖ ਸਦਾਚਾਰ, ਵਿਸ਼ੇਸ਼ ਕਰਕੇ ਗੁਰਮਤਿ ਗਾਡੀ ਰਾਹ ਦੀ ਪਹਿਚਾਣ ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਗੁਰਸ਼ਬਦ ਰਾਹੀਂ ਹੀ ਉਜਾਗਰ ਕੀਤਾ ਜਾ ਸਕਦਾ ਹੈ।

ਉਨ੍ਹਾਂ ਸਿੱਖ ਧਰਮ ਦੇ ਕੀਰਤਨੀਆਂ ਨੂੰ ਗੁਰੂ ਸਾਹਿਬ ਦੇ ਆਦੇਸ਼ ਤੋਂ ਜਾਗਰੂਕ ਕਰਨ ਲਈ ਅਤੇ ਕੀਰਤਨੀ ਸਿੰਘਾਂ ਨੂੰ ਗੁਰੂ ਸਾਹਿਬ ਦੇ ਆਦੇਸ਼ (ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਨ ਦੇ) ’ਤੇ ਪਹਿਰਾ ਦੇਣ ਪ੍ਰਤੀ ਚੇਤਨਾ ਲਹਿਰ ਪੈਦਾ ਕਰਨ ਦਾ ਬੀੜਾ ਚੁੱਕਿਆ ਅਤੇ ਸੰਗੀਤ ਦੇ ਉੱਚ ਕੋਟੀ ਦੇ ਵਿਦਵਾਨਾਂ ਦੀ ਰਾਗ ਨਿਰਣਾਇਕ ਕਮੇਟੀ ਦਾ ਗਠਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਸ਼ੁੱਧ ਰਾਗਾਂ ਦੇ ਸਰੂਪਾਂ ਨੂੰ ਨਿਸ਼ਚਿਤ ਕਰਵਾ ਕੇ ਸਿੱਖ ਕੌਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਕਤੂਬਰ 1991 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕਰਵਾਇਆ ਜੋ ਆਪਣੇ ਆਪ ਵਿੱਚ ਅਨੂਠਾ ਕਾਰਜ ਸਿੱਧ ਹੋ ਨਿਬੜਿਆ।



ਇਸ ਉਪਰੰਤ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਇੱਕ ਮਹਾਨ ਲਹਿਰ ਦਾ ਆਗਾਜ਼ ਹੋਇਆ।ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਮੱਦੇ ਨਜ਼ਰ ਰੱਖਦਿਆਂ ਗੁਰਸ਼ਬਦ ਸੰਗੀਤ ਅਕੈਡਮੀ ਦੀ ਸਥਾਪਨਾ ਕੀਤੀ। ਬਾਬਾ ਜੀ ਵੱਲੋਂ ਆਰੰਭੀ ਇਸ ਲਹਿਰ ਨੂੰ ਸੰਗਤਾਂ ਨੇ ਭਰਪੂਰ ਹੁਲਾਰਾ ਦਿੱਤਾ ਜਿਸ ਸਦਕਾ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਨ ਦੀ ਅਮੀਰ ਪਰੰਪਰਾ ਸਥਾਪਤ ਹੋ ਗਈ। ਅੱਜ ਹਰ ਰਾਗੀ ਸਿੰਘ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨ ਵਿੱਚ ਫਖ਼ਰ ਮਹਿਸੂਸ ਕਰਦਾ ਹੈ। ਇੱਥੇ ਹੀ ਬਸ ਨਹੀਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਿਕ ਸਥਾਨਾਂ ਉੱਤੇ ਵੀ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨ ਆਰੰਭ ਕਰ ਦਿੱਤਾ ਗਿਆ ਹੈ। ਇਉਂ ਬਾਬਾ ਜੀ ਨੇ ਗੁਰਮਤਿ ਸੰਗੀਤ ਦੀ ਲਹਿਰ ਨੂੰ ਪੁਨਰ-ਸੁਰਜੀਤ ਕਰ ਕੇ ਨਵੇਂ ਮੀਲ ਪੱਥਰ ਸਥਾਪਤ ਕੀਤੇ। ਇਹ ਸੰਤ ਬਾਬਾ ਸੁੱਚਾ ਸਿੰਘ ਜੀ ਦੀਆਂ ਘਾਲਨਾਵਾਂ ਦਾ ਹੀ ਸਿੱਟਾ ਹੈ।

ਬਾਬਾ ਜੀ ਵੱਲੋਂ ਆਰੰਭੀ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦੀਆਂ ਅਮੀਰ ਪਰੰਪਰਾਵਾਂ ਨੂੰ ਬਾਬਾ ਜੀ ਤੋਂ ਵਰੋਸਾਏ ਸੰਤ ਗਿਆਨੀ ਅਮੀਰ ਸਿੰਘ ਜੀ, ਭਾਈ ਸੋਹਣ ਸਿੰਘ, ਪ੍ਰਿੰ. ਸੁਖਵੰਤ ਸਿੰਘ ਜੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨਿਰੰਤਰ ਅੱਗੇ ਤੋਰਦਿਆਂ 15ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੌਕੇ *ਵਿਸਮਾਦੁ ਨਾਦੁ* ਦਾ ਵਿਸ਼ੇਸ਼ ਅੰਕ ***‘ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - ਇੱਕ ਇਤਿਹਾਸ’*** ਸੰਗਤਾਂ ਦੀ ਸੇਵਾ ਵਿੱਚ ਭੇਂਟ ਕੀਤਾ ਜਾ ਰਿਹਾ ਹੈ ਜਿਸ ਵਿੱਚ 1991 ਤੋਂ 2005 ਤੱਕ ਆਯੋਜਿਤ ਕੀਤੇ ਗਏ ਸਮਾਗਮਾਂ ਬਾਰੇ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਪ੍ਰਤੀਕਰਮ ਅਤੇ ਟਿੱਪਣੀਆਂ ਨੂੰ ਹੂਬਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਆਸ ਕਰਦਾ ਹਾਂ ਕਿ ਸਭ ਸੰਗਤਾਂ ਇਸ ਤੋਂ ਲਾਭ ਉਠਾਉਣਗੀਆਂ।

ਪਰਮਜੀਤ ਸਿੰਘ ਪੰਮੀ

ਇਸ ਮੈਗਜ਼ੀਨ ਵਿੱਚ ਛਪੇ ਲੇਖਾਂ ਅਤੇ ਰਚਨਾਵਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ, ਇਨ੍ਹਾਂ ਵਿਚਾਰਾਂ ਨਾਲ ਪ੍ਰਕਾਸ਼ਕ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਥਾ ਵੀਚਾਰ ਪੋਖਿ ਮਹੀਨਾ

ਸੰਤ ਗਿਆਨੀ ਅਮੀਰ ਸਿੰਘ ਜੀ

**ੴ ਸਤਿਗੁਰ ਪ੍ਰਸਾਦਿ**

**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥**
**ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥**
**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥**
**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥**
**ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥**
**ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥**
**ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥**
**ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥ (ਅੰਗ ੧੩੩)**

**ਭੂਮਿਕਾ:-** ਜੋ ਉਸ ਪ੍ਰਭੂ ਪ੍ਰਮੇਸ਼ਵਰ ਨਾਲ ਜੀਵ ਇਸਤਰੀਆਂ ਜੁੜ ਜਾਂਦੀਆਂ ਹਨ ਉਨ੍ਹਾਂ ਦੇ ਜੀਵਨ ਵਿੱਚ ਕਠੋਰਤਾ ਤੇ ਕੋਰਾਪਨ ਨਹੀਂ ਰਹਿੰਦਾ। ਪ੍ਰਮੇਸ਼ਵਰ ਦੇ ਚਰਨਾਂ ਨਾਲ ਜੁੜੀਆਂ ਸਮੁੱਚੀਆਂ ਬਰਕਤਾਂ ਨੂੰ ਆਪਣੀ ਝੋਲੀ ਵਿੱਚ ਪਾਉਂਦਾ ਹੈ। ਸ਼ੁਭ ਗੁਣਾਂ ਅਤੇ ਪਰਮਾਰਥੀ ਰਹਿਮਤ ਦੇ ਨਾਲ-ਨਾਲ ਸੰਸਾਰੀ ਪਦਾਰਥਾਂ ਦੀ ਵੀ ਖੋੜ ਉਸ ਜੀਵ ਕੋਲ ਨਹੀਂ ਰਹਿੰਦੀ ਜਿਸ ਦੀ ਉਸ ਪ੍ਰਭੂ ਨਾਲ ਬਣ ਆਏ। ਰੱਬ ਨਾਲ ਜੁਵ ਕੇ ਉਸ ਤੋਂ ਪ੍ਰਾਪਤ ਹੋਈਆਂ ਬਰਕਤਾਂ ਦਾ ਜਿਕਰ ਸਤਿਗੁਰੂ ਜੀ ਨੇ ਇੱਕ ਪਉੜੀ ਵਿੱਚ ਕਰਦਿਆਂ ਜ਼ਿਕਰ ਕੀਤਾ ਹੈ:-

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**
**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥**
**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥**
**ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥**
**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥**
**ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥ (ਅੰਗ ੧੦੯੬)**

ਮਨੁੱਖੀ ਜ਼ਿੰਦਗੀ ਉਦੋਂ ਨਿਮਾਣੀ ਤੇ ਨਿਗੁਣੀ ਹੁੰਦੀ ਹੈ ਜਦੋਂ ਪ੍ਰਮੇਸ਼ਵਰ ਨਾਲੋਂ ਟੁੱਟ ਕੇ ਆਪਣਾ ਜੀਵਨ ਬਤੀਤ ਕਰਦੀ ਹੈ ਅਤੇ ਪਹਾੜ ਜਿੱਡੇ ਦੁੱਖਾਂ ਦਾ ਸਾਹਮਣਾ ਉਸ ਨੂੰ ਅਕਸਰ ਕਰਨਾ ਪੈਂਦਾ ਹੈ। ਬਾਬਾ ਫਰੀਦ ਜੀ ਇਸ ਪ੍ਰਥਾਇ ਬਚਨ ਕਹਿੰਦੇ ਨੇ ਕਿ ਜਦੋਂ ਇੱਕ ਜੀਵ ਇਸਤਰੀ ਜਦੋਂ ਪ੍ਰਭੂ ਤੋਂ ਕੁਝ ਪਲਾਂ ਲਈ ਦੂਰ ਹੁੰਦੀ ਹੈ ਤਾਂ ਉਨ੍ਹਾਂ ਪਲਾਂ ਵਿੱਚ ਆਏ ਦੁੱਖ ਨੂੰ ਵੇਖ ਕੇ ਰੱਬ ਤੋਂ ਸਦਾ ਟੁੱਟੀਆਂ ਹੋਈਆਂ ਨੂੰ ਇੱਕ ਗੱਲ ਕਹਿੰਦੀ ਹੈ ਕਿ ਮੈਂ



ਤਾਂ ਕੁਝ ਪਲ ਪ੍ਰਭੂ ਤੋਂ ਦੂਰ ਹੋਈ ਤੇ ਮੈਨੂੰ ਏਨਾ ਦੁਖ ਸਹਿਣਾ ਪਿਆ ਪਰ ਮੈਂ ਸਦਾ ਹੀ ਟੁੱਟੀਆਂ ਤੋਂ ਪੁੱਛਦੀ ਹਾਂ ਕਿ ਤੁਹਾਡੇ ਜੀਵਨ ਦੀ ਰਾਤ ਉਸ ਪ੍ਰਭੂ ਤੋਂ ਬਿਨਾਂ ਕਿਵੇਂ ਲੰਘਦੀ ਹੈ। ਸਲੋਕ ਹੈ:-

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ (ਅੰਗ ੧੩੭੯)**

ਆਓ ਅੱਜ ਦੇ ਇਸ ਪਵਿੱਤਰ ਬਚਨ ਦੀ ਵਿਚਾਰ ਆਰੰਭ ਕਰਦੇ ਹਾਂ।

**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥**

**ਅਰਥ:** ਪੋਹ ਦੇ ਮਹੀਨੇ ਰਾਹੀਂ ਧੰਨ ਗੁਰੂ ਅਰਜਨ ਸਾਹਿਬ ਉਨ੍ਹਾਂ ਜੀਵ ਇਸਤਰੀਆਂ ਨੂੰ (ਤੁਖ਼ਾਰ) ਕੋਹਾਂ ਨਹੀਂ ਵਿਆਪਦਾ ਜਿਨ੍ਹਾਂ ਦੇ ਗਲੇ ਨੂੰ ਪ੍ਰਭੂ ਪ੍ਰਮੇਸ਼ਵਰ ਮਿਲਿਆ ਹੈ। ਉਨ੍ਹਾਂ ਦਾ ਮਨ ਪ੍ਰਭੂ ਦੇ ਚਰਨ ਕਮਲਾਂ ਵਿੱਚ ਹਮੇਸ਼ਾਂ ਹੀ ਵਿੰਨਿਆ ਰਹਿੰਦਾ ਹੈ ਅਤੇ ਉਸ ਦੇ ਦਰਸ਼ਨ ਵਿੱਚ ਹੀ ਉਨ੍ਹਾਂ ਦਾ ਹਰ ਪਲ ਖ਼ਿਨ ਗੁਜਰਦਾ ਹੈ।

ਪ੍ਰਭੂ ਪ੍ਰਮੇਸ਼ਵਰ ਦੇ ਮਿਲਾਪ ਵਿੱਚ ਜੀਵਨ ਦਾ ਅਸਲੀ ਆਨੰਦ ਪਇਆ ਹੋਇਆ ਹੈ। ਇਸੇ ਕਰਕੇ ਸਤਿਗੁਰੂ ਜੀ ਨੇ ਬਾਣੀ ਵਿੱਚ ਇਹ ਬਚਨ ਕੀਤੇ ਹਨ ਕਿ ਉਸ ਤੋਂ ਬਿਨਾਂ ਗੁਰਸਿੱਖ ਨੇ ਆਪਣੇ ਜੀਵਨ ਨੂੰ ਨਹੀਂ ਜਿਊਣਾ ਹਰ ਸਵਾਸ ਵਿੱਚ ਉਸਦਾ ਪਿਆਰ ਦੇ ਯਾਦ ਬਣੀ ਰਹਿਣੀ ਚਾਹੀਦੀ ਹੈ।

**ਊਠਤ ਬੈਠਤ ਸੋਵਤ ਧਿਆਈਐ॥**
**ਮਾਰਗਿ ਚਲਤ ਹਰੇ ਹਰਿ ਗਾਈਐ॥੧॥ (ਅੰਗ ੩੯੬)**

ਦੇ ਮਹਾਂਵਾਕ ਅਨੁਸਾਰ ਆਪਣੇ ਮਨ ਦੀ ਖਿੱਚ ਹਰ ਵੇਲੇ ਪ੍ਰਭੂ ਵੱਲ ਬਣਾਈ ਰੱਖਣੀ ਚਾਹੀਦੀ ਹੈ। ਸ਼ਬਦ ਦੀਆਂ ਦੂਸਰੀਆਂ ਪੰਕਤੀਆਂ ਵਿੱਚ ਧੰਨ ਗੁਰੂ ਅਰਜਨ ਦੇਵ ਮਹਾਰਾਜ ਕਿਰਪਾ ਕਰਦੇ ਹਨ:-

**ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥**
**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥**

**ਅਰਥ:** ਜਿਸ ਜੀਵ ਇਸਤਰੀ ਨੇ ਧਰਤੀ ਨੂੰ ਪਾਲਣ ਵਾਲੇ ਪ੍ਰਮੇਸ਼ਵਰ ਵਾਹਿਗੁਰੂ ਜੀ ਦਾ ਆਸਰਾ ਲੈ ਲਿਆ ਉਸ ਦਿਨ ਮਾਲਕ ਦੀ ਸੇਵਾ ਦਾ ਲਾਹਾ ਖੱਟਿਆ ਹੈ। ਮਾਇਆ ਰੂਪੀ ਬਿਖਿਆ ਉਸ ਨੂੰ ਪੋਹ ਨਹੀਂ ਸਕਦੀ ਕਿਉਂਕਿ ਉਸ ਨੇ ਗੁਰੂ ਨਾਲ ਮਿਲਕੇ ਪ੍ਰਭੂ ਦੇ ਗੁਣ ਗਾਏ ਹਨ। ਮਾਇਆ ਇੱਕ ਐਸੀ ਚੀਜ਼ ਹੈ ਜਿਸ ਨੇ ਅਨੇਕਾਂ ਜੀਵਾਂ ਨੂੰ ਆਪਣੇ ਵਿੱਚ ਖਚਤ ਕਰਕੇ ਬਰਬਾਦ ਕਰ ਦਿੱਤਾ ਹੈ, ਫ਼ੁਰਮਾਨ ਹੈ:

**ਬਿਖਿਆ ਬਿਆਪਿਆ ਸਗਲ ਸੰਸਾਰੁ॥ ਬਿਖਿਆ ਲੈ ਡੂਬੀ ਪਰਵਾਰੁ॥੧॥**
**ਰੇ ਨਰ ਨਾਵ ਚਉੜਿ ਕਤ ਬੋੜੀ॥**
**ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ॥੧॥ ਰਹਾਉ॥**

**ਸੁਰਿ ਨਰ ਦਾਧੇ ਲਾਗੀ ਆਗਿ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ॥੨॥**
**(ਅੰਗ ੩੨੮)**

ਇਸ ਤੋਂ ਬਚਣ ਦਾ ਤਰੀਕਾ ਉਸ ਦੇ ਚਰਨਾਂ ਨਾਲ ਪ੍ਰੀਤੀ ਹੀ ਹੈ।

**ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥**
**ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥ (ਅੰਗ ੧੪੧੨)**

ਬਾਰਹਮਾਹ ਦੇ ਉਪਰੋਕਤ ਪਦ ਦੀਆਂ ਤੀਸਰੀਆਂ ਪੰਕਤੀਆਂ ਵਿੱਚ ਗੁਰੂ ਅਰਜਨ ਸਾਹਿਬ ਜੀ ਕਿਰਪਾ ਕਰਦੇ ਹਨ:-

**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥**
**ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥**

**ਅਰਥ:** ਜਿਸ ਪ੍ਰਮਾਤਮਾ ਤੋਂ ਉਸ ਨੇ ਜਨਮ ਲਿਆ ਉਹ ਜੀਵ ਇਸਤਰੀ ਉਸ ਵਿੱਚ ਹੀ ਰਹਿੰਦੀ ਹੈ ਪ੍ਰਭੂ ਦੀ ਸੱਚੀ ਪ੍ਰੀਤ ਵਿੱਚ ਮਾਨੋ ਉਹ ਸਦਾ ਚੁਭੀ ਰਹਿੰਦੀ ਹੈ। ਪ੍ਰਮੇਸ਼ਵਰ ਨੇ ਹੱਥ ਫੜ ਕੇ ਉਸ ਨੂੰ ਆਪਣੇ ਚਰਨਾਂ ਨਾਲ ਜੋੜਿਆ ਹੁੰਦਾ ਹੈ ਇਸ ਕਰਕੇ ਉਹ ਦੁਬਾਰਾ ਵਿਛੜਦੀ ਨਹੀਂ। ਪ੍ਰਮੇਸ਼ਵਰ ਵਾਹਿਗੁਰੂ ਜੀ ਨੇ ਜੋ ਗੁਣਾਂ ਦੇ ਸਾਗਰ ਹਨ ਉਨ੍ਹਾਂ ਵਿੱਚ ਇਹ ਵੀ ਗੁਣ ਹੈ ਕਿ ਜਿਸ ਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ, ਉਸ ਨੂੰ ਉਹ ਦੁਬਾਰਾ ਵਿਛੋੜਦਾ ਨਹੀਂ, ਗੁਰਵਾਕ ਹੈ:-

**ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ**
**ਇਹ ਰੀਤਿ ਭਲੀ ਭਗਵੰਤੈ॥ (ਅੰਗ ੨੪੯)**

ਦੁਨੀਆਂ ਦੇ ਰਿਸ਼ਤੇ ਮਿਲਦੇ, ਬਣਦੇ ਤੇ ਵਿਛੜਦੇ ਹਨ ਪਰ ਪ੍ਰਭੂ ਦਾ ਰਿਸ਼ਤਾ ਬਣਨ ਤੋਂ ਬਾਅਦ ਵਿਛੋੜੇ ਵਿੱਚ ਤਬਦੀਲ ਨਹੀਂ ਹੁੰਦਾ। ਇਸੇ ਕਰਕੇ ਇਸੇ ਰਿਸ਼ਤੇ ਨੂੰ ਹੀ ਅਸਲੀ ਰਿਸ਼ਤਾ ਮੰਨਿਆ ਗਿਆ ਹੈ। ਸ਼ਬਦ ਦੇ ਚੌਥੇ ਬੰਦ ਵਿੱਚ ਸ਼ਹੀਦਾਂ ਦੇ ਸਿਰਤਾਜ ਧੰਨ ਗੁਰੂ ਅਰਜਨ ਸਾਹਿਬ ਜੀ ਕਿਰਪਾ ਕਰਦੇ ਹਨ:-

**ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥**
**ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥**

**ਅਰਥ:** ਮੈਂ ਉਸ ਪ੍ਰਭੂ ਤੋਂ ਲੱਖ-ਲੱਖ ਵਾਰ ਕੁਰਬਾਨ ਜਾਂਦਾ ਹਾਂ ਜੋ ਸੱਜਣ ਪ੍ਰਭੂ ਅਪਹੁੰਚ ਤੇ ਡੂੰਘਾ ਹੈ। ਹੇ ਨਾਨਕ! ਉਹ ਪ੍ਰਭੂ ਕਿਰਪਾਲੂ ਹੈ ਜੋ ਉਸ ਦੇ ਦਰ ’ਤੇ ਡਿੱਗ ਪੈਂਦਾ ਹੈ ਉਸ ਦੀ ਉਸ ਨੂੰ ਲਾਜ ਰੱਖਣੀ ਹੀ ਪੈਂਦੀ ਹੈ। ਭਾਈ ਗੁਰਦਾਸ ਜੀ ਇਹ ਕਬਿੱਤ ਲਿਖਦੇ ਹੋਏ ਬਚਨ ਕਰਦੇ ਹਨ ਪ੍ਰਮੇਸ਼ਵਰ ਏਨਾ ਕੁ ਦਿਆਲੂ ਹੈ ਕਿ ਕੋਈ ਬੰਦਾ ਆਪਣੀ ਸਰੀਰਕ ਅਵਸਥਾ ਦੀ ਪੀੜਾ ਵਿੱਚ ਉਸ ਦੀ ਸ਼ਰਨ ਵਿੱਚ ਡਿੱਗ ਪਵੇ ਤਾਂ ਉਸ ਦੇ ਜੀਵਨ ਦੀ ਪ੍ਰਭੂ ਕਲਿਆਣ ਕਰ ਦਿੰਦਾ ਹੈ। ਪਰ ਜੇ ਕੋਈ ਉਦੋਂ ਵੀ ਨਾ ਆਵੇ ਫਿਰ ਸਿਵਾਏ ਪਛਤਾਵੇ ਤੋਂ ਕੁਝ ਵੀ ਪੱਲੇ ਨਹੀਂ ਪੈਂਦਾ। ਭਾਈ ਗੁਰਦਾਸ ਜੀ ਉਦਾਹਰਨ ਦਿੰਦੇ ਹਨ ਜਿਵੇਂ ਬੇੜੀ ਡੁੱਬਦੀ ਹੋਵੇ ਜੋ ਸਮਾਨ ਬਚਦਾ ਹੈ ਬਚਾ ਲਵੋ, ਜਿਵੇਂ ਘਰ ਵਿੱਚ ਚੋਰ ਆਵੇ ਸੁਚੇਤ ਹੋ ਜਾਈਏ ਤਾਂ



ਚੋਰੀ ਤੇ ਸਮਾਨ ਬਚਾ ਲਈਦਾ ਹੈ, ਘਰ ਨੂੰ ਅੱਗ ਲਗ ਜਾਵੇ ਤਾਂ ਜੋ ਸਮਾਨ ਨਿਕਲਦਾ ਹੈ ਉਹ ਨੂੰ ਕੱਢ ਲੈਣਾ ਚਾਹੀਦਾ ਹੈ ਨਹੀਂ ਤਾਂ ਸੜ ਕੇ ਸੁਆਹ ਹੋ ਜਾਂਦਾ ਹੈ। ਇਸੇ ਤਰ੍ਹਾਂ ਅੰਤ ਵੇਲੇ ਉਹ ਦੀ ਸ਼ਰਨੀ ਵਿੱਚ ਪੈ ਜਾਈਏ ਤਾਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਕਬਿੱਤ ਹੈ:-

**ਜੈਸੇ ਨਾਉ ਬੂਡਤ ਸੈ ਜੋਈ ਨਿਕਸੈ ਸੋਈ ਭਲੋ**
**ਬੂਡਿ ਗਏ ਪਾਛੇ ਪਛਤਾਇਓ ਰਹਿ ਜਾਤ ਹੈ॥**
**ਜੈਸੇ ਘਰ ਲਾਗੇ ਆਗਿ ਜੋਈ ਭਚੈ ਸੋਈ ਭਲੋ**
**ਜਰਿ ਬੁਝੇ ਪਾਛੇ ਕਛੂ ਬਸੁ ਨ ਬਸਾਤ ਹੈ॥**
**ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ**
**ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ॥**
**ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ**
**ਪਾਵੈ ਮੋਖ ਪਦਵੀ ਨਾਤਰ ਬਿਲਲਾਤ ਹੈ॥ (ਵਾਰਾਂ ਭਾਈ ਗੁਰਦਾਸ ਜੀ, ਅੰਗ ੩੭)**

ਇਸ ਸ਼ਬਦ ਦੀ ਅੰਤਲੀ ਪੰਕਤੀ ਵਿੱਚ ਸਤਿਗੁਰੂ ਜੀ ਕਿਰਪਾ ਕਰਦੇ ਨੇ:-

**ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥**

**ਅਰਥ:** ਜਿਸ ਉੱਤੇ ਵੇਪਰਵਾਹ ਪ੍ਰਭੂ ਕਿਰਪਾ ਕਰਦਾ ਹੈ, ਉਹ ਦੇ ਲਈ ਪੋਹ ਦਾ ਮਹੀਨਾ ਸੁਹਾਵਣਾ ਹੈ ਅਤੇ ਉਸ ਨੂੰ ਸਾਰੇ ਸੁੱਖ ਮਿਲ ਜਾਂਦੇ ਨੇ।

**ਭਾਵ ਅਰਥ:** ਰੱਬ ਨਾਲ ਮਿਲਿਆ ਹੋਇਆਂ ਨੂੰ ਕਠੋਰਤਾ ਨਹੀਂ ਵਿਆਪਦੀ। ਪ੍ਰਭੂ ਦਾ ਓਟ ਆਸਰਾ ਲੈਣ ਨਾਲ ਮਾਇਆ ਦੇ ਮੋਹ ਤੋਂ ਬਚ ਜਾਈਦਾ ਹੈ। ਜਿਨ੍ਹਾਂ ਨੂੰ ਉਸ ਨੇ ਆਪਣਾ ਬਣਾਇਆ ਦੋਬਾਰਾ ਕਦੇ ਵਿਛੋੜਦਾ ਨਹੀਂ। ਆਪਣੇ ਦਰ ’ਤੇ ਡਿਗਿਆਂ ਹੋਇਆਂ ਦੀ ਸਦਾ ਲਾਜ ਰੱਖਦਾ ਹੈ।

ਜਿਸਦੇ ‘ਤੇ ਉਹ ਕਿਰਪਾ ਕਰੇ, ਜਿਸ ਨੂੰ ਉਹ ਬਖ਼ਸ਼ ਲਵੇ, ਉਸ ਲਈ ਹਰ ਮਹੀਨਾ, ਪਲ, ਸੋਹਣਾ ਅਤੇ ਸੁੱਖਾਂ ਭਰਪੂਰ ਹੈ।

# ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਲੋੜ ਅਤੇ ਮਹੱਤਵ

*ਜਵੱਦੀ ਟਕਸਾਲ ਦੇ ਬਾਨੀ ਮਹਾਪਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਮਾਪਤੀ ਸਮਾਰੋਹ ਮੌਕੇ ਸਿੱਖ ਸੰਗਤਾਂ ਨਾਲ 'ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਨ ਦੀ ਲੋੜ ਅਤੇ ਮਹੱਤਵ' ਬਾਰੇ ਕੀਤੀਆਂ ਗਰਮਤਿ ਵਿਚਾਰਾਂ ਨੂੰ ਇਸ ਲੇਖ ਰਾਹੀਂ ਸੰਗਤਾਂ ਦੇ ਸਨਮੁੱਖ ਹੂ-ਬ-ਹੂ ਪੇਸ਼ ਕੀਤਾ ਜਾ ਰਿਹਾ ਹੈ।* - *ਸੰਪਾਦਕ*

ਅਕਾਲ ਸਤਿਗੁਰੂ ਜੀ ਦੀ ਮਿੱਠੀ ਅਤੇ ਪਿਆਰੀ ਗੋਦੀ ਵਿੱਚ ਬੈਠ ਕੇ 31 ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦੇ ਕੀਰਤਨ ਦਾ ਆਨੰਦ ਮਾਣਦੇ ਹੋਏ ਸਰਬੱਤ ਮਾਈ ਭਾਈ ਜੀਓ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

ਅੱਜ ਪੰਜਵੇਂ ਰੋਜ਼ ਵਿੱਚ ਆਪਾਂ ਸਾਰੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਲੈਂਦਿਆਂ ਪਹੁੰਚ ਗਏ ਹਾਂ ਜਿਸ ਵਿੱਚ ਮਨੋਰਥ ਗਰੀਬ ਨਿਵਾਜ਼ ਜੀ ਦੇ ਮਹਾਂਵਾਕ ਨੂੰ ਪੂਰਾ ਕਰਨ ਦਾ ਹੀ ਹੈ, "*ਮਿਲੁ ਜਗਦੀਸ ਮਿਲਨ ਕੀ ਬਰੀਆ॥*" ਐਸਾ ਸਮਾਗਮ ਕਰਨ ਦੀ ਕੀ ਲੋੜ ਸੀ ਜਦੋਂ ਸਤਿਯੁਗ ਵੱਲ ਆਪਾਂ ਖਿਆਲ ਕਰਦੇ ਹਾਂ, ਜਿਵੇਂ ਤਿੰਨ ਗੁਣ ਰਜੋ, ਤਮੋ, ਸਤੋ ਜਾਂ ਬ੍ਰਹਮਾ, ਵਿਸ਼ਨੂੰ, ਮਹੇਸ਼ ਜੀ ਵੱਲ ਖਿਆਲ ਕਰਦੇ ਹਾਂ ਉਨ੍ਹਾਂ ਤਤ੍ਵਾਂ ਦਾ ਕੈਸਾ ਸੁਭਾਓ ਹੈ, ਉਨ੍ਹਾਂ ਲੋਕਾਂ ਨੇ ਆਪਣੇ ਜੀਵਨ ਨੂੰ ਖਿੰਡਣ ਤੋਂ ਬਚਾਉਣ ਲਈ ਕੀ-ਕੀ ਸਾਧਨ ਉਪਲਬਧ ਕੀਤੇ ਨੇ, ਪ੍ਰਮੇਸ਼ਰ ਦੀ ਬੰਦਗੀ ਵਿੱਚ ਨਾਮ ਨੂੰ ਦ੍ਰਿੜ ਕਰਨ ਦੇ ਲਈ ਕੀ-ਕੀ ਸਾਧਨ ਵਰਤੇ। ਜਦੋਂ ਅਸੀਂ ਵਿਸ਼ਨੂੰ ਜੀ ਵੱਲ ਧਿਆਨ ਕਰਦੇ ਹਾਂ ਤਾਂ ਉਨ੍ਹਾਂ ਨੇ ਆਪਣੀ ਭਗਤੀ ਨੂੰ ਨਿਰੰਤਰ ਰੱਖਣ ਵਾਸਤੇ, ਸ਼ਬਦ ਨੂੰ ਦ੍ਰਿੜ ਕਰਨ ਵਾਸਤੇ, ਨਾਮ ਨੂੰ ਦ੍ਰਿੜ ਕਰਨ ਵਾਸਤੇ ਆਪਣੇ ਕੋਲ ਇੱਕ ਸਾਜ਼ ਰੱਖਿਆ, ਜਿਸ ਨੂੰ ਅਸੀਂ ਸਾਰੇ ਸੰਖ ਕਹਿੰਦੇ ਹਾਂ। ਉਸ ਤੋਂ ਦੂਸਰਾ ਨੰਬਰ, ਜਦੋਂ ਅਸੀਂ ਸ਼ਿਵ ਜੀ ਵੱਲ ਦੇਖਦੇ ਹਾਂ, ਜੰਗਲਾਂ ਵਿੱਚ ਨਿਰਵਿਰਤੀ ਨਾਲ ਜੀਵਨ ਬਸਰ ਕਰਨ ਵਾਲਾ ਪੁਰਸ਼ ਆਪਣੇ ਕੋਲ ਆਪਣੀ ਭਗਤੀ ਨੂੰ ਨਿਰੰਤਰ ਰੱਖਣ ਵਾਸਤੇ ਡਉਰੂ ਰੱਖਦਾ, ਇੱਕ ਸਾਜ਼ ਰੱਖਦਾ ਆਪਣੇ ਕੋਲ। ਉਸ ਤੋਂ ਬਾਅਦ ਜਦ ਅਸੀਂ ਬ੍ਰਹਮਾ ਦੇ ਪੁੱਤਰ ਨਾਰਦ ਵੱਲ ਦੇਖਦੇ ਹਾਂ ਤਾਂ ਉਹ ਆਪਣੇ ਕੋਲ ਬੀਣਾ ਰੱਖਦੈ, ਉਸ ਦੇ ਕੋਲ ਵੀ ਇੱਕ ਸਾਜ਼ ਹੈ, ਉਸ ਤੋਂ ਬਾਅਦ ਅਸੀਂ ਜੰਗਲਾਂ ਵਿੱਚ ਭ੍ਰਮਣ ਕਰਨ ਵਾਲੇ, ਜੰਗਲਾਂ ਵਿੱਚ ਸਮਾਧੀਆਂ ਲਾਉਣ ਵਾਲੇ ਯੋਗੀਆਂ ਵਿੱਚ ਦੇਖਦੇ ਹਾਂ ਤਾਂ ਉਹ ਵੀ ਆਪਣੇ ਕੋਲ ਕਿੰਗਰੀ ਰੱਖਦੇ, ਸਾਜ਼ ਰੱਖਦੇ। ਉਸ ਤੋਂ ਬਾਅਦ ਇਹੋ ਜਿਹੇ ਅਨੰਤ ਨੇ, ਕਿੰਨਿਆਂ ਕੁ ਦੇ ਨਾਂ ਲਵਾਂਗਾ। ਪਰ ਖ਼ੈਰ, ਦੁਆਪਰ ਯੁੱਗ ਦੇ ਵਿੱਚ ਸ੍ਰੀ ਕ੍ਰਿਸ਼ਨਾਵਤਾਰ ਜੀ, ਆਪਣੀ ਭਗਤੀ ਨੂੰ ਨਿਰੰਤਰ ਕਰਨ ਵਾਸਤੇ ਮਨੁੱਖਤਾ ਨੂੰ ਮਾਰਗ ਦਰਸਾਉਣ ਵਾਸਤੇ ਆਪਣੇ ਕੋਲ ਬੰਸਰੀ ਰੱਖਦੇ ਸਨ, ਸਾਜ਼ ਰੱਖਦੇ ਸਨ ਆਪਣੇ ਕੋਲ।

"ਮੇਰੀ ਮੁਰਾਦ ਇਸ ਗੱਲ ਤੋਂ ਸੀ, ਸ੍ਰਿਸ਼ਟੀ ਦੇ ਵਿੱਚ ਭਗਤੀ ਅਤੇ ਸੰਗੀਤ ਦਾ ਸੁਮੇਲ ਭਗਤੀ ਨੂੰ ਦ੍ਰਿੜ ਕਰਨ ਦੇ ਲਈ, ਸੰਗੀਤ ਦੀ ਕਿਆ ਲੋੜ ਹੈ? ਸ਼ਬਦ ਨੂੰ ਨਿਰੰਤਰ ਰੱਖਣ ਵਾਸਤੇ ਕਿਆ ਲੋੜ ਹੈ।" "ਉਸ ਤੋਂ ਬਾਅਦ ਧੰਨ ਗੁਰੂ ਨਾਨਕ ਦੇਵ ਜੀ ਨੇ, "*ਕਲਿ ਤਾਰਣ ਗੁਰ ਨਾਨਕ ਆਯਾ॥*" ਜੀ ਨੇ ਸਾਨੂੰ ਤੇ ਤੁਹਾਨੂੰ ਸਾਰਿਆਂ ਨੂੰ ਤਾਰਨ ਵਾਸਤੇ ਕਿਉਂਕਿ ਜੋ ਯੁੱਗ ਪੁਰਸ਼ ਹੈ, ਦੋ-ਚਾਰ ਦਸ ਬੰਦਿਆਂ ਲਈ ਨਹੀਂ, ਇੱਕ ਸੰਪ੍ਰਦਾ ਲਈ



ਨਹੀਂ, ਜੋ ਜਗਤ ਗੁਰੂ ਹੈ ਉਹ ਜਗਤ ਦਾ ਉਧਾਰ ਕਰਤਾ ਹੈ। ਜਦੋਂ ਅਕਾਲੀ ਬਾਣੀ ਆਉਂਦੀ, ਈਸ਼ਵਰੀ ਰੱਬੀ ਬਾਣੀ ਆਉਂਦੀ ਤਾਂ ਉਸੇ ਵੇਲੇ ਮਰਦਾਨੇ ਨੂੰ ਹਮੇਸ਼ਾਂ ਹੀ ਇਹ ਗੱਲ ਕਹਿੰਦੇ ਸਨ, ਮਰਦਾਨਿਆ ਬਾਣੀ ਆਈ ਹੈ, ਰਬਾਬ ਵਜਾਓ, ਕੋਈ ਸਾਂਈਂ ਸੱਚੇ ਪਾਤਸ਼ਾਹ ਜੀ ਦੀ ਗੱਲ ਕਰੀਏ, ਪਹਿਲਾਂ ਰਬਾਬ ਵੱਜਦੀ ਸੀ। ਹੁਣ ਆਪ ਜੀ ਸਾਰੇ ਦਰਸ਼ਨ ਕਰਦੇ ਹੋ, ਪਹਿਲਾ ਰਾਗੀ ਸਿੰਘ ਸਾਜ਼ ਵਜਾਉਂਦਾ ਹੈ, ਉਸ ਤੋਂ ਬਾਅਦ ਸ਼ਬਦ ਗਾਉਣਾ ਸ਼ੁਰੂ ਕਰਦਾ ਹੈ, ਭਾਵ ਕਹਿਣ ਤੋਂ ਸਾਜ਼ ਇੱਕ ਬਰਤਨ ਹੈ, ਉਸ ਵਿੱਚ ਸ਼ਬਦ ਇੱਕ ਪਦਾਰਥ ਹੈ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਸਤਿਗੁਰੂ ਜੀ ਨੇ ਰਾਗ ਮਾਲਾ ਵਰਤਾਈ। ਇਹ ਗੱਲ ਜ਼ਰੂਰ ਮੰਨਣੀ ਪਏਗੀ ਕਿ ਪਹਿਲਾਂ ਬਰਤਨ ਆਏਗਾ ਤੇ ਸਾਰਾ ਪਦਾਰਥ ਬਾਅਦ ਵਿੱਚ ਪਵੇਗਾ। ਬਰਤਨ ਸਭ ਤੋਂ ਥੱਲੇ ਆਏਗਾ, ਉਸ ਦੇ ਵਿੱਚ ਪਦਾਰਥ ਪਾਇਆ ਜਾਏਗਾ। ਰਾਗ ਮਾਲਾ ਵਿੱਚ ਗਰੀਬ ਨਿਵਾਜ਼ ਜੀ ਨੇ ਲਗਭਗ 84 ਰਾਗਾਂ ਦੇ ਕਰੀਬ-ਕਰੀਬ ਵਰਤਾਏ ਨੇ ਸਨ। ਰਾਗ ਇੱਕ ਉਸ ਚੀਜ਼ ਦਾ ਨਾਂ ਹੈ ਜਿਹੜਾ ਕਿ ਵਰਤਾਉਣ ਦਾ ਇੱਕ ਸਾਧਨ ਹੈ। ਗਰੀਬ ਨਿਵਾਜ਼ ਨੇ ਅਕਾਲੀ ਬਾਣੀ ਨੂੰ ਪ੍ਰਮੇਸ਼ਰ ਦੇ ਫੁਰਮਾਨ ਨੂੰ ਸਾਡੇ ਤੱਕ ਵਰਤਾਉਣ ਦੇ ਲਈ ਇੱਕ ਸਾਧਨ ਉਪਲਬਧ ਕੀਤਾ ਜਿਸ ਨੂੰ ਤੁਸੀਂ ਅਸੀਂ ਰਾਗ ਨਾਦ ਸੰਗੀਤ ਆਦਿਕ ਲਫ਼ਜ਼ਾਂ ਨਾਲ ਵਰਤਦੇ ਹਾਂ।

ਗਰੀਬ ਨਿਵਾਜ਼ ਨੇ ਕਿਰਪਾ ਕੀਤੀ, ਧੰਨ ਗੁਰੂ ਨਾਨਕ ਸਾਹਿਬ ਜੀ ਨੇ, ਚਾਹੇ ਦੂਜੇ ਨਾਨਕ ਪਾਤਸ਼ਾਹ ਕਹੋ, ਚਾਹੇ ਤੀਜੇ, ਸਤਿਗੁਰੂ ਜੀ ਦਸ ਪਾਤਸ਼ਾਹੀਆਂ ਤੱਕ, ਬਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਕੇਵਲ ਸ਼ੁੱਧ ਰਾਗ ਜਾਂ ਤਤਕਰੇ ਦੇ 31 ਰਾਗ ਆਏ ਹਨ, ਇਸ ਤੋਂ ਇਲਾਵਾ ਇਸ ਦੀਆਂ ਪ੍ਰਕਾਰਾਂ ਤਾਂ ਬਹੁਤ ਨੇ, ਲਗਭਗ 100 ਦੇ ਕਰੀਬ ਨੇ। ਇਨ੍ਹਾਂ 31 ਰਾਗਾਂ ਤੋਂ ਬਾਅਦ ਸਰਬ ਸਤਿਗੁਰੂ ਜੀ ਕਿਰਪਾ ਕਰਨਗੇ ਤਾਂ ਅਸੀਂ ਇਸ ਤੋਂ ਅੱਗੇ ਚੱਲਾਂਗੇ। ਇਹੋ ਜਿਹਾ ਬਰਤਨ ਤਿਆਰ ਕਰਕੇ ਸੰਗਤ ਨੂੰ ਗੁਰਬਾਣੀ ਦਾ ਪ੍ਰਸ਼ਾਦ ਵਰਤਾਉਣ ਦੇ ਲਈ ਬਹੁਤ ਵਧੀਆ ਸਾਧਨ ਹੈ, ਜਿੰਨਾ ਚਿਰ ਸਾਡੇ ਕੋਲ ਬਰਤਨ ਨਹੀਂ ਹੋਵੇਗਾ ਓਨਾ ਚਿਰ ਸਾਡੇ ਅੰਦਰ ਪਦਾਰਥ ਨਹੀਂ ਟਿਕੇਗਾ। ਤੁਸੀਂ ਸ਼ਾਇਦ ਬਹੁਤ ਵਾਰੀ ਇਹ ਸਵਾਲ ਕਰਦੇ ਹੋਵੋਗੇ ਅਰ ਮੇਰੇ ਕੋਲ ਇਹ ਸਵਾਲ ਆਉਂਦੇ ਨੇ ਕਿ ਬਾਬਾ ਜੀ ਬਾਣੀ ਵਿੱਚ ਮਨ ਨਹੀਂ ਲਗਦਾ, ਮੈਂ ਸੋਚਦਾ ਹਾਂ ਭਲਿਆ ਲੋਕਾ ਤੇਰੇ ਕੋਲ ਬਰਤਨ ਨਹੀਂ ਤੇਰੇ ਅੰਦਰ ਨਾਮ ਕਿਵੇਂ ਟਿਕੇ, ਤੇਰੇ ਅੰਦਰ ਬਾਣੀ ਕਿਵੇਂ ਖੜ੍ਹ ਜਾਏ, ਕਿਵੇਂ ਟਿਕੇ, ਬਰਤਨ ਤੋਂ ਬਿਨਾਂ ਤਾਂ ਨਹੀਂ ਨਾ ਟਿਕਦੀ, ਘੱਟੋ-ਘੱਟ ਭਾਵੇਂ ਬਰਤਨ ਕਿਸੇ ਦਾ ਸੋਨੇ ਦਾ, ਕਿਸੇ ਦਾ ਚਾਂਦੀ ਦਾ, ਲੋਹੇ ਦਾ, ਤੇ ਭਾਵੇਂ ਕੜਾਹ ਪ੍ਰਸ਼ਾਦ ਲੈਣ ਵਾਸਤੇ ਬਰਤਨ ਤੁਸੀਂ ਹੱਥ ਦਾ ਹੀ ਬਣਾਉਂਦੇ ਹੋ, ਪਾਤਰ ਦੇ ਬਿਨਾਂ ਤਾਂ ਕੋਈ ਚੀਜ਼ ਨਹੀਂ ਮਿਲਦੀ। ਮੁਰਾਦ ਕਹਿਣ ਤੋਂ ਇਹ ਸੀ ਕਿ ਸਤਿਗੁਰੂ ਜੀ ਨੇ ਸਾਨੂੰ ਸੰਗੀਤ ਉਹ ਦਿੱਤਾ ਜਿਸ ਦਾ ਦੂਸਰਾ ਨਾਮ ਪ੍ਰੇਮ ਹੈ। ਗਰੀਬ ਨਿਵਾਜ਼ ਜੀ ਵੀ ਬਚਨ ਕਰਦੇ ਨੇ *ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ* ਕਿਉਂਕਿ ਪ੍ਰੇਮ ਦਾ ਉਚਾਰਨ ਜੋ ਹੈ, ਅਦਾਇਗੀ ਹੈ, ਪੇਸ਼ਕਾਰੀ ਹੈ, ਅਸੀਂ ਸਤਿਗੁਰੂ ਜੀ ਦੀ ਹਜ਼ੂਰੀ ਭੇਟਾ ਰੱਖਦੇ ਹਾਂ, ਬਾ-ਅਦਬ ਰੱਖ ਦਿੱਤੀ ਜਾਏ, ਸਤਿਕਾਰ ਨਾਲ ਦਿੱਤੀ ਜਾਏ ਭੇਟਾ, ਤਾਂ ਉਸ ਦਾ ਕਿਹੋ ਜਿਹਾ ਅਸਰ ਹੋਵੇਗਾ, ਤੇ ਜੋ ਚਲਾ ਕੇ ਦੂਰੋਂ ਮਾਰ ਦੇਈਏ, ਉਸ ਦਾ ਅਸਰ ਕਿਹੋ ਜਿਹਾ ਹੋਵੇਗਾ, ਕੀਤੀ ਭੇਟਾ ਹੀ ਹੈ ਉਂਞ ਇਸੇ ਤਰ੍ਹਾਂ ਜੇ ਅਸੀਂ ਗੁਰਬਾਣੀ ਨੂੰ ਸੀਨੇ ਵਿੱਚ ਸਤਿਗੁਰੂ ਜੀ ਦੇ ਬਖ਼ਸ਼ੇ ਰਾਗ ਅਨੁਸਾਰ ਪਹੁੰਚਾਵਾਂਗੇ ਤਾਂ ਅਵੱਸ਼ ਟਿਕ ਜਾਏਗੀ, ਸਤਿਗੁਰੂ

ਜੀ ਨੇ ਗੁਰਬਾਣੀ ਦੇ ਵਿੱਚ ਤਰਤੀਬ ਇਸ ਤਰ੍ਹਾਂ ਦਿੱਤੀ ਕਿ ਗੁਰਬਾਣੀ ਨੂੰ ਰਾਗ ਦਾ ਤਿਲਕ ਲਾਇਆ, ਧਿਆਨ ਰੱਖਣਾ ਸਭ ਨੇ, ਪਹਿਲਾਂ ਆਪਾਂ ਰਾਗ ਦਾ ਨਾਂ ਲੈਂਦੇ ਹਾਂ ਜਿਵੇਂ ਸੋਰਠਿ, ਧਨਾਸਰੀ, ਜੈਤਸਰੀ ਇਤਿਆਦਿ ਰਾਗ ਜਿਤਨੇ ਵੀ ਹੈਨ ਪੜ੍ਹਦੇ ਹਾਂ। ਆਪਾਂ ਸੋਰਠਿ ਮਹਲਾ 5, ਭਾਵ ਪਹਿਲਾਂ ਸੋਰਠਿ ਰਾਗ ਦਾ ਨਾਂ ਆਇਆ, ਫਿਰ ਮਹਲੇ ਦਾ, ਗੁਰੂ ਪਾਤਸ਼ਾਹ ਦਾ ਆਪਨਾ ਨਾਂ ਆਇਆ, ਉਸ ਤੋਂ ਬਾਅਦ ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਬਾਣੀ ਰਚੀ, ਤਰਤੀਬ ਕੈਸੇ ਤਰੀਕੇ ਨਾਲ ਦਿੱਤੀ। ਪਰ ਅਸੀਂ ਇਸ ਨੂੰ ਪੜ੍ਹਿਆ ਕਿਵੇਂ ਹੈ। ਸਤਿਗੁਰੂ ਜੀ ਦੇ ਵਿੱਚ ਅਨੰਤ ਗੁਣ ਨੇ ਜਿਨ੍ਹਾਂ ਦੇ ਬਾਰੇ ਇੱਕ ਜੀਅ ਕੀ ਕਹਿ ਸਕਦਾ ਹੈ, ***ਸਤਿਗੁਰੂ ਜੀ ਨੇ ਸਾਨੂੰ ਉਸ ਸੰਗੀਤ ਨਾਲ ਵੀ ਜੋੜਿਆ ਜਿਸ ਵਿੱਚ ਘੋੜੀਆਂ ਨੇ, ਅਲਾਹੁਣੀਆਂ ਨੇ, ਛੰਤ ਨੇ, ਕੁਚੱਜੀ ਹੈ, ਸੁਚੱਜੀ ਹੈ, ਗੁਣਵੰਤੀ ਹੈ ਤੇ ਇਸ ਬਾਰੇ ਸਾਨੂੰ ਕੋਈ ਗਿਆਨ ਨਹੀਂ।***

ਸਤਿਗੁਰੂ ਜੀ ਦੇ ਖ਼ਜ਼ਾਨੇ ਨੂੰ ਅਸੀਂ ਇਉਂ ਦੂਰ ਕੀਤਾ ਆਪਨੇ ਆਪ ਤੋਂ, ਜਿਵੇਂ ਇਸ ਦੀ ਲੋੜ ਨਹੀਂ ਔਰ ਤੁਸੀਂ ਸਾਰੇ ਦੇਖਦੇ ਹੋ, ਆਪਨੇ ਬੱਚਿਆਂ ਨੂੰ ਪੜ੍ਹਾਉਣ ਵੇਲੇ ਹਜ਼ਾਰਾਂ ਲੱਖਾਂ ਰੁਪਏ ਲਗਾ ਕੇ ਪੜ੍ਹਾਉਂਦੇ ਹੋ, ਬੱਚਿਆਂ ਦੇ ਲਈ ਡਾਕਟਰੀ ਕਰਾਉਣ ਦੇ ਵਾਸਤੇ ਲੱਖਾਂ ਰੁਪਏ ਖਰਚ ਕਰਦੇ ਹੋ, ਪਰ ਸਤਿਗੁਰੂ ਜੀ ਦੇ ਨਾਲ ਜੋੜਨ ਵਾਸਤੇ ਕਿੰਨਾ ਖਰਚ ਕਰਦੇ ਹੋ, ਭਲਾ! ਜ਼ਰਾ ਧਿਆਨ ਕਰਨਾ ਆਪਨੀ ਜ਼ਿੰਦਗੀ ਵੱਲ। ਸਤਿਗੁਰੂ ਜੀ ਦੀ ਬਾਣੀ ਨੂੰ ਕਹਿੰਦੇ ਹੋ ਬੱਚੇ ਐਵੇਂ ਸਿੱਖ ਜਾਣਗੇ, ਇਸ ਦੀ ਕੋਈ ਬਹੁਤੀ ਲੋੜ ਨਹੀਂ ਕਿਉਂਕਿ ਜਿਵੇਂ ਬੱਚੇ ਨੇ ਔਗੁਣ ਸਿੱਖਣਾ ਹੋਵੇ ਤਾਂ ਆਪ ਹੀ ਸਿੱਖ ਲੈਂਦਾ ਹੈ, ਤੇ ਗੁਣ ਸਿਖਾਣਾ ਪੈਂਦਾ ਹੈ, ਭਾਵ ਗੁਰਬਾਣੀ ਨੂੰ ਕਿੰਨਾ ਕੁ ਅਸੀਂ ਵਡੇਰਾ ਦਰਜਾ ਦਿੱਤਾ? ਕਦੀ ਸੋਚ ਕੇ ਦੇਖੋ ਕਦੀ ਆਪਨੇ ਜੀਵਨ ਵਿੱਚ, ਅੰਤਰ-ਆਤਮੇ ਧਿਆਨ ਧਰ ਕੇ ਵੇਖੋ ਕਿ ਅਸੀਂ ਗੁਰਬਾਣੀ ਨੂੰ ਕੀ ਸਮਝ ਕੇ ਬਿਹੇਵ ਕਰਦੇ ਹਾਂ ਉਸ ਦੇ ਨਾਲ? ਖ਼ੈਰ ਇਹ ਇੱਕ ਦੂਸਰਾ ਵਿਸ਼ਾ ਹੋ ਜਾਂਦਾ ਹੈ। ਗਰੀਬ ਨਿਵਾਜ਼ ਨੇ ਸਾਨੂੰ ਸੰਗੀਤ ਨਾਲ ਸਾਨੂੰ ਇਹ ਬਰਤਨ ਦਿੱਤਾ ਕਿਵੇਂ ਮੇਰੇ ਸਿੱਖ ਦੇ ਅੰਦਰ ਸ਼ਬਦ, ਰੱਬ ਦੀ ਬਾਣੀ ਟਿਕ ਸਕੇ। ਸਾਰਾ ਸੰਸਾਰ ਵਿਚਰਦਾ ਮੈਂ ਇਹ ਸੁਣਦਾ ਸਾਂ ਕਿ ਉਥੇ ਰਾਗ ਸੁਣਨ ਵਾਸਤੇ ਕੌਣ ਆਏਗਾ ਪਰ ਉਸ ਦੇ ਨਾਲ ਮੇਰਾ ਇੱਕ ਜਵਾਬ ਹੁੰਦਾ ਸੀ ਕਿ ਸੁਣੇ ਬਿਨਾਂ ਜਾਏਗਾ ਕੌਣ। ਉਨ੍ਹਾਂ ਦੀਆਂ ਇਹੋ ਜਿਹੀਆਂ ਅਵਾਜ਼ਾਂ ਸੁਣਦਾ ਸਾਂ।

ਆਪ ਜੀ ਦੀਆਂ ਬਖ਼ਸ਼ਿਸ਼ ਦੇ ਨਾਲ ਹਰ ਮਹੀਨੇ ਕਲਾਸੀਕਲ ਸੁਣਨ ਦਾ ਬਹੁਤਾ ਸਮਾਂ ਮਿਲਦਾ, ਮਹੀਨੇ ਵਿੱਚ ਵੀ ਬਹੁਤ ਵਾਰੀ ਮਿਲ ਜਾਂਦਾ ਮਹੀਨੇ ਬਾਅਦ ਤਾਂ ਹਰ ਦਸਮੀ ਤੇ ਜੋੜ ਮੇਲਾ ਹੁੰਦਾ ਹੀ ਹੈ ਪਰ ਸੰਗਰਾਂਦ ਤੇ ਹਰ ਮਹੀਨੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ। ਉਂਝ ਰੋਜ਼ ਵੀ ਕਾਫੀ ਸਮਾਂ ਮਿਲ ਜਾਂਦੈ ਗੁਰੂ ਮਤ ਅਨੁਸਾਰ ਕੀਰਤਨ ਸੁਣਨ ਦਾ। ਸਤਿਗੁਰੂ ਜੀ ਨੇ ਸਾਨੂੰ ਬਰਤਨ ਦਿੱਤਾ ਹੈ ਸੰਗੀਤ। ਇਸ ਤੋਂ ਆਪਾਂ ਵਿਛੜਨਾ ਨਹੀਂ ਅਗਰ ਵਿਛੜ ਜਾਵਾਂਗੇ ਤਾਂ ਠੀਕ ਨਹੀਂ ਰਹੇਗਾ। ਸਾਡੇ ਅੰਦਰ ਬਾਣੀ ਨਹੀਂ ਟਿਕ ਸਕੇਗੀ ਔਰ ਉਸ ਤੋਂ ਇਲਾਵਾ ਸੰਗੀਤ ਇੱਕ ਸ਼ਕਤੀ ਦਾ ਨਾਂ ਹੈ ਧਿਆਨ ਰੱਖਣਾ ਸੰਗੀਤ ਇੱਕ ਸ਼ਕਤੀ ਦਾ ਨਾਂ ਹੈ, ਧਿਆਨ ਰੱਖਣਾ ਸੰਗੀਤ ਇੱਕ ਸ਼ਕਤੀ ਹੈ ਸਤਿਗੁਰੂ ਜੀ ਨੇ ਸਾਨੂੰ ਦੋ ਨੇਤਰ ਦਿੱਤੇ ਨੇ, ਗਿਆਨ ਦੇ ਜਿਵੇਂ ਤੁਹਾਡੀਆਂ ਦੋ ਅੱਖਾਂ ਦੇ ਵਿੱਚ ਇੱਕ ਰੌਸ਼ਨੀ ਹੈ ਹਰ ਇੱਕ ਮਨੁੱਖ ਨੂੰ ਦੋ ਨੇਤਰ ਦਿੱਤੇ ਨੇ ਪਰ ਦੋ ਨੇਤਰਾਂ ਵਿੱਚ ਦੋ ਨਜ਼ਰਾਂ ਨਹੀਂ। ਦੋ ਅੱਖਾਂ ਵਿੱਚ ਇੱਕ ਨਜ਼ਰ ਵਸਦੀ ਹੈ ਇਸੇ ਤਰ੍ਹਾਂ ਗੁਰੂ ਗਰੀਬ ਨਿਵਾਜ਼ ਜੀ ਵਿੱਚ ਇੱਕ ਸ਼ਬਦ ਹੈ ਇੱਕ ਸੰਗੀਤ ਹੈ। ਦੋ ਨੇਤਰ ਨੇ ਗਿਆਨ ਦੇ ਇਨ੍ਹਾਂ ਦੁਆਰਾ ਜਿੱਥੇ ਇਨ੍ਹਾਂ ਦਾ ਐਂਗਲ ਹੋ ਜਾਏਗਾ, ਉਥੇ



ਈਸ਼ਵਰ ਪ੍ਰਗਟ ਹੋ ਜਾਏਗਾ। ਜਿਸ ਜਗ੍ਹਾ ਜਾ ਕੇ ਕੋਈ ਆਪਨਾ ਐਂਗਲ ਮਿਲਾ ਲਏਗਾ ਉਥੇ ਜਾ ਕੇ ਹਰ ਹਾਲਤ ਵਿੱਚ ਈਸ਼ਵਰ ਪ੍ਰਗਟ ਹੋ ਜਾਏਗਾ, ਦੋ ਨੇਤਰ ਦਿੱਤੇ ਨੇ ਸਾਨੂੰ ਇਨ੍ਹਾਂ ਨੇਤਰਾਂ ਦੁਆਰਾ ਹੀ ਈਸ਼ਵਰ ਦਾ ਦੀਦਾਰ ਕਰਨਾ ਹੋਵੇਗਾ।

ਗੁਰੂ ਗਰੀਬ ਨਿਵਾਜ਼ ਦੇ ਬਚਨਾਂ ਨੂੰ ਆਪਾਂ ਇੰਨੇ ਸੋਹਣੇ ਤਰੀਕੇ ਦੇ ਨਾਲ ਅੰਦਰ ਹਿਰਦੇ ਵਿੱਚ ਬਿਠਾ ਲਈਏ ਜਿਵੇਂ ਹੁਣੇ ***ਮੈਂ ਬੇਨਤੀ ਕਰਦਾ ਸਾਂ ਸੰਗੀਤ ਇੱਕ ਸ਼ਕਤੀ ਹੈ ਪਰ ਜਦੋਂ ਅਸੀਂ ਕਿਤੇ ਵੈਰਾਗ ਦਾ, ਪਿਆਰ ਦਾ ਸੰਗੀਤ ਪੜ੍ਹਦੇ ਹਾਂ ਤਾਂ ਬਦੋ-ਬਦੀ ਪੱਥਰ ਹਿਰਦੇ ਤੋਂ ਵੀ ਅੰਸੂ ਉਤਰ ਆਉਂਦੇ ਨੇ, ਔਰ ਜੇ ਕਿਤੇ ਅਸੀਂ ਸਾਂਈਂ ਦੇ ਪਿਆਰ ਦਾ ਸੰਗੀਤ ਪੜ੍ਹੀਏ ਤਾਂ ਬਦੋ-ਬਦੀ ਹੀ ਮਨੁੱਖ ਦੇ ਅੰਦਰ ਸਾਂਈਂ ਬਾਰੇ ਪਿਆਰ ਹੋ ਜਾਂਦਾ ਹੈ। ਪਰ ਜੇ ਅਸੀਂ ਇਸ ਸੰਗੀਤ ਨੂੰ ਜਿਸ ਤਰ੍ਹਾਂ ਢਾਡੀ ਸਿੰਘ ਵਾਰਾਂ ਗਉਂਦੇ ਨੇ ਵਾਰਾਂ ਗਾਉਣ ਲੱਗ ਜਾਈਏ ਤਾਂ ਮਨੁੱਖ ਅੰਦਰ ਜੋਸ਼ ਵੀ ਪੈਦਾ ਹੁੰਦਾ ਕਿਉਂਕਿ ਸੰਗੀਤ ਵੀ ਇੱਕ ਸ਼ਕਤੀ ਹੈ। ਉਹਦਾ ਆਪਨਾ ਸੁਭਾਓ ਭੀ ਹੈ। ਮਨ ਵੀ ਇੱਕ ਸ਼ਕਤੀ ਹੈ ਏਸ ਨੂੰ ਰੋਕਣ ਵਾਸਤੇ ਸ਼ਕਤੀ ਚਾਹੀਦੀ ਹੈ। ਕਰਾਮਾਤ ਨੂੰ ਕੱਟਣ ਵਾਸਤੇ ਕਰਾਮਾਤ ਚਾਹੀਦੀ ਹੈ। ਲੋਹੇ ਨੂੰ ਕੱਟਣ ਲਈ ਲੋਹਾ ਚਾਹੀਦੈ। ਆਪਾਂ ਸਾਰੇ ਹੀ ਜਾਣਦੇ ਹਾਂ ਸਤਿਗੁਰੂ ਜੀ ਨੇ ਮਨ ਵਰਗੀ ਜਿਹੜੀ ਅਥਾਹ ਚੰਚਲ ਸ਼ਕਤੀ ਹੈ ਉਸ ਨੂੰ ਕੀਲ੍ਹ ਵਾਸਤੇ ਸਾਨੂੰ ਆਪਨਾ ਮੰਤਰ ਤੇ ਸੰਗੀਤ ਦਿੱਤਾ।*** ਮੈਂ ਤਾਂ ਆਮ ਕਈ ਵਾਰ ਬੇਨਤੀ ਕਰਦਾਂ ਕਿ ਜਦੋਂ ਸੰਸਾਰ ਦੇ ਵਿੱਚ ਅਸੀਂ ਇੱਕ ਜੋਗੀ ਨੂੰ, ਬੰਗਾਲੇ ਨੂੰ ਬੀਨ ਵਜਾਉਂਦਿਆਂ ਵੇਖਦੇ ਹਾਂ ਤਾਂ ਉਸ ਦਾ ਕੀ ਅਸਰ ਹੁੰਦਾ ਸੱਪ ਵਰਗਾ ਚੰਚਲ, ਸੱਪ ਵਰਗਾ ਜ਼ਾਲਮ ਜਿਹੜਾ ਆਪਨੇ ਬੱਚੇ ਨੂੰ ਵੀ ਮੁਆਫ਼ ਨਹੀਂ ਕਰਦਾ, ਖਾ ਜਾਂਦਾ ਜੰਮਣ ਵੇਲੇ। ਜਦੋਂ ਕੋਈ ਜੋਗੀ ਸਾਰੰਗ ਰਾਗ ਦੇ ਵਿੱਚ ਬੀਨ ਦੇ ਨਾਲ ਉਸ ਨੂੰ ਆਪਨੇ ਮੰਤਰ ਪੜ੍ਹ ਕੇ ਸੁਣਾਉਂਦਾ ਹੈ ਤਾਂ ਉਸ ਦਾ ਰਿਐਕਸ਼ਨ ਕੀ ਹੈ? ਸਾਹਮਣੇ ਕੀ ਹੁੰਦਾ ਹੈ? ਸ਼ੈਤਾਨ ਚੁੱਪ ਕਰਕੇ ਖੜ੍ਹ ਜਾਂਦਾ, ਕੀਲਿਆ ਜਾਂਦਾ ਪਈ ਜੇ ਗੁਰੂ ਨਾਨਕ ਦਾ ਮੰਤਰ ਮਿਲ ਜਾਏ ਮਨੁੱਖ ਨੂੰ, ਗੁਰੂ ਨਾਨਕ ਦਾ ਮਿਲ ਜਏ ਸੰਗੀਤ, ਫਿਰ ਕੀ ਇਹ ਸ਼ੱਕ ਹੋ ਸਕਦੀ ਹੈ ਕਿ ਸਿੱਖ ਦਾਮਨ ਨਹੀਂ ਲੱਗੇਗਾ। ਬਹੁਤ ਸ਼ੱਕ ਵਾਲੀ ਗੱਲ ਹੋ ਜਾਏਗੀ ਕਿ ਜੇ ਇਹ ਆਖੋਗੇ ਕਿ ਗੁਰੂ ਨਾਨਕ ਦਾ ਮੰਤਰ ਮਨ ਨਹੀਂ ਜੋੜਦਾ। ਕਿਉਂਕਿ ਕਾਮਲ ਮੁਰਸ਼ਦ ਦੀ ਹਜ਼ੂਰੀ ਵਿੱਚ ਕਾਮਲ ਮੁਰੀਦ ਅਵੱਸ਼ ਹੋਇਆ ਕਰਦਾ। ਨਹੀਂ ਤਾਂ ਮੁਰਸ਼ਦ ਨੂੰ ਉਲਾਂਭਾ ਮਿਲਦਾ, ਕਾਮਲ ਨਹੀਂ ਪੈਦਾ ਕੀਤਾ।

ਧਿਆਨ ਰੱਖਣਾ ਪਈ ਸਤਿਗੁਰੂ ਜੀ ਨੇ ਸਾਨੂੰ ਇਹੋ ਜਿਹਾ ਸੰਗੀਤ ਦਿੱਤਾ ਜਿਹੜਾ ਕਿ ਮਨ ਨੂੰ ਕੀਲਦਾ ਹੈ। ਪਰ ਇੱਕ ਗੱਲ ਦਾ ਧਿਆਨ ਰੱਖਣਾ ਕਿ ਸੰਗੀਤ ਮਨ ਨੂੰ ਜੋੜਨ ਤੇ ਤੋੜਨ ਦਾ ਮਾਧਿਅਮ ਭੀ ਹੈ। ਜੇ ਇਹ ਸੰਗੀਤ ਇਸ ਦਰਬਾਰ ਵਿੱਚ ਵੱਜ ਕੇ ਤੁਹਾਨੂੰ ਕੀਲ ਲੈਂਦਾ ਹੈ ਪਰ ਜੇ ਕਿਤੇ ਇਹ ਸੰਗੀਤ ਵੇਸਵਾ ਦੇ ਦਰ ’ਤੇ ਵੱਜਣ ਵਾਸਤੇ ਚਲਾ ਜਾਵੇ ਤਾਂ ਫਿਰ ਮਨ ਤੋੜ ਵੀ ਦੇਵੇਗਾ। ਜਿਤਨਾ ਇਹਦਾ ਲਾਭ ਹੈ ਉਤਨਾ ਨੁਕਸਾਨ ਹੈ ਤੋੜਨ ਤੇ ਜੋੜਨ ਦਾ। ਮੰਜ਼ਿਲ ਨਾਲ ਰਸਤਾ ਜੋੜਦਾ ਵੀ ਹੈ ਪਰ ਮੰਜ਼ਿਲ ਤੋਂ ਰਸਤਾ ਤੋੜਦਾ ਵੀ। ਜਦੋਂ ਤੁਸੀਂ ਇਸ ਅਸਥਾਨ ਵੱਲ ਆਏ ਹੋ ਮੂੰਹ ਕਰਕੇ, ਚਿਹਰਾ ਕਰਕੇ ਸਨਮੁਖ ਹੋ ਕੇ, ਤਾਂ ਉਹ ਦਾ ਰਿਜ਼ਲਟ ਕੀ ਹੋਇਆ ਕਿ ਮੰਜ਼ਿਲ ਮਿਲ ਗਈ ਪਰ, ਜਦੋਂ ਹੁਣ ਜਾਉਗੇ ਨਾ ਜਦੋਂ ਪਿੱਠ ਕਰ ਜਾਉਗੇ ਮੰਜ਼ਿਲ ਵੱਲ, ਤਾਂ ਵਿਛੜ ਵੀ ਜਾਉਗੇ। ਧਿਆਨ ਰੱਖਣਾ ਜਦੋਂ ਪਿੱਠ ਕਰ ਜਾਉਗੇ ਤੇ ਇਹਦੇ ਵੱਲ ਤੇ ਇਹਦੇ ਕੋਲੋਂ ਵਿਛੜ ਵੀ ਜਾਉਗੇ। ਭਾਵ ਜਿਵੇਂ ਰਸਤਾ ਇੱਕ ਮਾਧਿਅਮ ਹੈ ਜੋੜਨ ਤੇ ਤੋੜਨ ਦਾ ਇਸ ਤਰ੍ਹਾਂ ਸੰਗੀਤ ਵੀ ਮਨੁੱਖੀ ਮਨ ਨੂੰ ਮਾਇਆ

ਵਿੱਚ ਜਕੜੇ ਮਨ ਨੂੰ ਤੋੜਨ ਤੇ ਜੋੜਨ ਦਾ ਸਾਧਨ ਹੈ। ਪਰ ਸਤਿਗੁਰੂ ਜੀ ਨੇ ਆਪਣੀ ਹਰ ਰਚਨਾ ਦੇ ਉੱਤੇ ਹਰ ਆਪਣੇ ਸ਼ਬਦ ਦੇ ਉੱਤੇ ਮੋਹਰ ਲਾ ਦਿੱਤੀ ਕਿ ਇਹ ਜਿਹੜੀ ਮੇਰੀ ਰਚਨਾ ਹੈ, ਐਹ ਜਿਹੜਾ ਮੇਰਾ ਸ਼ਬਦ ਹੈ, ਚਾਹੇ ਉਹ ਅਸ਼ਟਪਦੀ ਦਾ ਰੂਪ ਹੈ, ਚਾਹੇ ਛੰਤ ਦਾ ਰੂਪ ਹੈ, ਚਾਹੇ ਸਲੋਕ ਦਾ ਹੈ, ਉਸ ਦੀ ਤਰਜ਼ ਲਿਖੀ, ਟਿਊਨ, ਜਿਸ ਨੂੰ ਅਸੀਂ ਰਾਗ ਕਹਿੰਦੇ ਹਾਂ, ਜਿਵੇਂ ਤੁਸੀਂ ਅੱਜ ਸੁਣ ਹੀ ਰਹੇ ਹੋ। ਪਰ ਜੇ ਰਚਨਾ ਸੋਰਠਿ ਰਾਗ ਵਿੱਚ ਹੋਵੇ ਗਾਈਏ ਉਹ ਨੂੰ ਜੈਤਸਰੀ ਵਿੱਚ ਤਾਸੀਰ ਨਹੀਂ ਰਹੇਗੀ। ਸਤਿਗੁਰੂ ਜੀ ਨੇ ਹਰ ਰਚਨਾ ਆਪਣੀ ਦੇ ਉੱਤੇ ਉਹਦਾ ਸਿਰਲੇਖ ਲਿਖਿਆ ਹੈ, ਹੈਡਿੰਗ ਲਿਖਿਆ ਹੈ, ਸੰਗੀਤ ਲਿਖਿਆ ਹੈ ਤੇ ਤਰਜ਼ ਲਿਖੀ ਹੈ ਟਿਊਨ ਲਿਖੀ ਹੈ ਕਦਾਚਿੱਤ ਨਹੀਂ ਭੁਲਾਉਣਾ ਚਾਹੀਦਾ ਇਸ ਗੱਲ ਨੂੰ ਕਿਉਂਕਿ ਜੇ ਅਸੀਂ ਉਸ ਦੀ ਟਿਊਨ ਬਦਲ ਦਿਆਂਗੇ ਤੇ ਉਸਦਾ ਸੰਗੀਤ ਬਦਲ ਦਿਆਂਗੇ ਉਸ ਦਾ ਅਸਰ ਬਦਲ ਜਾਏਗਾ।

ਇੱਕ ਸੰਗੀਤ ਉਹ ਹੈ ਜਿਹੜਾ ਇੱਥੇ ਬਾਰਸ਼ ਪਾਉਣ ਦੀ ਸਮਰੱਥਾ ਰੱਖਦਾ ਹੈ, ਮੇਘ ਮਲ੍ਹਾਰ, ਪਰ ਇੱਕ ਸੰਗੀਤ ਦੀਪਕ ਵੀ ਹੈ, ਉਹ ਅੱਗ ਵੀ ਲਾ ਦਿੰਦਾ ਹੈ। ਇੱਕ ਸ਼ਾਂਤੀ ਕਰਨ ਦਾ ਵੀ ਸਾਧਨ ਹੈ, ਇੱਕ ਆਸ਼ਾਂਤੀ ਪੈਦਾ ਕਰਨ ਦਾ ਵੀ ਸਾਧਨ ਹੈ। ਇਸ ਕਰਕੇ ਆਪ ਜੀ ਨੇ ਉਸ ਸੰਗੀਤ ਨਾਲ ਸੰਬੰਧਤ ਹੋਣਾ ਜਿਸ ਨੂੰ ਅਸੀਂ ਗੁਰਮਤਿ ਸੰਗੀਤ ਕਹਿੰਦੇ ਹਾਂ। ਗੁਰਮਤਿ ਦਾ ਸੰਗੀਤ ਗੁਰੂ ਨਾਨਕ ਦਾ ਸੰਗੀਤ। ਜਿਸ ਸ਼ਬਦ ਨੂੰ ਜਿਸ ਰਾਗ ਵਿੱਚ ਪਾ ਕੇ ਮੇਰੇ ਗਰੀਬ ਨਿਵਾਜ਼ ਜੀ ਨੇ ਗਾ ਕੇ ਸਾਨੂੰ ਸਿੱਖਿਆ ਦੇ ਦਿੱਤੀ ਸੇਧ ਦਿੱਤੀ ਹੈ, ਆਪਾਂ ਉਸੇ ਰਾਹ ’ਤੇ ਚੱਲ ਕੇ ਆਪਣੇ ਜੀਵਨ ਨੂੰ ਸਫਲਾ ਕਰਨਾ ਹੈ ਨਾ ਕਿ ਮਨ ਆਈਆਂ ਤਰਜ਼ਾਂ ਪੜ੍ਹ ਕੇ। ਵੈਸੇ ਤਾਂ ਸਾਂਈਂ ਨਾਲ ਜੁੜਨ ਦੇ ਲਈ ਜਿਵੇਂ ਵੀ ਸੰਗੀਤ ਗਾਇਆ ਜਾਏ, ਸਾਰੇ ਪ੍ਰਵਾਨ ਨੇ ਪਰ ਜਿਹੜੀਆਂ ਗਰੀਬ ਨਿਵਾਜ਼ ਨੇ ਮੋਹਰਾਂ ਲਾਈਆਂ ਹੋਈਆਂ ਨੇ, ਐਸਾ ਸ਼ਬਦ ਨੂੰ ਐਸ ਰਾਗ ਵਿੱਚ ਪੜ੍ਹਨਾ ਸਾਨੂੰ ਉਹ ਨੂੰ ਤਬਦੀਲ ਨਹੀਂ ਕਰਨਾ ਚਾਹੀਦਾ। ਕਿਉਂਕਿ ਸਾਨੂੰ ਸਤਿਗੁਰੂ ਜੀ ’ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਬਈ ਠੀਕ ਨਹੀਂ ਲਿਖਿਆ। ਕਿੰਤੂ ਹੋ ਜਾਏਗੀ ਗੁਰੂ ’ਤੇ ਅਗਰ ਉਹ ਦੇ ਲਈ ਜਗ੍ਹਾ ਬਦਲ ਦਿਆਂਗੇ ਇਹਦਾ ਮਤਲਬ ਇਹ ਹੋਇਆ ਕਿ ਗੁਰੂ ਸਾਹਿਬ ਜੀ ਨੇ ਉਹ ਦੀ ਟਿਊਨ ਲਿਖੀ ਹੈ, ਰਾਗ ਲਿਖਿਆ ਠੀਕ ਨਹੀਂ ਲਿਖਿਆ। ਕਿਆ ਮਨੁੱਖੀ ਮਨ ਦੀ ਜੋ ਸੋਚ ਹੋਏਗੀ ਗੁਰੂ ਨਾਨਕ ਸਾਹਿਬ ਦੀ ਰੂਹਾਨੀਅਤ ਤੋਂ ਉੱਤੇ ਜਾਏਗੀ?

ਕੀ ਸੋਚ ਹੈ ਸਾਡੀ? ਤੇ ਇਸ ਵਾਸਤੇ ਗਰੀਬ ਨਿਵਾਜ਼ ਨੇ ਸਾਨੂੰ ਇਸ ਤਰੀਕੇ ਨਾਲ ਜੋੜਿਆ, ਅਸੀਂ ਉਸੇ ਤਰੀਕੇ ਨਾਲ ਰਸਤੇ ’ਤੇ ਚੱਲ ਕੇ ਮੰਜ਼ਿਲ ਤੱਕ ਪਹੁੰਚ ਸਕਾਂਗੇ ਔਰ ਸਾਰਿਆਂ ਨੇ ਸਦਾ ਵਾਸਤੇ ਆਪਣੇ ਜੀਵਨ ਨੂੰ ਇਹੋ ਜਿਹੀ ਖੁਰਾਕ ਦੇਣੀ। ਸਤਿਗੁਰੂ ਜੀ ਦੇ ਬਚਨ ਤੋਂ ਲਾਂਭੇ ਨਹੀਂ ਜਾਣ ਦੀ ਕੋਸ਼ਿਸ਼ ਨਹੀਂ ਕਰਨੀ। ਗਰੀਬ ਨਿਵਾਜ਼ ਅਨੁਸਾਰ ਦੱਸੇ ਮਾਰਗ ਅਨੁਸਾਰ ਹੀ ਚੱਲਣਾ ਹੋਏਗਾ ਤਾਂ ਹੀ ਸਾਨੂੰ ਉਸ ਦਾ ਪੂਰਾ ਫਾਇਦਾ ਹੋ ਸਕਦਾ ਹੈ ਤਾਂ ਹੀ ਇਹ ਧੁਰ ਕੀ ਬਾਣੀ ਮਨੁੱਖ ਦੇ ਮਨ ਨੂੰ ਮਾਇਆ ਵਿੱਚ ਜਕੜੇ ਹੋਏ ਨੂੰ ਆਪਣੇ ਵੱਲ ਖਿੱਚ ਲਏਗੀ ਕਿਉਂਕਿ ਈਸ਼ਵਰੀ ਸੱਦ ਹੈ ਇਹ ਜੋ ਧੁਰ ਕੀ ਬਾਣੀ ਹੈ ਇਹ ਰੱਬ ਦੀ ਸੱਦ ਹੈ, ਰੱਬ ਦੀ ਆਵਾਜ਼ ਹੈ। ਜਿਧਰੋਂ ਆਵਾਜ਼ ਆਈ ਸਾਡਾ ਮਨ ਉਸ ਪਾਸੇ ਵੱਲ ਚਲਾ ਜਾਏਗਾ।

ਧਿਆਨ ਰੱਖਣਾ ਇੱਕ ਹੋਰ ਗੱਲ ਮੈਨੂੰ ਯਾਦ ਆ ਗਈ ਕਿ ਈਸ਼ਵਰੀ ਸਦ- ਜਿਹੜੇ



ਬੰਦੇ ਨਾਮ ਨੂੰ ਜਪਕੇ ਨਾਮੀ ਨੂੰ ਮਿਲੇ ਜਿਵੇਂ ਭਗਤਾਂ ਦੀ ਬਾਣੀ ਆਉਂਦੀ ਹੈ ਜਾਂ ਗੁਰਸਿੱਖਾਂ ਦੀ ਬਾਣੀ ਆਉਂਦੀ ਹੈ ਗੁਰੂਆਂ ਪੀਰਾਂ ਦੀ ਬਾਣੀ ਆਉਂਦੀ ਹੈ ਆਦਿ ਗੁਰੂ ਧੰਨ ਗੁਰੂ ਨਾਨਕ ਸਾਹਿਬ ਜੀ *“ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥”* ਆਦਿ ਗੁਰੂ ਹੈ। ਬਾਕੀ ਜਿਤਨੇ ਗੁਰੂ ਨੇ ਉਹ ਨਾਦੀ ਗੁਰੂ ਨੇ। ਧਿਆਨ ਰੱਖਣਾ ਉਹ ਗੁਰੂ ਬਣਾਏ ਗਏ ਨੇ ਗੁਰੂ ਥਾਪੇ ਗਏ ਨੇ। ਪਰ ਧੰਨ ਗੁਰੂ ਨਾਨਕ ਸਾਹਿਬ ਜੀ ਨੂੰ ਕਿਸੇ ਨੇ ਗੁਰੂ ਨਹੀਂ ਬਣਾਇਆ ਆਦਿ ਗੁਰੂ ਹੈ। ਜਿਹੜੇ ਨਾਮੀ ਨੂੰ ਮਿਲੇ ਨੇ ਨਾਮ ਜਪਦੇ ਪਰ ਜਦੋਂ ਨਾਮੀ ਨੂੰ ਮਿਲੇ, ਨਾਮੀ ਨੇ ਇੱਕ ਮੈਸਿਜ਼ ਦਿੱਤਾ, ਸੰਦੇਸ਼ ਦਿੱਤਾ ਆਪਣਾ ਬਈ ਐ ਜੀਵ ਮੇਰੇ ਕੋਲੋਂ ਵਿਛੜ ਕੇ ਚਲੇ ਗਏ ਨੇ, ਮੈਨੂੰ ਭੁੱਲ ਗਏ, ਮੇਰੀ ਉਂਗਲ ਛੱਡ ਗਏ ਨੇ, *“ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥”* ਐਸੀ ਅਵਸਥਾ ਇਸ ਨੇ ਧਾਰਨ ਕਰ ਲਈ ਉਨ੍ਹਾਂ ਵਾਸਤੇ ਮੇਰੀ ਇਹ ਸੱਦ ਲੈ ਜਾ। ਇਹ ਮੇਰੀ ਆਵਾਜ਼ ਉਨ੍ਹਾਂ ਨੂੰ ਪਹੁੰਚਾ ਦਈਂ। ਇਸ ਆਵਾਜ਼ ਦੇ ਥਰੂ ਮੇਰੇ ਤੱਕ ਪਹੁੰਚਣਗੇ। ਉਹ ਵਾਪਸ ਮੇਰੇ ਤੱਕ ਪਹੁੰਚ ਜਾਣਗੇ। ਇਹ ਇੱਕ ਮੇਰਾ ਐਡਰੈਸ ਹੈ।

ਤੁਸੀਂ ਸੋਚਦੇ ਹੋਵੋਗੇ ਕਿ ਰਵਿਦਾਸ ਵਰਗਾ ਜੋੜੇ ਗੰਢਣ ਵਾਲਾ, ਨਾਮਦੇਵ ਜੀ ਵਰਗਾ ਚੰਦੇ ਛਾਪਣ ਵਾਲਾ, ਸਧਨੇ ਕਸਾਈ ਵਰਗਾ, ਧੰਨੇ ਜੱਟ ਵਰਗਾ ਇਤਿਆਦਿ, ਜਿੰਨੇ ਵੀ ਭਗਤ ਹੋਏ ਹਨ ਸਾਰੇ ਇਕਦਮ ਅਨਪੜ੍ਹਤਾ ਦੇ ਜੀਵਨ ਵਿੱਚ ਵਿਚਰਨ ਵਾਲੇ। ਭਲਾ ਉਨ੍ਹਾਂ ਨੂੰ ਰਾਗ ਦੀ ਕੀ ਸਮਝ ਸੀ, ਪਰ ਗੱਲ ਜਦੋਂ ਰੱਬ ਦੀ ਆਈ ਹੈ ਤਾਂ ਰਾਗ ਵਿੱਚ ਹੀ ਆਈ ਹੈ। ਰਾਗ ਤੋਂ ਬਿਨਾਂ ਕੋਈ ਬੋਲੀ ਨਹੀਂ, ਬੋਲੀ, ਭਾਵ ਰੱਬ ਜਦੋਂ ਕੁਝ ਬੋਲਿਆ ਕਦੀ ਤਾਂ ਰਾਗ ਵਿੱਚ ਬੋਲਿਆ। ਇੱਥੋਂ ਸਿੱਧ ਹੁੰਦਾ ਹੈ ਕਿ ***ਪ੍ਰਮੇਸ਼ਰ ਦਾ ਜਿਹੜਾ ਆਪਣਾ ਪਿਆਰ ਹੈ ਉਹ ਰਾਗ ਹੀ ਹੈ। ਰਾਗ ਨਾਲ ਹੀ ਬੋਲਦਾ, ਜਦੋ ਵੀ ਰੱਬ ਬੋਲਦਾ, ਰਾਗ ਵਿੱਚ ਬੋਲਦਾ ਜਦੋਂ ਵੀ ਈਸ਼ਵਰ ਬੋਲਿਆ ਰਾਗ ਵਿੱਚ ਹੀ ਬੋਲਿਆ। ਤਾਂ ਫਿਰ ਸਿੱਖ ਨੂੰ ਵੀ ਸੁਭਾਅ ਬਣਾ ਲੈਣਾ ਚਾਹੀਦਾ ਕਿ ਰਾਗ ਵਿੱਚ ਹੀ ਬੋਲੇ। ਗਾਉਣ ਵੇਲੇ ਰਾਗ ਵਿੱਚ ਹੀ ਗਾਏ, ਕਿੰਨਾ ਚੰਗਾ ਹੋ ਜਾਵੇ ਫਿਰ ਗੁਰੂ ਦਾ ਬਚਨ ਮੰਨਿਆ ਜਾਏਗਾ। ਫਿਰ ਇਸ ਸਿੱਖ ਹੋ ਜਾਏਗਾ।*** ਸਤਿਗੁਰੂ ਜੀ ਦੀ ਸਿੱਖਿਆ ਦਾ ਅਧਿਕਾਰੀ ਹੋ ਸਕੇਗਾ ਔਰ ਦਾਤ ਇਹ ਨੂੰ ਪ੍ਰਾਪਤ ਹੋ ਸਕੇਗੀ। ਇਸ ਵਾਸਤੇ ਗੁਰੂ ਜੀ ਨੇ ਸਾਨੂੰ ਸਦਾ ਹੀ ਓਸ ਮਾਰਗ ’ਤੇ ਚਲਾਇਆ ਜਿਹ ਦੇ ਨਾਲ ਮੰਜ਼ਿਲ ਆਉਂਦੀ ਉਸ ਪਾਸੇ ਵੱਲ ਸਾਡਾ ਮੂੰਹ ਕੀਤਾ, ਚਿਹਰਾ ਕੀਤਾ। ਜਿਸ ਪਾਸੇ ਵੱਲ ਮੰਜ਼ਿਲ ਆਉਂਦੀ, ਉਸ ਮੰਜ਼ਿਲ ਦੇ ਸਨਮੁਖ ਕੀਤਾ, ਉਹ ਸਾਧਨ ਬਖ਼ਸ਼ਿਸ਼ ਕੀਤਾ ਜਿਹਦੇ ਨਾਲ ਮੰਜ਼ਿਲ ਆਉਣੀ ਹੈ ਇਸ ਕਰਕੇ ਧਿਆਨ ਰੱਖਣਾ ਕਿ ਸਾਨੂੰ ਇਹ ਰਸਤਾ ਕਦੀ ਨਹੀਂ ਤਿਆਗਣਾ ਚਾਹੀਦਾ। ਠੀਕ ਹੈ ਬਈ ਸਾਂਈਂ ਦੀ ਬੰਦਗੀ ਗੁਰੂ ਸਾਹਿਬ ਜੀ ਬਚਨ ਕਰਦੇ ਨੇ *“ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ॥”* ਪਾ ਜਿਵੇਂ ਵੀ ਲਈਏ ਹਿਰਦਿਓਂ ਪਿਆਰ ਹੋਣਾ ਚਾਹੀਦਾ ਇਹ ਸੁਣਿਆਂ ਵੀ ਉਧਾਰ ਕਰਦੀ ਹੈ ਤੇ ਪੜ੍ਹਿਆਂ ਵੀ ਕਰਦੀ ਹੈ।

ਧਰਤੀ ਵਿੱਚ ਬੀਜ ਸੁੱਟਦਾ ਹੈ ਜ਼ਿਮੀਦਾਰ, ਉਹ ਨੇ ਦਾਣੇ ਕਦੇ ਸਿੱਧੇ ਕਰਕੇ ਨਹੀਂ ਪਾਏ। ਇੱਕ-ਇੱਕ ਸਿੱਧਾ ਕਰਕੇ ਦਾਣਾ ਨਹੀਂ ਪਾਇਆ, ਛਿੱਟਾ ਦਿੱਤਾ ਗਿਆ ਜਿਵੇਂ ਵੀ ਡਿੱਗ ਪਏ ਉਵੇਂ ਹੀ ਜੰਮ ਪੈਂਦੇ ਨੇ, ਜਾਂ ਜੰਮ ਕੇ ਥੱਲੇ ਵੱਲ ਨਹੀਂ ਜਾਂਦੇ। ਜਿਹੜੇ ਪੁੱਠੇ ਦਾਣੇ ਡਿੱਗਦੇ ਨੇ ਉਹ ਜੰਮ ਕੇ ਕਦੇ ਵੀ ਥੱਲੇ ਵੱਲ ਨਹੀਂ ਗਏ। ਜੰਮ ਕੇ ਉੱਪਰ ਵੱਲ ਹੀ ਗਏ। ਇਵੇਂ ਹੀ ਈਸ਼ਵਰ ਦੀ ਜਿਹੜੀ ਖਿੱਚ ਹੈ ਨਾ, ਆਵਾਜ਼ ਹੈ, ਜਦੋਂ ਵੀ ਜਾਏਗੀ ਨਿਰੰਕਾਰ

ਦੇ ਦੇਸ਼ ਜਾਏਗੀ। ਆਪ ਜੀ ਨੇ ਮੇਰੇ ਜਿਹੇ ਗਰੀਬ ’ਤੇ ਅਥਾਹ ਕਿਰਪਾ ਕਰਕੇ ਗਰੀਬ ਨਿਵਾਜ਼ੀ ਕੀਤੀ। ਆਪ ਜੀਆਂ ਦਾ ਸੀਨੇ ਦੀ ਗਹਿਰਾਈ ’ਚੋਂ, ਸੀਨੇ ਦੀ ਡੂੰਘਾਈ ’ਚੋਂ, ਬਹੁਤ ਜ਼ਿਆਦਾ ਲੰਬੇ ਸ਼ਬਦ ਨਹੀਂ ਕਹਿ ਸਕਾਂਗਾ ਜਿੰਨਾ ਸਤਿਕਾਰ ਕਰਦਾ ਹਾਂ।

ਹਾਂ, ਇਹ ਸਾਬਤ ਹੋ ਗਿਆ ਪਈ ਰਾਗ ਨੂੰ ਛੱਡ ਕੇ ਕੋਈ ਨਹੀਂ ਜਾਂਦਾ, ਜਾ ਨਹੀਂ ਸਕਦਾ। ਜਿਥੇ ਇਹ ਗੱਲ ਕਹੀ ਜਾਂਦੀ ਸੀ ਕਿ ਰਾਗ ਕੌਣ ਸੁਣੇਗਾ? ਉਥੇ ਹੁਣ ਇਹ ਗੱਲ ਹੋ ਗਈ ਕਿ ਰਾਗ ਕੌਣ ਨਹੀਂ ਸੁਣੇਗਾ? ਕੌਣ ਨਹੀਂ ਸੁਣੇਗਾ? ਹਰ ਕੋਈ ਸੁਣੇਗਾ ਕਿਉਂਕਿ ਰਾਗ ਇੱਕ ਵਿਸ਼ਵ ਭਾਸ਼ਾ ਹੈ। ***ਇੱਕ ਜ਼ਾਤੀ ਦੀ, ਇੱਕ ਦੇਸ਼ ਦੀ, ਕਿਸੇ ਸੰਪ੍ਰਦਾਇ ਦੀ ਜਾਂ ਕਿਸੇ ਧਰਮ ਦੀ ਭਾਸ਼ਾ ਨਹੀਂ। ਸੰਗੀਤ ਇੱਕ ਉਹ ਭਾਸ਼ਾ ਹੈ ਜੋ ਵਿਸ਼ਵ ਭਾਸ਼ਾ ਹੈ, ਇਸ ਨੂੰ ਇਹ ਤੁਹਾਡੇ ਕੋਲ ਜਿਹੜੇ ਪੌਦੇ ਲੱਗੇ ਨੇ, ਆਹ ਮੇਰੇ ਪਿਛਲੇ ਪਾਸੇ ਵੀ ਲੱਗੇ ਨੇ ਪੌਦੇ, ਇਹ ਭੀ ਸੁਣਨਾ ਚਾਹੁੰਦੇ ਨੇ। ਇਹ ਭੀ ਸ਼ਾਂਤੀ ਮਹਿਸੂਸ ਕਰਦੇ ਨੇ।ਔਰ ਇਹ ਭੀ ਪ੍ਰਫੁਲਤ ਹੁੰਦੇ ਨੇ, ਇਨ੍ਹਾਂ ਵਿੱਚ ਵੀ ਵਧੇਰਾ ਰਸ ਭਰਦਾ ਹੈ। ਇਸ ਤੋਂ ਇਲਾਵਾ ਜਾਨਵਰ ਵੀ, ਪਸ਼ੂ ਵੀ ਵਧੇਰਾ ਦੁੱਧ ਦਿੰਦੇ ਨੇ, ਉਹ ਭੀ ਮਸਤ ਹੋ ਜਾਂਦੇ ਨੇ, ਇਥੇ ਹੀ ਬਸ ਨਹੀਂ ਸੱਪ ਵੀ ਹੋ ਜਾਂਦੇ ਨੇ, ਪੱਥਰ ਵੀ ਹੋ ਜਾਂਦੇ ਨੇ, ਫਿਰ ਇੱਕ ਮਨੁੱਖ ਕਿਉਂ ਨਹੀਂ ਹੋ ਸਕਦਾ? ਗੁਰੂ ਨਾਨਕ ਦਾ ਸੰਗੀਤ ਸੁਣ ਕੇ ਮਨੁੱਖ ਕਿਉਂ ਨਹੀਂ ਹੋ ਸਕਦਾ? ਹੋ ਸਕਦਾ ਹੈ ਪਰ ਜੇ ਕੀਤਾ ਜਾਏਗਾ ਜਿਵੇਂ ਆਪ ਜੀ ਸਾਰੇ ਕੀਲੇ ਗਏ। ਇਸੇ ਤਰ੍ਹਾਂ ਕੀਲੇ ਜਾਉਗੇ, ਜੇ ਵਾਰ-ਵਾਰ ਸੁਣੋਗੇ।***

ਇਸ ਕਰਕੇ ਆਪ ਜੀ ਨੇ ਜਿਹੜਾ ਸਹਿਯੋਗ ਦਿੱਤਾ ਹੈ ਮੈਂ ਆਪ ਜੀ ਦਾ ਬਸ, ਜਿਵੇਂ ਪਹਿਲਾਂ ਬੇਨਤੀ ਕੀਤੀ ਹੈ, ਸੀਨੇ ਦੀ ਡੂੰਘਾਈ ’ਚੋਂ ਧੰਨਵਾਦੀ ਹਾਂ।ਹਰ ਇੱਕ ਦਾ ਔਰ ਬਾਕੀ ਵੀ ਜਿੰਨੇ ਰਾਗੀ ਆਏ ਨੇ ਇਨ੍ਹਾਂ ਦੀ ਦੇਖੋ ਕੈਸੀ ਪ੍ਰਮੇਸ਼ਵਰ ਨੇ ਗਿਣਤੀ ਕੀਤੀ, ਪਈ ਜਦੋਂ ਗਰੀਬ ਨਿਵਾਜ਼ ਨੇ ਬਾਣੀ ਰਚੀ ਤਾਂ ਉਹ ਦੇ ਵਿੱਚ ਬਾਵਨ ਅੱਖਰੀ ਰੱਖੀ ਤੇ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਨੇ ਗਵਾਲੀਅਰ ਦੇ ਕਿਲੋ ਵਿੱਚੋਂ ਕੈਦੀ ਛੁਡਾਏ ਸਨ, ਬੰਧਨ ਵਿੱਚ ਪਏ ਛੁਡਾਏ ਸਨ ਉਹ ਵੀ ਲੋਕ 52 ਵੀ ਹਨ, 52 ਕਲੀਆਂ ਵਾਲਾ ਚੋਲਾ ਪਾਇਆ ਸੀ। ਉਸ ਤੋਂ ਬਾਅਦ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਸਨ। ਔਰ ਅੱਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਹ ਸਿੱਖ ਜਗਤ ਦੀ ਝੋਲੀ ਵਿੱਚ ਖ਼ਜ਼ਾਨਾ ਪਾਇਆ ਤਾਂ 52 ਹੀ ਰਾਗੀ ਮਿਲੇ ਸਨ। ਸਾਨੂੰ ਕੋਈ ਤਾਂ ਚਿੱਟੀਆਂ ਕੰਧਾਂ ਨਾਲ ਜੋੜ ਦਿੰਦਾ, ਪਈ ਸੰਗਮਰਮਰ ਲਗਦੈ, ਸੰਗਮਰਮਰ ਲਾਉਣਾ, ਕੋਈ ਸ਼ਾਮਿਆਨੇ ਨਾਲ ਜੋੜ ਦਿੰਦਾ, ਵੈਸੇ ਸਭ ਚੰਗਾ, ਮੁਬਾਰਕ! ਮੇਰੇ ਗਰੀਬ ਨਿਵਾਜ਼ ਦੇ ਉੱਚੇ ਮੰਦਿਰ ਭਾਵੇਂ ਹੀਰੇ ਜਵਾਹਰਾਤ ਨਾਲ ਜੜੇ ਜਾਣ, ਮੁਬਾਰਕ ਨੇ, ਪਰ ਮੰਦਿਰ ਨਾਲ ਨਹੀਂ ਜੁੜਨਾ ਅੰਦਰ ਨਾਲ ਜੁੜਨੈ, ਜਿਹੜੀ ਸਾਡੀ ਜੁੜਨ ਦੀ ਥਾਂ ਹੈ ਮੰਦਿਰ ਵਿੱਚ ਬੈਠਾ ਜਿਹੜਾ ਮਕਾਂ ਨਹੀਂ, ਕੋਈ ਮਕੀਂ ਬੈਠਾ ਉਹ ਦੇ ਨਾਲ ਜੁੜਨਾ ਹੈ, ਮਾਲਕ ਨਾਲ ਜੁੜਨਾ ਹੈ। ਇਸ ਗੱਲ ਤੋਂ ਸਦਾ ਸੁਚੇਤ ਰਹਿਣਾ। ਮੇਰੀਆਂ ਭੁੱਲਾਂ ਗ਼ਲਤੀਆਂ ਨੂੰ ਬਖ਼ਸ਼ਦੇ ਹੋਏ ਮੇਰੇ ਨਾਲ ਫ਼ਤਿਹ ਦੀ ਸਾਂਝ ਕਰੋ ਜੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥





# ਗਾਵਹੁ ਸੁਣਹੁ ਪੜਹੁ ਨਿਤ ਭਾਈ

ਪ੍ਰੋ. ਗੁਰਭਜਨ ਗਿੱਲ

ਜਿੰਨੀ ਲਾਪਰਵਾਹੀ ਨਾਲ ਪੰਜਾਬੀ ਆਪਣੇ ਵਿਰਸੇ ਵੱਲ ਕੰਡ ਕਰਦੇ ਹਨ, ਧਰਤੀ ਦੀ ਕਿਸੇ ਨੁੱਕਰੇ ਸ਼ਾਇਦ ਹੀ ਕਿਤੇ ਅਜਿਹੇ ਅਲਗਰਜ਼ ਲੋਕ ਵਸਦੇ ਹੋਣ। ਸ਼ਾਇਦ ਇਸੇ ਅਲਗਰਜ਼ੀ ਵੱਲ ਵੇਖ ਕੇ ਹੀ ਕਿਸੇ ਨੇ ਆਖਿਆ ਸੀ ਕਿ ਪੰਜਾਬੀ ਲੋਕ ਇਤਿਹਾਸ ਸਿਰਜ ਸਕਦੇ ਹਨ, ਆਪਣਾ ਇਤਿਹਾਸ ਖ਼ੁਦ ਲਿਖ ਨਹੀਂ ਸਕਦੇ। ਇਹ ਕੈਸਾ ਰੂਪ ਹੈ ਜੋ ਸਾਨੂੰ ਕਲਾ, ਸਾਹਿਤ, ਸੰਗੀਤ ਅਤੇ ਹੋਰ ਲਲਿਤ ਕਲਾਵਾਂ ਖੇਤਰ ਵਿੱਚ ਪਿੱਛੇ ਹੀ ਪਿੱਛੇ ਸੁੱਟੀ ਜਾ ਰਿਹਾ ਹੈ। ਪੰਜਾਬ ਦੇ ‘ਕਲਚਰ’ ਨੂੰ ਸਿਰਫ ‘ਐਗਰੀਕਲਚਰ’ ਹੋਣ ਦਾ ਮਿਹਣਾ ਮਾਰਨ ਵਾਲੇ ਕੀ ਜਾਨਣ, ਇਹ ਉਹੀ ਧਰਤੀ ਹੈ ਜਿਥੇ ਵੇਦ ਰਚਨਾ ਹੋਈ, ਜਿਥੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ। ਜਿਥੇ ਅੱਜ ਵੀ ਵਿਸ਼ਵ-ਪੱਧਰ ਦੀ ਸਾਧਨਾ ਵਾਲੇ ਸਾਧਕਾਂ ਨੇ ਸੰਗੀਤ, ਕਲਾ, ਸਾਹਿਤ ਵਿੱਚ ਅਨੇਕਾਂ ਸਿਤਾਰੇ ਅੰਬਰੀਂ ਲਿਸ਼ਕਾਏ ਹਨ।

ਪੰਜਾਬ ਦੀ ਅਮੀਰ ਵਿਰਾਸਤ ਸਿਰਫ਼ ਸਿੱਖਾਂ ਦੀ ਨਹੀਂ ਸਮੂਹ ਪੰਜਾਬੀਆਂ ਦੀ ਹੈ ਜੋ ਪੰਜਾਬੀ ਮਾਂ ਦੇ ਅਸਲੀ ਪੁੱਤਰ ਹਨ। ਜੇ ਦਾੜ੍ਹੀ ਕੇਸਾਂ ਵਾਲੇ ਕਿਸੇ ਵਿਅਕਤੀ ਨੂੰ ਅਜਿਹੇ ਖ਼ਜ਼ਾਨੇ ਦਾ ਹੁਣ ਤੀਕ ਇਲਮ ਹੀ ਨਹੀਂ ਸੀ ਤਾਂ ਇਹ ਨਿਰੋਲ ਸਿੱਖਾਂ ਦੀ ਆਖਣਾ ਕੂੜ ਹੈ। ਜੋ ਵੀ ਗੁਰੂ ਘਰ ਦਾ ਪਿਆਰਾ ਹੈ। ਗੁਰਬਾਣੀ ਦਾ ਸਾਧਕ ਹੈ, ਗੁਰੂ ਦੀ ਬਖ਼ਸ਼ੀ ਰਚਨਾ ਨੂੰ ਦੱਸੇ ਸੰਗੀਤ ਅਨੁਸਾਰ ਪੜ੍ਹਨ ਗੁਣਨ ਸੁਣਾਉਣ ਦਾ ਇੱਛੁਕ ਹੈ, ਇਹ ਉਸਦੀ ਵਿਰਾਸਤ ਹੈ।

ਕੀਰਤਨ ਦਾ ਮਹੱਤਵ ਗੁਰਬਾਣੀ ਵਿੱਚ ਥਾਂ-ਪੁਰ-ਥਾਂ ਹਾਜ਼ਰ ਹੈ। ਕਿਤੇ ***ਕੀਰਤਨ ਨਿਰਮੋਲਕ ਹੀਰਾ*** ਹੈ, ਕਿਤੇ ***ਕਲਯੁਗ ਮਹਿ ਕੀਰਤਨ ਪ੍ਰਧਾਨਾ*** ਹੈ, ਮੁੱਕਦੀ ਗੱਲ ਜਿਥੇ ਕੀਰਤਨ ਹੈ, ਉਥੇ ਗੁਰੂ ਹੈ, ਉਥੇ ਹੀ ਸਤਿ ਸੰਗਤ ਹੈ। ਉਹੀ ਥਾਂ ਸੁਰਗ ਹੈ, ਬੈਕੁੰਠ ਹੈ ਜਿਥੇ ਗੁਰੂ ਦੀ ਰਚਨਾ ਦਾ ਰਾਗਬੱਧ ਗਾਇਨ ਹੈ।

9 ਅਕਤੂਬਰ ਤੋਂ 13 ਅਕਤੂਬਰ ਤੀਕ ਲਗਾਤਾਰ ਪੰਜ ਦਿਨ ਰਾਤ ਗੁਰਬਾਣੀ-ਕੀਰਤਨ ਨੂੰ ਹੀ ਗੁਰਦੁਆਰਾ ਗੁਰ ਗਿਆਨ ਪਰਕਾਸ਼ ਜਵੱਦੀ (ਲੁਧਿਆਣਾ) ਦੇ ਮੁੱਖ ਸੇਵਾਦਾਰ ਬਾਬਾ ਸੁੱਚਾ ਸਿੰਘ ਜਵੱਦੀ ਵਾਲਿਆਂ ਨੇ ਸਮਰਪਿਤ ਕੀਤੇ ਹਨ। ਉਨ੍ਹਾਂ ਦੇ ਅੰਗ-ਸੰਗ, ਇੱਕ ਨਹੀਂ, ਦੋ ਨਹੀਂ, ਸੈਂਕੜੇ ਨਹੀਂ, ਹਜ਼ਾਰਾਂ ਗੁਰੂ ਪਿਆਰੇ ਹਨ ਜਿਨ੍ਹਾਂ ਨੂੰ ਆਪਣੇ ਵਿਰਸੇ ਨਾਲ ਇਕੱਲਾ ਮੋਹ ਹੀ ਨਹੀਂ, ਸੰਭਾਲਣ ਦਾ ਫਿਕਰ ਵੀ ਹੈ। ਇਸ ਪੰਜ-ਰੋਜ਼ਾ ਅਦੁੱਤੀ ਗਰੁਮਤਿ ਸੰਗੀਤ ਸੰਮੇਲਨ ਦਾ ਸੰਗੀਤ-ਪ੍ਰਬੰਧਕੀ ਭਾਰ ਵੰਡਾਉਣ ਲਈ ਲੋਕ ਸੰਗੀਤ ਦੇ ਪ੍ਰਕਾਂਡ ਵਿਦਵਾਨ ਸੁਰ-ਸਮਰਾਟ ਉਸਤਾਦ ਜਸਵੰਤ ਸਿੰਘ ਭੰਵਰਾ ਉਚੇਚੇ ਤੌਰ ’ਤੇ ਇੰਗਲੈਂਡ ਤੋਂ ਭਾਰਤ ਆਏ ਹੋਏ ਹਨ।

ਲੁਧਿਆਣਾ ਸ਼ਹਿਰ ਦੇ ਨਾਲ ਘਸਰ ਕੇ ਲੰਘਦੀ ਗਿੱਲਾਂ ਵਾਲੀ ਨਹਿਰ ਨੂੰ ਜੇ ਪੱਖੋਵਾਲ ਰੋਡ ਵੱਲੋਂ ਪਾਰ ਕਰੀਏ ਤਾਂ ਜਵੱਦੀ ਪਿੰਡ ਸ਼ੁਰੂ ਹੋ ਜਾਂਦਾ ਹੈ। ਇਸ ਵਿੱਚ ਹੀ ਨਿਊ ਪੰਜਾਬ ਮਾਤਾ ਨਗਰ ਵੱਸਿਆ ਹੋਇਆ ਹੈ। ਨਿਊ ਪੰਜਾਬ ਮਾਤਾ ਨਗਰ ਦੇ ਨਾਲ ਹੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸੁਭਾਇਮਾਨ ਹੈ।

9 ਅਕਤੂਬਰ ਤੋਂ ਹੀ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਆਰੰਭ ਹੋ ਜਾਵੇਗਾ।

ਪਹਿਲਾ ਦਿਨ ਸਾਧੂ ਸਮਾਗਮ ਨੂੰ ਸਮਰਪਿਤ ਹੈ। ਇਸ ਦੇ ਕਨਵੀਨਰ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲੇ ਅਨੁਸਾਰ ਸਵੇਰੇ ਸਾਢੇ ਸੱਤ ਵਜੇ ਭਾਈ ਨਿਰੰਜਨ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ, ਭਾਈ ਹਰਜਿੰਦਰ ਸਿੰਘ, ਮਨਜਿੰਦਰ ਸਿੰਘ ਸ੍ਰੀਨਗਰ ਵਾਲੇ, ਬੀਬੀ ਬਲਜੀਤ ਕੌਰ ਖ਼ਾਲਸਾ ਤਲਵਾੜਾ ਵਾਲੇ, ਅਤੇ ਭਾਈ ਜਸਬੀਰ ਸਿੰਘ ਖੰਨੇ ਵਾਲੇ ਕੀਰਤਨ ਕਰਨਗੇ। ਸਮੂਹ ਭਾਰਤ ਦੇ ਸਾਧੂ ਸੰਤ ਇਸ ਸਾਧੂ ਸੰਮੇਲਨ ਵਿੱਚ ਸ਼ਿਰਕਤ ਕਰਨਗੇ।

***ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਬਾਣੀ ਦਾ ਗਾਇਨ ਨਿਰਧਾਰਤ ਰਾਗ ਵਿੱਚ ਕਰਾਉਣ ਦੇ ਨਾਲ-ਨਾਲ ਇਹ ਵੀ ਖ਼ਿਆਲ ਰੱਖਿਆ ਜਾਵੇਗਾ ਕਿ ਜਿਸ ਵਕਤ ਦਾ ਰਾਗ ਹੈ ਉਸ ਦਾ ਗਾਇਨ ਵੀ ਉਸੇ ਵਕਤ ਹੀ ਕਰਵਾਇਆ ਜਾਵੇ। ਰੰਗ-ਮੰਚ ਤੇ ਉਹ ਮਾਹੌਲ ਉਸਾਰਨਾ ਭਾਵੇਂ ਸੰਭਵ ਨਹੀਂ ਹੈ, ਪਰ ਫਿਰ ਵੀ ਸਮੁੱਚੀ ਕਾਇਨਾਤ ਨੂੰ ਇਸ ਵਿੱਚ ਸ਼ਾਮਲ ਕਰਨ ਦਾ ਯਤਨ ਕੀਤਾ ਜਾਵੇਗਾ।***

ਇਸ ਅਦੁੱਤੀ ਕੀਰਤਨ ਸਮਾਰੋਹ ਵਿੱਚ ਪ੍ਰਿੰ: ਬਲਦੇਵ ਸਿੰਘ ਦਿੱਲੀ, 10, 11 ਤੇ 13 ਅਕਤੂਬਰ ਨੂੰ, ਤੁਖ਼ਾਰੀ, ਪ੍ਰਭਾਤੀ ਅਤੇ ਸੂਹੀ ਰਾਗ ਦਾ ਗਾਇਨ ਕਰਨਗੇ। ਸਿੰਘ ਬੰਧੂ ਭਾਈ ਸੁਰਿੰਦਰ ਸਿੰਘ ਤੇਜਪਾਲ ਸਿੰਘ 10 ਅਕਤੂਬਰ ਨੂੰ ਰਾਗ ਪ੍ਰਭਾਤੀ, ਰਾਮਕਲੀ ਤੇ ਗੂਜਰੀ ਦਾ ਗਾਇਨ ਕਰਨਗੇ। ਡਾ. ਅਜੀਤ ਸਿੰਘ ਪੈਂਟਲ 10, 11, 12 ਤੇ 13 ਅਕਤੂਬਰ ਨੂੰ ਬੈਰਾੜੀ, ਦੇਵਗੰਧਾਰੀ, ਕੇਦਾਰਾ ਅਤੇ ਮਾਰੂ ਰਾਗ ਦਾ ਗਾਇਨ ਕਰਨਗੇ। ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲੇ ਬਸੰਤ ਕਾਨ੍ਹੜਾ ਗਉੜੀ, ਬਿਹਾਗੜਾ, ਦੇਵ ਗੰਧਾਰੀ ਅਤੇ ਮਾਰੂ ਰਾਗ ਵਿੱਚ 10, 11, 12, ਅਤੇ 13 ਅਕਤੂਬਰ ਨੂੰ ਗੁਰਬਾਣੀ ਗਾਇਨ ਕਰਨਗੇ। ਭਾਈ ਨਿਰਮਲ ਸਿੰਘ ਖਾਲਸਾ ਹਜ਼ੂਰੀ ਰਾਗੀ ਦਰਬਾਰ ਸਾਹਿਬ ਵੀ 10, 11 ਤੇ 12 ਅਕਤੂਬਰ ਨੂੰ ਬਿਲਾਵਲ, ਤੁਖਾਰੀ ਅਤੇ ਬਸੰਤ ਰਾਗ ਅਨੁਸਾਰ ਬਾਣੀ ਗਾਇਨ ਕਰਨਗੇ। ਭਾਈ ਸਮੁੰਦ ਸਿੰਘ ਦੇ ਦੋਹਤਰੇ ਤੇ ਸੰਗੀ ਭਾਈ ਪਰਮਜੋਤ ਸਿੰਘ ਮੁੱਲਾਂਪੁਰ (ਸਿੰਧ ਬੈਂਕ ਵਾਲੇ) 10, 11, 12 ਅਤੇ 13 ਅਕਤੂਬਰ ਨੂੰ ਕਾਨੜਾ, ਨਟ-ਨਾਰਾਇਣ, ਪ੍ਰਭਾਤੀ, ਵਡਹੰਸ ਰਾ ਅਨੁਸਾਰ ਗੁਰਬਾਣੀ ਸਰਵਣ ਕਰਾਉਣਗੇ। ਭਾਈ ਹਰੀ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ 10, 11, 12, ਅਤੇ 13 ਅਕਤੂਬਰ ਨੂੰ ਆਸਾ ਦੀ ਵਾਰ, ਵਡਹੰਸ ਅਤੇ ਆਸਾ ਰਾਗ ਅਨੁਸਾਰ ਗਾਇਨ ਕਰਨਗੇ। ਭਾਈ ਸ਼ਮਸ਼ੇਰ ਸਿੰਘ ਦਿੱਲੀ, 12 ਨੂੰ ਆਸਾ ਦੀ ਵਾਰ ਪ੍ਰਿੰ. ਰਾਜਿੰਦਰ ਸਿੰਘ ਲਖਨਊ 12 ਨੂੰ ਸ੍ਰੀ ਰਾਗ, ਪ੍ਰੋ: ਕਰਤਾਰ ਸਿੰਘ ਲੁਧਿਆਣਾ 10, 12 ਅਤੇ 13 ਅਕਤੂਬਰ ਨੂੰ ਮਾਰੂ, ਕਲਿਆਣ ਤੇ ਰਾਮਕਲੀ ਰਾਗ ਦਾ ਗਾਇਨ ਕਰਨਗੇ। ਭਾਈ ਮਹਿੰਦਰ ਸਿੰਘ 'ਠੁਮਰੀ' ਵਾਲੇ 10 ਅਕਤੂਬਰ ਨੂੰ ਜੈਤਸਰੀ ਤੇ ਤਿਲੰਗ ਰਾਗ ਦਾ ਗਾਇਨ ਕਰਨਗੇ। ਪ੍ਰੋ: ਹਰਚੰਦ ਸਿੰਘ ਲੁਧਿਆਣੇ ਵਾਲੇ 10, 12 ਤੇ 13 ਅਕਤੂਬਰ ਨੂੰ ਦੇਵਗੰਧਾਰੀ, ਮਾਝ ਸੋਰਠਿ ਰਾਗ ਅਨੁਸਾਰ ਗੁਰੂ-ਰਚਨਾ ਗਾਉਣਗੇ। ਭਾਈ ਦਿਲਬਾਗ ਸਿੰਗ ਗੁਲਾਬ ਸਿੰਘ ਧਰਨਾ ਸਾਹਿਬ ਵਾਲੇ 10, 12 ਤੇ 13 ਅਕਤੂਬਰ ਨੂੰ ਸਾਰੰਗ, ਦੇਵ ਗੰਧਾਰੀ ਅਤੇ ਮਲ੍ਹਾਰ ਰਾਗ ਦਾ ਗਾਇਨ ਕਰਨਗੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਡਾ: ਗੁਰਨਾਮ ਸਿੰਘ 10, 11 ਅਤੇ 13 ਅਕਤੂਬਰ ਨੂੰ ਮਾਝ, ਰਾਮਕਲੀ ਅਤੇ ਬੈਰਾੜੀ ਰਾਗ ਅਨੁਸਾਰ ਗੁਰੂ-ਜਸ ਗਾਉਣਗੇ। ਬੀਬੀ ਨਿਵੇਦਿੱਤਾ ਕੌਰ ਦਿੱਲੀ, 10, 11 ਤੇ 12 ਅਕਤੂਬਰ ਨੂੰ ਸੋਰਠਿ, ਜੈਤਸਰੀ, ਜੈਜਾਵੰਤੀ ਰਾਗ ਅਨੁਸਾਰ ਬਾਣੀ ਗਾ ਕੇ ਸੰਗਤਾਂ ਦੇ ਸਨਮੁੱਖ ਪੇਸ਼ ਹੋਵੇਗੀ। ਪ੍ਰੋ:



ਚਰਨਜੀਤ ਸਿੰਘ ਪਟਨਾ ਸਾਹਿਬ ਵਾਲੇ (ਲੁਧਿਆਣਾ) 11, 12 ਤੇ 13 ਅਕਤੂਬਰ ਨੂੰ ਮਲ੍ਹਾਰ, ਤੁਖਾਰੀ ਅਤੇ ਬਸੰਤ ਰਾਗ ਗਾਉਣਗੇ। ਗੁਰਮਤਿ ਸੰਗੀਤ ਨੂੰ ਵੱਖਰੇ ਵਿਚਾਰਨਯੋਗ ਵਿਸ਼ੇ ਵਜੋਂ ਮੰਨਵਾਉਣ ਵਾਲੇ ਡਾ: ਜਗੀਰ ਸਿੰਘ ਚੰਡੀਗੜ੍ਹ ਵਾਲੇ 10, 12 ਅਤੇ 13 ਅਕਤੂਬਰ ਨੂੰ ਮਾਲੀ ਗਉੜਾ ਗੌਂਡ ਪ੍ਰਭਾਤੀ ਰਾਗ ਦੀ ਪੇਸ਼ਕਾਰੀ ਕਰਨਗੇ। ਭਾਈ ਨਰਿੰਦਰ ਸਿੰਘ ਲੁਧਿਆਣਾ ਵਾਲੇ 10, 11 ਤੇ 13 ਅਕਤੂਬਰ ਨੂੰ ਮਲ੍ਹਾਰ ਤਿਲੰਗ ਤੇ ਟੋਡੀ ਪੇਸ਼ ਕਰਨਗੇ। ਭਾਈ ਪ੍ਰਿਥੀਪਾਲ ਸਿੰਘ ਕੰਗ ਇੰਦੌਰ ਵਾਲੇ 10, 11 ਤੇ 13 ਅਕਤੂਬਰ ਵਾਲੇ ਦਿਨ ਆਸਾ, ਵਡਹੰਸ ਅਤੇ ਮਾਲੀ ਗਉੜਾ ਪੇਸ਼ ਕਰਨਗੇ। ਭਾਈ ਗੁਰਮੀਤ ਸਿੰਘ ਸ਼ਾਂਤ ਜਲੰਧਰ ਵਾਲੇ ਵਡਹੰਸ, ਮਾਲੀ ਗਉੜਾ ਅਤੇ ਮਾਝ ਦਾ ਗਾਇਨ 10, 11 ਅਤੇ 12 ਅਕਤੂਬਰ ਨੂੰ ਕਰਨਗੇ।

ਭਾਈ ਕਲਿਆਣ ਸਿੰਘ ਦਿੱਲੀ ਵਾਲੇ 10, 11 ਤੇ 13 ਨੂੰ ਨਟ ਨਾਰਾਇਣ, ਸੂਹੀ, ਗੂਜਰੀ ਦਾ ਗਾਇਨ, ਭਾਈ ਮੋਹਣਪਾਲ ਸਿੰਘ ਲੁਧਿਆਣੇ ਵਾਲੇ 10, 11 ਨੂੰ ਕੇਦਾਰਾ ਤੇ ਕਾਨੜਾ ਪੇਸ਼ ਕਰਨਗੇ। ਬੀਬੀ ਗੁਰਿੰਦਰ ਕੌਰ ਦਿੱਲੀ ਕੇਦਾਰ ਤੇ ਕਾਨੜਾ, 11 ਤੇ 12 ਅਕਤੂਬਰ ਨੂੰ ਬੀਬਾ ਗੀਤਾ ਕੌਰ ਪੈਂਟਲ ਦਿੱਲੀ ਵਾਲੇ 12 ਤੇ 13 ਨੂੰ ਰਾਮਕਲੀ, ਸ੍ਰੀ ਰਾਗ ਅਤੇ ਬਿਹਾਗੜਾ ਪੇਸ਼ ਕਰਨਗੇ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ 10, 12 ਤੇ 13 ਅਕਤੂਬਰ ਨੂੰ ਕਲਿਆਣ, ਸਾਰੰਗ ਅਤੇ ਸ੍ਰੀ ਰਾਗ ਗਾਉਣਗੇ। ਭਾਈ ਬਚਨ ਸਿੰਘ ਆਲਮ 10 ਅਕਤੂਬਰ ਨੂੰ ਜੈਜਾਵੰਤੀ ਗਾਉਣਗੇ। ਅਮਰਜੀਤ ਸਿੰਘ ਤਾਨ ਪਟਿਆਲੇ ਵਾਲੇ 10, 11 ਤੇ 13 ਅਕਤੂਬਰ ਨੂੰ ਸੂਹੀ ਗੌਂਡ ਤੇ ਸੋਰਠਿ ਰਾਗ ਅਨੁਸਾਰ ਗੁਰਬਾਣੀ ਪੇਸ਼ ਕਰਨਗੇ। ਪ੍ਰੋ: ਭਾਗ ਸਿੰਘ ਸਹਾਰਨਪੁਰ ਵਾਲੇ 11 ਅਤੇ 12 ਨੂੰ ਆਸਾ ਤੇ ਭੈਰਉ, ਭਾਈ ਖੇਮ ਸਿੰਘ ਜੀ ਪ੍ਰੇਮੀ ਭੈਰਉ ਤੇ ਬਿਲਾਵਲ 10 ਤੇ 13 ਨੂੰ, ਭਾਈ ਨਿਰੰਜਨ ਸਿੰਘ ਜਵੱਦੀ ਕੇਦਾਰਾ ਤੇ ਗੂਜਰੀ, ਭਾਈ ਸਰਬਜੀਤ ਸਿੰਘ ਰੰਗੀਲਾ 'ਦੁਰਗੀ' ਵਾਲੇ 11 ਤੇ 12 ਸੋਰਠਿ ਤੇ ਬੈਰਾੜੀ ਏਸੇ ਦਿਨ ਹੀ ਭਾਈ ਮਹਿੰਦਰ ਸਿੰਘ 'ਸਰਬ-ਰੰਗ' ਭੈਰਉ ਤੇ ਗੂਜਰੀ, ਡਾ: ਦਰਸ਼ਨ ਸਿੰਘ ਨਰੂਲਾ ਮਲੋਟ ਵਾਲੇ ਬਸੰਤ ਤੇ ਜੈਜਾਵੰਤੀ ਰਾਗ ਅਨੁਸਾਰ ਗੁਰਬਾਣੀ ਗਾਇਨ ਕਰਨਗੇ। 13 ਅਕਤੂਬਰ ਨੂੰ ਭਾਈ ਬਲਦੀਪ ਸਿੰਘ ਮੋਹਾਲੀ ਵਾਲੇ ਬਿਲਾਵਲ ਤੇ ਸ੍ਰੀ ਰਾਗ ਗਾਇਨ ਕਰਨਗੇ। ਭਾਈ ਹਰਿੰਦਰ ਸਿੰਘ ਤੇ ਹਰਚਰਨ ਸਿੰਘ ਫੱਕਰ ਪਟਿਆਲੇ ਵਾਲੇ 10, 12 ਤੇ 13 ਅਕਤੂਬਰ ਨੂੰ ਟੋਡੀ, ਨਟ-ਨਾਰਾਇਣ ਅਤੇ ਬਸੰਤ ਰਾਗ ਗਾਉਣਗੇ। ਸੰਤ ਅਨੂਪ ਸਿੰਘ ਸੇਵਾ ਪੰਥੀ ਊਨਾ ਸਾਹਿਬ ਵਾਲੇ 11, 12 ਤੇ 13 ਅਕਤੂਬਰ ਨੂੰ ਸਾਰੰਗ, ਕਾਨੜਾ ਅਤੇ ਤਿਲੰਗ ਰਾਗ ਰਾਹੀਂ ਗੁਰਬਾਣੀ ਪੇਸ਼ ਕਰਨਗੇ।

11 ਤੇ 13 ਤਾਰੀਖ ਨੂੰ ਭਾਈ ਕੰਵਰਪਾਲ ਸਿੰਘ ਦੇਹਰਾਦੂਨ ਰਾਗ ਜੈਜਾਵੰਤੀ ਅਤੇ ਦੇਵਗੰਧਾਰੀ ਪੇਸ਼ ਕਰਨਗੇ। ਭਾਈ ਮਹਿੰਦਰ ਸਿੰਘ ਸਾਗਰ ਲੁਧਿਆਣਾ ਵਾਲੇ ਜੈਤਸਰੀ ਤੇ ਬਿਲਾਵਲ ਰਾਗ ਪੇਸ਼ ਕਰਨਗੇ। ਭਾਈ ਅਵਤਾਰ ਸਿੰਘ ਹੁਸ਼ਿਆਰਪੁਰ ਵਾਲੇ 10 ਅਕਤੂਬਰ ਨੂੰ ਤੁਖਾਰੀ ਬੀਬੀ ਜਸਵਿੰਦਰ ਕੌਰ ਦਿੱਲੀ ਤਿਲੰਗ ਤੇ ਭੈਰਓ 11 ਤੇ 13 ਅਕਤੂਬਰ ਨੂੰ ਭਾਈ ਰਵਿੰਦਰ ਸਿੰਘ ਲੁਧਿਆਣਾ 11 ਤੇ 13 ਨੂੰ ਗਉੜੀ ਤੇ ਦੇਵਗੰਧਾਰੀ ਪੇਸ਼ ਕਰਨਗੇ। ਭਾਈ ਗੁਰਦੇਵ ਸਿੰਘ ਜੀ ਬਟਾਲੇ ਵਾਲੇ 11 ਤੇ 12 ਅਕਤੂਬਰ ਨੂੰ ਗਉੜੀ ਤੇ ਦੇਵਗੰਧਾਰੀ ਪੇਸ਼ ਕਰਨਗੇ। ਭਾਈ ਚਤਰ ਸਿੰਘ ਜੀ ਸਿੰਧੀ ਬੰਬਈ ਵਾਲੇ 12 ਤੇ 13 ਅਕਤੂਬਰ ਨੂੰ ਮਲ੍ਹਾਰ ਤੇ ਕਾਨੜਾ, ਭਾਈ ਮਨਜੀਤ ਸਿੰਘ ਬੰਬਈ ਵਾਲੇ 11 ਤੇ 12 ਅਕਤੂਬਰ ਨੂੰ ਬਿਲਾਵਲ ਤੇ ਟੋਡੀ, ਭਾਈ ਗੁਰਮੀਤ ਸਿੰਘ ਮਨਜੀਤ ਸਿੰਘ ਪਠਾਨਕੋਟ ਵਾਲੇ 11 ਨੂੰ ਟੋਡੀ,

ਭਾਈ ਇਕਬਾਲ ਸਿੰਘ, ਅਵਤਾਰ ਸਿੰਘ ਲੁਧਿਆਣਾ ਵਾਲੇ 13 ਨੂੰ ਧਨਾਸਰੀ, ਪ੍ਰੋ: ਪ੍ਰਤਾਪ ਸਿੰਘ ਦਿੱਲੀ ਵਾਲੇ 10 ਤੇ 12 ਨੂੰ ਸ੍ਰੀ ਰਾਗ ਤੇ ਬੈਰਾੜੀ, ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੇ 11 ਤੇ 13 ਨੂੰ ਕਲਿਆਣ ਤੇ ਸਾਰੰਗ, ਭਾਈ ਦੇਵਿੰਦਰ ਸਿੰਘ ਸੋਢੀ 10 ਅਕਤੂਬਰ ਨੂੰ ਆਸਾ ਰਾਗ ਅਨੁਸਾਰ ਗੁਰਬਾਣੀ ਗਾਇਨ ਕਰਨਗੇ। ਪੰਜਾਬ ਯੂਨੀਵਰਸਿਟੀ ਵਿੱਚ ਸੰਗੀਤ ਵਿਭਾਗ ਦੀ ਮੁੱਖ ਬੀਬੀ ਭੁਪਿੰਦਰ ਕੌਰ ਸੀਤਲ 11 ਅਕਤੂਬਰ ਨੂੰ ਰਾਗ ਬਿਹਾਗੜਾ ਗਾਇਨ ਕਰਨਗੇ। ਭਾਈ ਲਾਲ ਸਿੰਘ ਮੇਰਠ ਵਾਲੇ 10 ਅਕਤੂਬਰ ਨੂੰ ਗਉੜੀ ਦਾ ਗਾਇਨ ਕਰਨਗੇ।

31 ਰਾਗਾਂ ਦਾ ਗਾਇਨ ਵੱਖ-ਵੱਖ ਥਾਵਾਂ ਤੋਂ ਆਏ ਸਿਰਕੱਢ 52 ਰਾਗੀ ਕੀਰਤਨੀਏ ਕਰਨਗੇ। ਇਸ ਵਿਸ਼ਾਲ ਤੇ ਪ੍ਰਭਾਵਸ਼ਾਲੀ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਹਿ-ਸੰਚਾਲਕ ਉਸਤਾਦ ਜਸਵੰਤ ਸਿੰਘ ਭੰਵਰਾ ਨੇ ਦੱਸਿਆ ਕਿ ਨਿਰਧਾਰਤ ਰਾਗਾਂ ਵਿੱਚ ਇੱਕ ਸ਼ਬਦ ਦੇ ਗਾਇਨ ਦਾ ਸਮਾਂ ਵੱਧ ਤੋਂ ਵੱਧ 20 ਮਿੰਟ ਰੱਖਿਆ ਹੈ। ***ਪ੍ਰੰਪਰਾਗਤ ਤੰਤੀ ਸਾਜ਼ਾਂ ਰਬਾਬ, ਦਿਲਰੁਬਾ, ਸਰਿੰਦਾ, ਤਾਊਸ ਤੇ ਤਾਨਪੁਰੇ ਦੀ ਵਰਤੋਂ ਨੂੰ ਪੁਨਰ-ਸੁਰਜੀਤ ਕਰਨ ਦੇ ਮਨਸ਼ੇ ਅਧੀਨ ਪੂਰਾ ਉੱਤਰੀ ਭਾਰਤ ਗਾਹ ਕੇ ਸਾਜ਼ਿੰਦੇ ਲੱਭੇ ਹਨ। ਦੁੱਖਦਾਈ ਗੱਲ ਇਹ ਹੈ ਕਿ ਬਹੁਤੀਆਂ ਟਾਹਰਾਂ ਮਾਰਨ ਵਾਲੇ ਪੰਜਾਬੀਆਂ ਵਿੱਚ ਕੋਈ ਵਿਰਲਾ ਹੀ ਇਨ੍ਹਾਂ ਤੰਤੀ ਸਾਜ਼ਾਂ ਦਾ ਸਾਧਕ ਰਹਿ ਗਿਆ ਹੈ। ਸਿੱਖ ਪੰਥ ਵਿਚੋਂ ਰਬਾਬ ਵਜਾਉਣ ਵਾਲਾ ਇਕ ਵੀ ਨਹੀਂ ਲੱਭਾ। ਸਮਾਗਮ ਨੂੰ ਵਿਉਂਤਦੇ ਸਾਰ ਹੀ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਸਨ ਕਿ ਤੰਤੀ ਸਾਜ਼ਾਂ ਦੇ ਸਾਜ਼ਿੰਦੇ ਸੰਪਰਕ ਕਰਨ ਪਰ ਹੁੰਗਾਰਾ ਪ੍ਰਭਾਵਸ਼ਾਲੀ ਨਹੀਂ ਸੀ। ਇਸੇ ਲੋੜ ਨੂੰ ਮੁੱਖ ਰੱਖ ਕੇ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਲੁਧਿਆਣਾ ਵਿੱਚ ਹੀ ਗੁਰਮਤਿ ਸੰਗੀਤ ਅਕਾਦਮੀ ਸਥਾਪਤ ਕਰਨ ਦਾ ਵਿਚਾਰ ਸੰਗਤਾਂ ਸਨਮੁੱਖ ਰੱਖਿਆ ਹੈ।***

ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਮਾਣ ਮਰਿਯਾਦਾ ਨੂੰ ਕਾਇਮ ਰੱਖਣ ਲਈ ਪੰਡਾਲ ਵਿੱਚ ਨਿਸ਼ਚਤ ਕੈਮਰਾਮੈਨ, ਵੀਡੀਓ ਤੇ ਆਡੀਓ ਰੀਕਾਰਡਰ ਹੀ ਵਿਚਰ ਸਕਣਗੇ, ਜਣਾ-ਖਣਾ ਨਹੀਂ। ਹਰ ਰੋਜ਼ ਮਹਾਪੁਰਸ਼ ਵਿਚਾਰਾਂ ਤੇ ਬਚਨ ਬਿਲਾਸ ਵੀ ਕਰਨਗੇ। ਪ੍ਰਿੰ: ਸਤਿਬੀਰ ਸਿੰਘ, ਮਹੰਤ ਤੀਰਥ ਸਿੰਘ ਸੇਵਾ ਪੰਥੀ, ਸੰਤ ਈਸ਼ਰ ਦਾਸ ਸ਼ਾਸਤਰੀ, ਗਿ: ਮੋਹਨ ਸਿੰਘ ਹੈੱਡਗ੍ਰੰਥੀ ਹਰਿਮੰਦਰ ਸਾਹਿਬ ਵਰਗੇ ਗੁਣੀ ਗਿਆਨੀ ਇਥੇ ਬਿਰਾਜਮਾਨ ਰਹਿ ਕੇ ਸਮੁੱਚੀ ਵਿਚਾਰ-ਚਰਚਾ ਦਾ ਕੇਂਦਰ ਬਿੰਦੂ ਬਣਨਗੇ। ਇਸ ਵਿਸ਼ਾਲ ਆਯੋਜਨ ਵਿੱਚ ਪੰਜੇ ਦਿਨ ਲੰਗਰ, ਸੰਗਤ, ਕੀਰਤਨ ਤੇ ਅਨਮੋਲ ਬਚਨਾਂ ਨਾਲ ਸਰਸ਼ਾਰ ਰਹੇਗਾ। ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਗੁਰੂ-ਘਰ ਵਿੱਚ ਹਾਜ਼ਰ ਰਹੇਗਾ। ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਲੁਧਿਆਣਾ ਵਿਖੇ ਵੀ ਥਰੀਵੀਲ੍ਹਰ ਤੇ ਹੋਰ ਸਵਾਰੀਆਂ ਚੌਵੀ ਘੰਟੇ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਉਣ ਦੀ ਸੇਵਾ ਨਿਭਾਉਣਗੀਆਂ। ਇਸ ਮਹਾਨ ਕੁੰਭ ਨੂੰ ਇਸ ਧਰਤੀ 'ਤੇ ਰਚਾਉਣ ਲਈ ਜਿੰਨੇ ਵੀ ਦਿਲ ਦਿਮਾਗ ਤੇ ਹੱਥ ਯਤਨਸ਼ੀਲ ਹਨ, ਸਾਰੇ ਹੀ ਧੰਨਤਾ ਦੇ ਪਾਤਰ ਹਨ। ਗੁਰਮਤਿ ਸੰਗੀਤ ਦਾ ਏਡਾ ਵੱਡਾ ਇਕੱਠ ਪਿਛਲੀਆਂ ਦੋ ਤਿੰਨ ਸਦੀਆਂ ਤਾਂ ਹੋਇਆ ਮਿਲਦਾ ਨਹੀਂ।

*(ਧੰਨਵਾਦ ਸਹਿਤ, ਅੱਜ ਦੀ ਆਵਾਜ਼: 9 ਅਕਤੂਬਰ, 1991)*

◈◈◈◈◈◈◈



# ਗੁਰਮਤਿ ਸੰਗੀਤ ਸੰਮੇਲਨ

ਪ੍ਰੋ. ਪਰਮਜੋਤ ਸਿੰਘ

ਭਾਰਤੀ ਸੰਗੀਤ ਦਾ ਵਿਰਸਾ ਬਹੁਤ ਹੀ ਮਹਾਨ ਹੈ। ਆਦਿ ਕਾਲ ਤੋਂ ਹੀ ਸੰਗੀਤ ਕਲਾ ਨੇ ਮਨੁੱਖ ਨੂੰ ਸੂਖ਼ਮ ਭਾਵੀ ਬਨਾਉਣ ਵਿੱਚ ਅਹਿਮ ਹਿੱਸਾ ਪਾਇਆ ਹੈ। ਸੰਗੀਤ ਕੰਨਾਂ ਵਿੱਚ ਰਸ ਘੋਲ ਕੇ ਰੂਹ ਨੂੰ ਖੇੜੇ ਵਿੱਚ ਲਿਆਉਣ ਦਾ ਕਾਰਨ ਬਣ ਮਨੁੱਖ ਨੂੰ ਇੱਕ ਅਗੰਮੀ ਸਕੂਨ ਦਿੰਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਤਮਕ ਤੇ ਰੂਹਾਨੀ ਫਿਲਾਸਫ਼ੀ ਨੂੰ ਕਾਵਿ ਤੇ ਸੰਗੀਤ ਵਿੱਚ ਰਚ ਕੇ ਕਲਯੁਗੀ ਜੀਵਾਂ ਨੂੰ ਰਸ ਮੁਗਧ ਕਰਨ ਦਾ ਸਭ ਤੋਂ ਸੌਖਾ ਸਾਧਨ ਪ੍ਰਦਾਨ ਕੀਤਾ।

ਕੀਰਤਨ ਸਮਾਨ ਹੋਰ ਕੋਈ ਯੋਗ, ਤਪ, ਸਾਂਤਵਿਕ, ਸਾਧਨ ਨਹੀਂ, ਜੋ ਮਨੁੱਖ ਦੀਆਂ ਖਿੰਡਦੀਆਂ ਪੁੰਡਦੀਆਂ ਮਨੋਬਿਰਤੀਆਂ ਨੂੰ ਇਕਸੁਰਤਾ ਤੇ ਇਕਸਾਰਤਾ ਵਿੱਚ ਬੰਨ੍ਹ ਸਕੇ। ਉਸ ਪਰਮ ਆਤਮਾ ਨਾਲ ਜੁੜਨ ਦਾ ਉਪਰਾਲਾ ਕਰੇ। ਇਸੇ ਕਾਰਨ ਗੁਰੂ ਸਾਹਿਬਾਨਾਂ ਨੇ ਬਾਣੀ ਦੀ ਰਚਨਾ ਰਾਗਾਂ ਵਿੱਚ ਕਰਕੇ ਸੰਗਤਾਂ ਨੂੰ ਬਾਣੀ ਰਾਗਾਂ ਵਿੱਚ ਗਾਉਣ ਦੀ ਹਦਾਇਤ ਕੀਤੀ।

ਗੁਰਮਤਿ ਸੰਗੀਤ ਦਾ ਸੁਤੰਤਰ ਤੇ ਨਿਵੇਕਲਾ ਸਰੂਪ ਹੈ। ਜਿਹੜਾ ਗੁਰਬਾਣੀ ਦੇ ਮੂਲ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ। ਪੰਥ ਦੇ ਸੰਚਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 235 ਰਾਗਾਂ ਤਾਨਪੁਰੇ ਨਾਲ ਗਾ ਕੇ ਵੱਡੇ-ਵੱਡੇ ਰਾਗ ਦਰਬਾਰ ਤੇ ਕੀਰਤਨ ਸਮਾਗਮ ਕਰਕੇ ਇਸ ਵਿਰਸੇ ਨੂੰ ਗੌਰਵਮਈ ਸਥਾਨ ਪ੍ਰਦਾਨ ਕੀਤਾ ਤੇ ਰਾਗ ਸੰਗੀਤ ਪੱਧਤੀ ਦੀ ਇਕ ਨਿਵੇਕਲੀ ਟਕਸਾਲ ਕਾਇਮ ਕੀਤੀ।

ਪਰ ਉਨ੍ਹਾਂ ਤੋਂ ਪਿੱਛੋਂ ਧਾਰਮਿਕ ਅਦਾਰਿਆਂ, ਸਿੱਖ ਸੰਸਥਾਵਾਂ ਨੇ ਗੁਰਮਤਿ ਸੰਗੀਤ ਪੱਧਰੀ ਨੂੰ ਵਿਸਾਰ ਕੇ ਪੱਛਮੀ ਸੰਗੀਤ ਦਾ ਪ੍ਰਭਾਵ ਕਬੂਲਿਆ ਹੈ, ***ਪਰ ਅੱਜ ਦੁੱਖ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਕੁਝ ਕੁ ਰਾਗੀ ਸਿੰਘਾਂ ਨੇ ਇਸ ਨੂੰ ਵਿਵਸਾਇਕ ਸਾਧਨ ਬਣਾ, ਸਤਿਗੁਰਾਂ ਦੁਆਰਾ ਦਰਸਾਈ ਗੁਰਮਤਿ ਸੰਗੀਤ ਪੱਧਰੀ ਨੂੰ ਅੱਖੋਂ-ਪਰੋਖੇ ਕਰ ਕੇ ਪ੍ਰਚਲਤ ਪੱਛਮੀ ਧੁੰਨਾਂ ਨੂੰ ਸ਼ਬਦ ਗਾਇਨ ਦਾ ਆਧਾਰ ਬਣਾ ਲਿਆ ਹੈ। ਇਸ ਪ੍ਰਵਿਰਤੀ ਨੂੰ ਠੱਲ੍ਹ ਪਾਉਣ ਲਈ ਗੁਰੂ ਘਰ ਦੇ ਸੱਚੇ-ਸੁੱਚੇ ਸੇਵਕ, ਸੁਧਾਰਕ ਤੇ ਚਿੰਤਕ ਬਾਬਾ ਸੁੱਚਾ ਸਿੰਘ ਜੀ ਨਿੱਤਰੇ ਹਨ, ਜਿਨ੍ਹਾਂ ਨੇ ਆਪਣੀ ਜਗਿਆਸੂ ਤੇ ਵਿਵੇਕ ਬੁੱਧ ਰਾਹੀਂ ਕੀਰਤਨ ਦੇ ਸੰਸਥਾਗਤ ਚਲਨ ਨੂੰ, ਜੋ ਰਾਹੇ ਕੁਰਾਹੇ ਪਿਆ ਹੈ, ਜੋੜਨ ਲਈ ਇਹ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਹੈ, ਜੋ ਕਿ 10, 11, 12 ਅਤੇ 13 ਅਕਤੂਬਰ ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਨੇੜੇ ਮਾਡਲ ਟਾਊਨ ਲੁਧਿਆਣਾ ਵਿਖੇ ਹੋ ਰਿਹਾ ਹੈ।***

9 ਅਤੇ 11 ਅਕਤੂਬਰ ਨੂੰ ਕੀਤੇ ਜਾ ਰਹੇ ਕੀਰਤਨ ਸਮਾਗਮ ਲਈ ਬਾਬਾ ਸੁੱਚਾ ਸਿੰਘ ਜੀ ਨੇ ਕਈ ਰਾਗੀਆਂ, ਸੰਗੀਤ ਆਚਾਰੀਆਂ ਨਾਲ ਆਪਣਾ ਸੰਪਰਕ ਪੈਦਾ ਕੀਤਾ ਹੈ। ਉਨ੍ਹਾਂ ਦੇ ਨਾਲ ਡੂੰਘੀ ਵਿਚਾਰ ਕਰਕੇ 31 ਰਾਗਾਂ ਦੇ ਸਹੀ ਸਰੂਪ ਨੂੰ ਨਿਯਮਬੱਧ ਤੇ ਸੰਗੀਤ ਬੱਧ ਢੰਗ ਨਾਲ ਸੰਗਤਾਂ ਦੇ ਸਾਹਮਣੇ ਲਿਆਉਣ ਦਾ ਉਪਰਾਲਾ ਕਰਨਾ ਹੈ। ਤਾਂ ਜੋ ਸੰਗੀਤ ਪ੍ਰੇਮੀ, ਖੋਜ ਤੇ ਵਿਦਿਆਰਥੀ ਆਪਣੇ ਅਮੀਰ ਵਿਰਸੇ ਤੋਂ ਜਾਣੂੰ ਹੋ ਕੇ ਉਸ ਨੂੰ ਸੰਭਾਲਣ ਦਾ ਉਪਰਾਲਾ ਕਰਨ। ਇਸ ਅਦੁੱਤੀ ਸਮਾਗਮ ਦੇ ਕੁਝ ਵਿਸ਼ੇਸ਼ ਉਦੇਸ਼ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਯਤਨ ਕੀਤੇ ਜਾ ਰਹੇ ਹਨ:

1 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਪ੍ਰਤੀ ਬਹੁਪੱਖੀ ਜਾਣਕਾਰੀ ਦੇਣਾ। ਭਿੰਨਭਿੰਨ ਰਾਗਾਂ ਦੇ ਸੁਰ, ਤਾਲ, ਘਰ, ਟਿਕਾਣੇ ਦਾ ਸਹੀ ਗਿਆਨ ਨੋਟੇਸ਼ਨ ਸਿਸਟਮ ਰਾਹੀਂ ਦੇਣਾ ਤਾਂ ਜੋ ਅੱਡ-ਅੱਡ ਰਾਗਾਂ ਬਾਰੇ ਪਏ ਸ਼ੰਕੇ ਦੂਰ ਹੋ ਜਾਣ ਤੇ ਰਾਗੀ ਸਿੰਘ ਰਾਗਾਂ ਦੇ ਸਰੂਪ ਸਬੰਧੀ ਪਈਆਂ ਗੁੰਝਲਾਂ ਤੋਂ ਪੂਰੀ ਤਰ੍ਹਾਂ ਦੇ ਨਾਲ ਮੁਕਤ ਹੋ ਜਾਣ, ਇੱਕ ਪਧਰਾ ਰਾਹ ਲੱਭ ਲੈਣ।

2 ਗੁਰਮਤਿ ਸੰਗੀਤ ਪੱਧਤੀ ਨੂੰ ਇੱਕ ਨਿਵੇਕਲੇ ਤੇ ਵਿਲੱਖਣ ਘਰਾਣੇ ਦੇ ਰੂਪ ਵਿੱਚ ਉਤਸ਼ਾਹਿਤ ਕਰਨਾ।

3 ਸ੍ਰੀ ਹਰਿਮੰਦਰ ਸਾਹਿਬ ਵਿੱਚ ਲਗਦੀਆਂ 7 ਚੌਂਕੀਆਂ ਨੂੰ ਬਰਕਰਾਰ ਰੱਖਣਾ।

4 ਵਿਭਿੰਨ ਰਾਗਾਂ, ਪਉੜੀਆਂ ਨੂੰ ਨਿਯਮਤ ਸਮੇਂ ਅਨੁਸਾਰ ਗਾਇਨ ਕਰਨ ਨੂੰ ਉਤਸ਼ਾਹ ਦੇਣਾ ਤੇ ਤੰਤੀ ਸਾਜ਼ਾਂ ਦਾ ਪ੍ਰਚਾਰ ਕਰਨਾ।

5 ਫਿਲਮੀ ਧੁੰਨਾਂ, ਗ਼ਜ਼ਲਾਂ ਤੇ ਕਵਾਲੀਆਂ ਦੇ ਰੂਪ ਵਿੱਚ ਸ਼ਬਦ ਗਾਇਨ ਨੂੰ ਵਰਜਿਤ ਕਰਾਰ ਦੇਣਾ।

6 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ’ਤੇ ਆਧਾਰਤ ਰਾਗਕੋਸ਼ ਸੰਗੀਤ ਆਚਾਰਯ ਤੇ ਸੰਗੀਤ ਖੋਜੀਆਂ ਪਾਸੋਂ ਤਿਆਰ ਕਰਵਾਉਣੇ।

7 ਸੰਗੀਤ ਵਿਦਿਆਲਾ ਚਾਲੂ ਕਰਨਾ ਤਾਂ ਸੰਗੀਤ ਪ੍ਰੇਮੀ, ਕੀਰਤਨਕਾਰ ਰਾਗੀ ਸਿੰਘ ਰਾਗਾਂ ਦੇ ਸਹੀ ਸਰੂਪ ਲਈ ਰਹਿਨੁਮਾਈ ਤੇ ਅਗਵਾਈ ਪ੍ਰਾਪਤ ਕਰ ਸਕਣ।

8 ਰਾਗਾਂ ਨੂੰ ਕਲਮਬੱਧ, ਸੰਗੀਤਬੱਧ ਰੂਪ ਵਿੱਚ ਲਾਇਬ੍ਰੇਰੀ ਪ੍ਰਬੰਧ ਦੀ ਵਿਵਸਥਾ ਹੇਠ ਲਿਆਉਣ ਜਿਸ ਤੋਂ ਖੋਜੀਆਂ ਨੂੰ ਆਪਣੇ ਖੋਜ ਨਿਬੰਧ ਲਿਖਣ ਵਿੱਚ ਮਦਦ ਮਿਲ ਸਕੇ।

9 ਸਮੁੱਚੇ ਸਮਾਗਮ ਦੀ ਰਿਕਾਰਡਿੰਗ ਕਰਕੇ ਕੈਸਟਾਂ ਸੰਗਤਾਂ ਲਈ ਉਪਲਬਧ ਕਰਵਾਉਣਾ।

10 ਆਡੀਓ ਅਤੇ ਵੀਡੀਓ ਕੈਸਟਾਂ ਨੂੰ ਲਾਇਬ੍ਰੇਰੀ ਦਾ ਸਰਮਾਇਆ ਬਣਾ, ਆਉਣ ਵਾਲੀ ਪੀੜ੍ਹੀ ਨੂੰ ਰਾਗਾਂ ਦੇ ਸਹੀ ਸਰੂਪ ਦੀ ਪਹਿਚਾਣਨ ਤੇ ਗਾਇਨ ਲਈ ਸੇਧ ਦੇਣੀ।

***ਇਹ ਸਮਾਗਮ ਸਿੱਖਾਂ ਦੇ ਗੌਰਵਮਈ ਵਿਰਸੇ ਨੂੰ ਟਕਸਾਲੀ ਰੂਪ ਵਿੱਚ ਗ੍ਰਹਿਣ ਕਰਨ ਦਾ ਇੱਕ ਵਿਸ਼ੇਸ਼ ਯਤਨ ਹੈ। ਸੋ ਪਿਉ ਦਾਦੇ ਦੇ ਅਨਮੋਲ ਖਜ਼ਾਨੇ ਨੂੰ ਖੋਜਣ, ਪੜਤਾਲਣ ਤੇ ਸਾਂਭਣ ਦਾ ਇਹ ਇੱਕ ਵਿਲੱਖਣ ਤਰਦੱਦ ਹੈ। ਇਹ ਖ਼ਜ਼ਾਨਾ ਤੇ ਗਿਆਨ ਦਾ ਅਦੁੱਤੀ ਭੰਡਾਰ ਆਉਣ ਵਾਲੀਆਂ ਨਸਲਾਂ ਦੇ ਨਾਂ ਬਾਬਾ ਸੁੱਚਾ ਸਿੰਘ ਦੀ ਇੱਕ ਅਮੋਲਕ ਵਸੀਅਤ ਹੋਵੇਗੀ ਜਿਹੜੀ ਉਹ ਆਪਣੀ ਸਿੱਖ ਕੌਮ ਨੂੰ ਵਿਰਾਸਤ ਦੇ ਰੂਪ ਵਿੱਚ ਦੇਣਗੇ।*** ਗੁਰੂ ਨਾਨਕ ਦੇ ਖ਼ਜ਼ਾਨੇ ਦੀ ਚਾਬੀ ਸੰਗੀਤ ਪ੍ਰੇਮੀਆਂ ਤੇ ਸਿੱਖ ਸੰਗਤਾਂ ਦੇ ਹੱਥਾਂ ਵਿੱਚ ਸੌਂਪ ਉਨ੍ਹਾਂ ਨੂੰ ਅਮੀਰ ਬਣਾ ਦੇਣਾ ਹੀ ਇਸ ਸਮਾਗਮ ਦੀ ਉੱਚਤਮ ਪ੍ਰਾਪਤੀ ਹੋਵੇਗੀ।

ਸਾਡੀ ਗੁਰੂ ਨਾਨਕ ਸਾਹਿਬ ਅੱਗੇ ਇਹੀ ਅਰਦਾਸ ਹੈ ਕਿ ਉਹ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਬਾਬਾ ਜੀ ਨੂੰ ਉੱਦਮ, ਉਤਸ਼ਾਹ ਤੇ ਪ੍ਰੇਰਨਾ ਬਖ਼ਸ਼ਦੇ ਰਹਿਣ ਤੇ ਉਹ ਇਸ ਕਾਰਜ ਲਈ ਕਮਰਕੱਸੇ ਬੰਨ੍ਹੀ ਰੱਖਣ।

◈◈◈◈◈◈◈



# ਸੰਗੀਤ ਸੰਮੇਲਨ-ਇਕ ਜਾਇਜ਼ਾ

ਪ੍ਰਿਥੀਪਾਲ ਸਿੰਘ ਕਪੂਰ

ਇਕ ਦਿਨ ਸਵੇਰੇ-ਸਵੇਰੇ ਹੀ ਮੈਨੂੰ ਇੱਕ ਸੁਯੋਗ ਵਿਦਿਆਰਥੀ, ਅਮਰਜੀਤ ਸਿੰਘ ਦਾ ਟੈਲੀਫੋਨ ਆਇਆ। ਉਸਨੇ ਯਾਚਨਾ ਕੀਤੀ ਕਿ ਉਸੇ ਦਿਨ ਸ਼ਾਮੀ ਉਸ ਦੇ ਨਾਲ ਮੈਂ ਜਵੱਦੀ ਕਲਾਂ ਵਿਖੇ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਮਿਲਣ ਲਈ ਜਾਵਾਂ। ਅਮਰਜੀਤ ਸਿੰਘ ਨੂੰ ਮੈਂ ਲਗਭਗ ਤਿੰਨ ਦਹਾਕਿਆਂ ਤੋਂ ਜਾਣਦਾ ਹਾਂ ਅਤੇ ਮੈਂ ਉਸ ਦੀ ਧਰਮ ਪ੍ਰਤੀ ਸ਼ਰਧਾ ਅਤੇ ਸਿਰੜ ਤੋਂ ਪ੍ਰਭਾਵਿਤ ਹਾਂ, ਇਸ ਲਈ ਮੈਂ ਜਾਣਾ ਮੰਨ ਲਿਆ। ਵੈਸੇ ਪ੍ਰਚਾਰ ਦੇ ਸੰਦਰਭ ਵਿਚ ਮੈਂ ਮਹਾਪੁਰਖਾਂ ਦੇ ਮਹੱਤਵ ਨੂੰ ਸਦਾ ਹੀ ਸਵੀਕਾਰਦਾ ਰਿਹਾ ਹਾਂ ਪਰ ਕਈ ਥਾਂਈਂ ਮੈਂ ਡੇਰੇ ਵਾਲੇ ਸਾਧੂ ਸੰਤਾਂ ਨੂੰ ਸਿੱਖ ਧਰਮ ਨੂੰ ਆਧੁਨਿਕਤਾ ਤੋਂ ਪਰੇ, ਤੇ ਰੀਤੀਵਾਦ ਵੱਲ ਘਸੀਟਦਿਆਂ ਦੇਖ ਕੇ ਨਿਰਾਸ਼ ਵੀ ਹੋਇਆ ਹਾਂ। ਜਵੱਦੀ ਵਿੱਚ ਉਸ ਦਿਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਗੁਰਮਤਿ ਸੰਗੀਤ ਸੰਮੇਲਨ ਦੇ ਆਯੋਜਨ ਸਬੰਧੀ ਇੱਕ ਮੀਟਿੰਗ ਸੀ ਜਿਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੁਝ ਵਿਦਵਾਨ (ਸਣੇ ਡਾ: ਬਲਵੰਤ ਸਿੰਘ) ਕੁਝ ਕੁ ਸਿਰਕੱਢ ਸ਼ਹਿਰੀ ਤੇ ਸੰਤ ਸੁੱਚਾ ਸਿੰਘ ਦੇ ਸ਼ਰਧਾਲੂ ਜੁੜ ਬੈਠੇ ਸਨ। ਸੰਤ ਜੀ ਨੇ ਮੈਨੂੰ ਪੂਰੇ ਮਾਣ-ਸਤਿਕਾਰ ਨਾਲ ਜੀ ਆਇਆਂ ਕਿਹਾ ਅਤੇ ਸੰਮੇਲਨ ਦੀ ਸਫਲਤਾ ਲਈ ਯਾਚਨਾ ਕੀਤੀ। ਖ਼ੈਰ ਮੈਂ ਆਪਣੀ ਯੋਗਤਾ ਮੁਤਾਬਿਕ ਮੀਟਿੰਗ ਵਿੱਚ ਹਿੱਸਾ ਪਾਇਆ ਪਰ ਜਦੋਂ ਮੀਟੰਗ ਪਿੱਛੋਂ ਆਇਆ ਤਾਂ ਮੇਰਾ ਪ੍ਰਭਾਵ ਸੀ ਕਿ ਸੰਤ ਸੁੱਚਾ ਸਿੰਘ ਜੀ ਲਗਨ ਵਾਲੇ, ਗਤੀਸ਼ੀਲ ਤੇ ਵਿਵਹਾਰਕ ਵਿਅਕਤੀ ਹਨ ਅਤੇ ਉਹ ਰੀਤਕਤਾ ਨੂੰ ਆਧੁਨਿਕਤਾ ਤੱਕ ਪਹੁੰਚਾ ਕੇ ਸਿੱਖ ਧਰਮ ਦੀ ਸੇਵਾ ਲਈ ਉਤਸੁਕ ਹਨ।ਮੀਟਿੰਗ ਉਪਰੰਤ ਮੇਰਾ ਪ੍ਰਭਾਵ ਸੀ ਕਿ ਬਾਬਾ ਜੀ ਤੇ ਉਨ੍ਹਾਂ ਦੀ ਟੀਮ ਕੋਈ ਅਜਿਹਾ ਤਕੜਾ ਤੇ ਪ੍ਰਭਾਵਸ਼ਾਲੀ ਸਮਾਗਮ ਰਚੇਗੀ ਜੋ ਕੀਰਤਨ ਪੰਰਪਰਾ ਦੇ ਇਤਿਹਾਸ ਵਿੱਚ ਯਾਦਗਾਰੀ ਹੋਵੇਗਾ।

ਸੰਤ ਸੁੱਚਾ ਸਿੰਘ ਜੀ ਨੇ ਇਸ ਸਮਾਗਮ ਦੀ ਗੱਲ ਕੁਝ ਹੀ ਮਹੀਨੇ ਪਹਿਲਾਂ ਚਲਾਈ ਸੀ। ਇਸੇ ਦੌਰਾਨ ਉਨ੍ਹਾਂ ਨੇ 52 ਰਾਗੀ ਜਥਿਆਂ ਨਾਲ ਸੰਪਰਕ ਕੀਤਾ। ਕਾਲਜਾਂ/ ਯੂਿਵਰਸਿਟੀਆਂ ਦੇ ਸੰਗੀਤ ਵਿਭਾਗਾਂ ਨਾਲ ਜੁੜੇ ਵਿਦਵਾਨਾਂ ਨੂੰ ਸਮਾਗਮ ਵੱਲ ਰੁਚਿਤ ਕੀਤਾ। ਇਸ ਮੰਤਵ ਲਈ ਉਨ੍ਹਾਂ ਦੀ ਇੱਕ ਮੀਟਿੰਗ ਵੀ ਬੁਲਾਈ। ਵਿਦਵਾਨਾਂ ਨਾਲ ਸਲਾਹ ਕਰਕੇ ਇੱਕ ਸਮ੍ਰਿਤੀ ਗ੍ਰੰਥ ਤਿਆਰ ਕਰਨ ਦਾ ਉਪਰਾਲਾ ਕੀਤਾ ਤੇ ਫੇਰ ਇਤਨੇ ਵੱਡੇ ਸਮਾਗਮ ਲਈ ਪੰਡਾਲ, ਲੰਗਰ, ਰਿਹਾਇਸ਼, ਪਾਣੀ, ਸੌਚਾਲਯ ਤੇ ਨਿਰੰਤਰ ਬਿਜਲੀ ਸਪਲਾਈ ਸਭ ਕੁਝ ਸੁਨਿਸ਼ਚਿਤ ਕੀਤਾ। ਸਮਾਗਮ 9-13 ਅਕਤੂਬਰ ਪੰਜ ਦਿਨ ਚੱਲਿਆ। ਇਸ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਵਾਯੂਮੰਡਲ ਵਿੱਚ ਹੀ ਅਧਿਆਤਮਿਕਤਾ ਪਸਰੀ ਪਈ ਸੀ। ਦੂਰ ਤੋਂ ਕਾਰਾਂ ਦੇ ਹਾਰਨ ਬੰਦ ਕਰਨ ਲਈ ਬੇਨਤੀਆਂ ਪੰਡਾਲ ਵਿਚਲੇ ਚੁੱਪ ਤੇ ਸ਼ਾਂਤ ਮਾਹੌਲ ਦੀਆਂ ਸੂਚਕ ਸਨ। ਲੁਕਾਈ ਤਾਂ ਜਵੱਦੀ ਵੱਲ ਤੁਰਦੀ ਜਾਂਦੀ ਸੀ ਪਰ ਮੇਲੇ ਦਾ ਦ੍ਰਿਸ਼ ਉੱਕਾ ਹੀ ਨਹੀਂ ਬਣਨ ਦਿੱਤਾ ਗਿਆ ਅਤੇ ਇਹੀ ਪ੍ਰਬੰਧਕਾਂ ਦੀ ਕਮਾਲ ਸੀ। ਪੰਡਾਲ ਵਿੱਚ ਫੁੱਲ ਬੂਟਿਆਂ ਦੇ ਗਮਲਿਆਂ ਦੀ ਸਜਾਵਟ ਨੇ ਨਿਰਧਾਰਤ ਰਾਗਾਂ ਵਿੱਚ ਪੜ੍ਹੇ ਜਾ ਰਹੇ ਸ਼ਬਦਾਂ ਲਈ ਢੁਕਵਾਂ ਤੇ ਆਨੰਦਮਈ ਵਾਤਾਵਰਣ ਬਣਾਈ ਰੱਖਿਆ। ਪੰਥ ਦੇ ਪ੍ਰਮੁੱਖ ਰਾਜਸੀ/ ਸਮਾਜਕ ਵਿਅਕਤੀ ਸਮਾਗਮ ਵਿੱਚ ਪੁੱਜੇ ਤਾਂ ਸਹੀ ਪਰ ਗੁਰਬਾਣੀ ਕੀਰਤਨ ਨਾਲ ਰਸਨਾ ਪਵਿੱਤਰ ਕਰ ਰਹੀਆਂ ਸੰਗਤਾਂ ਦਾ ਉਚੇਚਾ

ਧਿਆਨ ਉਹ ਖਿੱਚ ਨਾ ਸਕੇ। ਕਾਰਨ, ਉਨ੍ਹਾਂ ਲਈ ਕੋਈ ਉੱਚੀ ਸਟੇਜ ਨਹੀਂ ਲੱਗੀ ਹੋਈ ਸੀ ਅਤੇ ਨਾ ਹੀ ਉਨ੍ਹਾਂ ਪਾਸੋਂ ਭਾਸ਼ਨਾਂ ਦੀ ਯਾਚਨਾ ਕੀਤੀ ਜਾਂਦੀ ਸੀ। ਸੰਤ ਸੁੱਚਾ ਸਿੰਘ ਜੀ ਨੇ ਜੋ ਅੰਤਲੇ ਦਿਨ ਭਾਸ਼ਣ ਦਿੱਤਾ, ਉਹ ਸਾਦ-ਮੁਰਾਦਾ ਪਰ ਸਵੈ-ਭਰੋਸੇ ਤੇ ਹਲੀਮੀ ਸੁਭਾਅ ਦਾ ਸੂਚਕ ਸੀ। ਕੇਂਦਰੀ ਨੁਕਤਾ ਇਹੀ ਸੀ ਕਿ ਗੁਰਬਾਣੀ ਜਾਂ ਗੁਰਮਤਿ ਸੰਗੀਤ ਦੀ ਨਿਵੇਕਲੀ ਪਹਿਚਾਣ ਹੈ ਅਤੇ ਉਸ ਦੀ ਸੰਭਾਲ ਜ਼ਰੂਰੀ ਹੈ ਅਤੇ ਇਸ ਸੰਭਾਲ ਲਈ ਉਪਲਬਧ ਆਧੁਨਿਕ ਸਾਧਨਾਂ (ਵੀਡੀਓ, ਆਡੀਓ ਆਦਿ) ਦੀ ਵਰਤੋਂ ਕਰਨੀ ਚਾਹੀਦੀ ਹੈ। ਇਸੇ ਲਈ ਪੂਰੇ ਪ੍ਰੋਗਰਾਮ ਦੇ ਵੀਡੀਓ ਅਤੇ ਆਡੀਓ ਟੇਪਾਂ ਨਾਲੋਂ ਨਾਲ ਤਿਆਰ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਅਜੋਕੇ ਸੰਘਰਸ਼ਮਈ ਸਮੇਂ ਵਿੱਚ ਇਤਨਾ ਰਚਨਾਤਮਕ ਕਾਰਜ ਕਰ ਗੁਜ਼ਰਨਾ ਵੱਡੀ ਪ੍ਰਾਪਤੀ ਹੈ ਜਿਸ ਲਈ ਸੰਤ ਸੁੱਚਾ ਸਿੰਘ ਜੀ ਤੇ ਉਨ੍ਹਾਂ ਦੇ ਸਹਿਯੋਗੀ ਵਧਾਈ ਦੇ ਪਾਤਰ ਹਨ।

ਗੁਰਮਤਿ ਸੰਗੀਤ ਸੰਮੇਲਨ ਦੇ ਅਵਸਰ ’ਤੇ ਜੋ ਸੋਵੀਨਾਰ ਪ੍ਰਕਾਸ਼ਿਤ ਕੀਤਾ ਗਿਆ ਹੈ, ਉਸ ਦੀ ਚਰਚਾ ਬਿਨਾਂ ਇਹ ਜਾਇਜ਼ਾ ਅਧੂਰਾ ਰਹੇਗਾ। ਇਸ ਸੋਵੀਨਾਰ ਵਿੱਚ ਗੁਰਬਾਣੀ ਸੰਗੀਤ ਦੇ ਮਹੱਤਵ ਨੂੰ ਦ੍ਰਿੜਾਉਣ ਦੇ ਯਤਨ ਵਜੋਂ ਕਈ ਵਿਦਵਾਨਾਂ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ ਅਤੇ ਨਾਲ ਹੀ ਕਲਾਕਾਰ ਦਵਿੰਦਰ ਸਿੰਘ ਤੇ ਜਰਨੈਲ ਸਿੰਘ ਦੁਆਰਾ ਰੰਗਾਂ ਨਾਲ ਸੁਸੱਜਿਤ ਰਾਗਾਂ ਦੇ ਚਿੱਤਰ ਵੀ ਹਨ। ਉਚਿਤ ਹੀ ਕਈ ਵਿਦਵਾਨਾਂ ਨੇ ਇਸ ਪਾਸੇ ਧਿਆਨ ਦਿਵਾਇਆ ਹੈ ਕਿ ਰਾਗ ਗੁਰਬਾਣੀ ਦੇ ਭਾਵ ਨੂੰ ਸਮਝਣ/ਸਮਝਾਉਣ ਦਾ ਨਰੋਆ ਸਾਧਨ ਹੈ। ‘ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਦਾ ਪ੍ਰਯੋਗ ਬਾਣੀ ਦੇ ਭਾਵਾਂ ਦੇ ਅਨੁਕੂਲ ਕੀਤਾ ਗਿਆ ।’ ਇਸੇ ਲਈ ਬਾਣੀ ਰਾਗਾਂ ਦੀ ਖਾਤਰ ਨਹੀਂ ਹੈ। ਇਸ ਪੱਖੋਂ ਸੁਚੇਤ ਰਹਿ ਕੇ ਹੀ ਰਾਗਾਂ ਦੇ ਮਹੱਤਵ ਦਾ ਅਧਿਐਨ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਰਹੇਗਾ ਅਤੇ ਉਪਯੋਗੀ ਵੀ ਹੋਵੇਗਾ। ਪਰ ਅਜਿਹੀ ਵਡਮੁੱਲੀ ਸਮੱਗਰੀ ਦੇ ਨਾਲ ਰਾਜਸੀ ਨੇਤਾਵਾਂ ਅਤੇ ਉੱਚ ਅਫਸਰਾਂ ਦੇ ਸੰਦੇਸ਼ ਬੇਲੋੜੇ ਜਿਹੇ ਜਾਪਦੇ ਹਨ। ਸਮੁੱਚੇ ਤੌਰ ’ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕੀਰਤਨ ਪਰੰਪਰਾ ਦੇ ਇਤਿਹਾਸ ਦੀ ਮੀਲ-ਪੱਥਰੀ ਘਟਨਾ ਕਰਕੇ ਜਾਣਿਆ ਜਾਵੇਗਾ।

*(ਧੰਨਵਾਦ ਸਹਿਤ ਰੋਜ਼ਾਨਾ ਅਜੀਤ: 1 ਨਵੰਬਰ, 1991)*





# ਆਦਿ ਗ੍ਰੰਥ ਦਾ ਭਾਰਤੀ ਸੰਗੀਤ ਪ੍ਰਤੀ ਯੋਗਦਾਨ

ਭਾਈ ਬਲਦੇਵ ਸਿੰਘ, ਹਜ਼ੂਰੀ ਰਾਗੀ ਬੁੱਢਾ ਦਲ

ਆਦਿ ਗ੍ਰੰਥ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਦੀ ਸੰਪਾਦਨਾ ਪੰਜਵੇਂ ਗੁਰੂ - ਗੁਰੂ ਅਰਜਨ ਦੇਵ ਜੀ ਨੇ 1604 ਈ: ਵਿੱਚ ਕੀਤੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕੀਤੀ ਅਤੇ ਸਮਕਾਲੀ ਭਗਤਾਂ ਦੀ ਬਾਣੀ ਜੋ ਗੁਰੂ ਆਸ਼ੇ ਅਨੁਕੂਲ ਸੀ, ਦਾ ਘੋਖਵਾਂ ਅਧਿਐਨ ਕਰਨ ਉਪਰੰਤ ਆਪਣੇ ਪਰਮ ਸਿੱਖ ਭਾਈ ਗੁਰਦਾਸ ਜੀ ਕੋਲੋਂ ਇੱਕ ਇਕਾਂਤ ਜਗ੍ਹਾ ਜਿਸ ਦਾ ਨਾਮ ਹੁਣ ਗੁਰਦੁਆਰਾ ਰਾਮਸਰ ਅੰਮ੍ਰਿਤਸਰ ਸਾਹਿਬ ਹੈ, ਵਿਖੇ ਆਪ ਜੀ ਦੀ ਪਵਿੱਤਰ ਰਹਿਨੁਮਾਈ ਵਿੱਚ ਲਿਖਵਾਇਆ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਰਾਗਾਂ ਦੇ ਆਧਾਰ ’ਤੇ ਹੋਈ। ਸਮੁੱਚੀ ਬਾਣੀ ਰਾਗਾਤਮਕ ਹੈ। ਵਿਸ਼ਵ ਵਿੱਚ ਅਜਿਹਾ ਕੋਈ ਗ੍ਰੰਥ ਪ੍ਰਾਪਤ ਨਹੀਂ ਹੁੰਦਾ ਜਿਸਦੀ ਸਮੁੱਚੀ ਬਾਣੀ (ਕਵਿਤਾ) ਸੰਗੀਤ-ਆਤਮਕ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੇਵਲ ਅਧਿਆਤਮਕ ਜਗਤ ਨੂੰ ਹੀ ਦੇਣ ਨਹੀਂ, ਸਗੋਂ ਕਲਾ ਜਗਤ ਨੂੰ ਇੱਕ ਅਨੂਠੀ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਅਨੁਸਾਰ ਰਾਗਾਂ ਦੀ ਗਿਣਤੀ 31 ਹੈ, ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਪਾਠ ਪੜ੍ਹਨ ਅਤੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ 31 ਰਾਗਾਂ ਦੇ ਅਧੀਨ 29 ਰਾਗ ਹੋਰ ਵੀ ਹਨ। ਜਿਨ੍ਹਾਂ ਬਾਰੇ ਅੱਗੇ ਚੱਲ੍ਹ ਕੇ ਲਿਖਾਂਗੇ। 14ਵੀਂ, 15ਵੀਂ, 16ਵੀਂ ਸ਼ਤਾਬਦੀ ਵਿੱਚ ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਸੰਗੀਤ ਨੂੰ ਕਿਵੇਂ ਰਾਜ ਦਰਬਾਰਾਂ ਵਿੱਚ ਵਿਲਾਸੀ ਰੁਚੀਆਂ ਲਈ ਵਰਤੋਂ ਹੁੰਦੀ ਸੀ। ਸਤਿਗੁਰਾਂ ਅਤੇ ਸੰਤਾਂ, ਭਗਤਾਂ ਇਸ ਵਿਰੁੱਧ ਆਵਾਜ਼ ਉਠਾਈ ਅਤੇ ਪ੍ਰਭੂ ਦੀ ਉਸਤਤ ਨੂੰ ਇਨ੍ਹਾਂ ਰਾਗਾਂ ਅਧੀਨ ਗਾ ਕੇ ਆਪਣੇ ਵੱਲ ਪ੍ਰੇਰਿਤ ਕੀਤਾ। ਪ੍ਰੋ: ਪਿਆਰਾ ਸਿਘ ਪਦਮ ਅਨੁਸਾਰ: ‘ਦਰਬਾਰੀ ਸੰਗੀਤ ਤੇ ਸੰਤ ਸੰਗੀਤ ਵਿੱਚ ਅੰਤਰ ਹੀ ਇਹ ਸੀ ਕਿ ਦੋਹਾਂ ਦੇ ਵਿਸ਼ੇ ਵਿੱਚ ਅੰਤਰ ਹੀ ਇਹ ਸੀ ਕਿ ਦੋਹਾਂ ਦੇ ਵਿਸ਼ੇ-ਵਸਤੂ ਦਾ ਤਕੜਾ ਭਿੰਨ ਭੇਦ ਸੀ। ਜਿਥੇ ਦਰਬਾਰੀ ਸੰਗੀਤ ਕੇਵਲ ਮਾਨਸਿਕ ਵਿਲਾਸ ਲਈ ਸੀ ਉਥੇ ਸੰਤ ਸੰਗੀਤ ਜ਼ਿੰਦਗੀ ਨੂੰ ਪ੍ਰਮਾਰਥਕ ਆਦਰਸ਼ ਦ੍ਰਿੜ ਕਰਵਾਉਂਦਾ ਸੀ। ਗੁਰੂਆਂ, ਸੰਤਾਂ, ਸੂਫੀਆਂ ਇਸ ਦੀ ਲਾਭਦਾਇਕ ਵਰਤੋਂ ਕੀਤੀ। ਕੁਝ ਹੱਦ ਤੱਕ ਸੰਗੀਤ ਨੂੰ ਨਵਾਂ ਰੂਪ ਵੀ ਦਿੱਤਾ। ਕਿਉਂਕਿ ਸੰਤ, ਸਾਧੂ ਆਮ ਤੌਰ ’ਤੇ ਹੇਠਕੇ ਤਬਕੇ ਵਿੱਚੋਂ ਉੱਠੇ ਸਨ ਤੇ ਉਨ੍ਹਾਂ ਨੂੰ ਲੋਕਧੁਨਾਂ ਦੀ ਚੰਗੀ ਜਾਣਕਾਰੀ ਸੀ। ਇਸ ਕਰਕੇ ਉਨ੍ਹਾਂ ਸ਼ਾਸਤਰੀ ਸੰਗੀਤ ਦਾ ਸੁਮੇਲ ਕਰਨ ਦੀ ਚੰਗੀ ਸਫਲਤਾ ਹਾਸਲ ਕੀਤੀ ਸੀ।

**ਸ਼ਾਸਤਰੀ ਸੰਗੀਤ:** ਸਤਿਗੁਰਾਂ ਜਿਥੇ ਇਸ ਇਲਾਹੀ ਕਲਾਮ ਨੂੰ ਆਪ ਰਾਗਾਂ ਵਿੱਚ ਗਾਉਣ ਦੀ ਹਦਾਇਤ ਕੀਤੀ। ਗੁਰੂ ਸਾਹਿਬਾਨਾਂ ਆਪਣੇ ਨਾਲ ਚੰਗੇ-ਚੰਗੇ ਰਬਾਬੀ ਰੱਖੇ ਹੋਏ ਸਨ। ਗੁਰੂ ਨਾਨਕ ਪਿਤਾ ਦਾ ਸਾਥੀ ਭਾਈ ਮਰਦਾਨਾ ਉਮਰ ਭਰ ਬਾਬੇ ਨਾਲ ਰਿਹਾ। ਗੁਰੂ ਅਰਜਨ ਦੇਵ ਆਪ ਸਾਰੰਦਾ ਵਜਾਉਂਦੇ ਅਤੇ ਕੀਰਤਨ ਕਰਦੇ ਸਨ। ਗੁਰੂ ਅਮਰਦਾਸ ਜੀ ਨੂੰ ਸਾਰੰਦਾ ਦਾ ਅਵਿਸ਼ਕਾਰਕ ਮੰਨਿਆ ਜਾਂਦਾ ਹੈ।

ਇਤਿਹਾਸਕ ਖੋਜ ਅਨੁਸਾਰ ਗੁਰੂ ਨਾਨਕ ਦੇਵ ਜਦੋਂ ਬੰਗਾਲ ਗਏ ਤਾਂ ਉਥੋਂ ਦੇ ਪ੍ਰਸਿੱਧ ਸੰਤ ਚੇਤੰਨ ਪ੍ਰਭੂ ਅਤੇ ਬਾਬਾ ਨਾਨਕ ਨੇ ਇਕੱਠਿਆਂ ਜਗਨ ਨਾਥ ਪੁਰੀ ਵਿੱਚ ਕੀਰਤਨ

ਕੀਤਾ, ਇਹ ਵਾਕਿਆ 1510-12 ਦਾ ਹੈ। ਸਤਿਗੁਰਾਂ ਦੁਆਰਾ ਰਾਗਾਂ ਦੀ ਉਪਮਾ ਵਿੱਚ ਅਨੇਕਾਂ ਪੰਕਤੀਆਂ ਉਚਾਰੀਆਂ ਹੋਈਆਂ ਮਿਲਦੀਆਂ ਹਨ। ਟੂਕ ਸੂਤਰ:

**ਰਾਗ ਸਿਰੀ:** *ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥* (ਅੰਗ ੮੩)

**ਰਾਗ ਗਉੜੀ:** *ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥* (ਅੰਗ ੩੧੧)

**ਰਾਗ ਗੂਜਰੀ:** *ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥* (ਅੰਗ ੫੧੬)

**ਰਾਗ ਬਿਲਾਵਲ:** *ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥* (ਅੰਗ ੮੪੯)

**ਰਾਗ ਵਡਹੰਸ:** *ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥* (ਅੰਗ ੫੮੫)

**ਰਾਗ ਧਨਾਸਰੀ:** *ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥* (ਅੰਗ ੧੪੧੩)

**ਰਾਗ ਰਾਮਕਲੀ:** *ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥* (ਅੰਗ ੯੫੦)

**ਰਾਗ ਕੇਦਾਰਾ:** *ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥* (ਅੰਗ ੧੦੮੭)

**ਰਾਗ ਮਾਰੂ:** *ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ॥*
*ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ॥* (ਅੰਗ ੧੪੨੫)

**ਰਾਗ ਸੋਰਠਿ:** *ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥* (ਅੰਗ ੧੪੨੫)

**ਲੋਕ ਸੰਗੀਤ:** ਗੁਰੂ ਸਾਹਿਬਾਨ ਦਾ ਉਦੇਸ਼ ਸਾਧਾਰਨ ਲੋਕਾਈ ਨੂੰ ਸੰਗੀਤ ਵਰਗੀ ਅਨਮੋਲ ਵਸਤੂ ਵਿੱਚ ਬਾਣੀ ਉਚਾਰ ਕੇ ਸ਼ਬਦ ਨਾਲ ਜੋੜ ਅਧਿਆਤਮਿਕ ਗਿਆਨ ਤੋਂ ਜਾਣੂ ਕਰਵਾਉਣਾ ਸੀ। ਇਸੇ ਲਈ ਸਤਿਗੁਰਾਂ ਉਪਰੋਕਤ ਲੋਕ ਧੁਨਾਂ ਨੂੰ ਗੁਰਬਾਣੀ ਉਚਾਰਨ ਸਮੇਂ ਵਿਸ਼ੇਸ਼ ਚੁਣਿਆ। ਮਾਝੇ ਵਿਚਲੀ ਪ੍ਰਚੱਲਤ ਧੁਨ ਵਿੱਚ ਸਤਿਗੁਰਾਂ ਬਾਣੀ ਉਚਾਰ ਕੇ ਉਸ ਰਾਗ ਨੂੰ ਪਦਵੀ ਬਖ਼ਸ਼ੀ। ਇਸੇ ਤਰ੍ਹਾਂ ਸਤਿਗੁਰਾਂ ਅਲੱਗ-ਅਲੱਗ ਇਲਾਕੇ ਦੀਆਂ ਹੋਰਨਾਂ ਬੋਲੀਆਂ ਵਿੱਚ ਬਾਣੀ ਉਚਾਰੀ। ਵਿਸ਼ੇਸ਼ ਕਰਕੇ ਸਤਿਗੁਰ ਨਾਨਕ ਪਿਤਾ ਦੁਆਰਾ ਅਲੱਗ-ਅਲੱਗ ਸੂਬਿਆਂ ਦਾ ਵਿਸ਼ੇਸ਼ ਦੌਰਾ ਜਿਸ ਨੂੰ ਵਿਸ਼ੇਸ਼ ਉਦਾਸੀਆਂ ਵੀ ਆਖਿਆ ਜਾਂਦਾ ਹੈ, ਉਸ ਸਮੇਂ ਸਤਿਗੁਰ ਜਿਸ ਮੁਲਕ, ਸੂਬੇ ਵਿੱਚ ਗਏ ਆਪ ਨੇ ਉਥੇ ਦੀ ਪ੍ਰਚੱਲਿਤ ਬੋਲੀ ਵਿੱਚ ਹੀ ਬਾਣੀ ਉਚਾਰ ਕੇ ਉਨ੍ਹਾਂ ਨੂੰ ਕੀਰਤਨ ਰਾਹੀਂ ਆਪਣੇ ਨਾਲ ਜੋੜਿਆ। ਇਸਸ ਤਰ੍ਹਾਂ ਸੰਤਾਂ, ਭਗਤਾਂ ਤੇ ਗੁਰੂਆਂ ਨੇ ਲੋਕ ਧਾਰਨਾ ਦੇ ਆਦਰਸ਼ ਤੇ ਵੰਨ-ਸੁਵੰਨੇ ਗੀਤਾਂ ਦੀ ਰਚਨਾ ਕੀਤੀ। ਸਤਿਗੁਰਾਂ ਜੋ ਲੋਕ ਧੁਨਾਂ ਵਿੱਚ ਬਾਣੀ ਉਚਾਰੀ, ਉਹ ਇਸ ਵੇਰਵੇ ਅਨੁਸਾਰ ਹੈ: ਅਲਾਹੁਣੀ, ਆਰਤੀ, ਅੰਜੁਲੀ, ਸੋਹਿਲਾ, ਸੱਦ, ਕਰਹਲੇ, ਕਾਫੀ, ਥਿੱਤੀ, ਘੋੜੀਆਂ, ਚਉਬੋਲੇ, ਛੰਦ, ਡਖਣੇ, ਬਾਰਾਮਾਹਾਂ, ਦਿਨ ਰੈਣਿ, ਪਹਰੈ ਪਟੀ ਬਾਵਨ ਅੱਖਰੀ, ਸਿਰਹੜੇ, ਮੰਗਲ ਰੁੱਤੀ, ਵਣਜਾਰੇ ਵਾਰ ਮਤਿ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚਲੀਆਂ 22 ਵਾਰਾਂ ਵਿਚੋਂ 9 ਵਾਰਾਂ ਨੂੰ ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਾਚੀਨ ਲੋਕ ਧੁਨਾਂ ਜੋ ਸਤਿਗੁਰਾਂ ਦੇ ਵਕਤ ਬਹੁਤ ਪ੍ਰਚੱਲਿਤ ਸਨ, ਵਿੱਚ ਗਾਉਣ ਦੀ ਤਾਕੀਦ ਕੀਤੀ।

**ਵਾਰ ਮਾਝ:** ਮੁਲਕ ਮੁਰੀਦ ਤਥਾ ਚੰਦਰਹਾੜਾ ਸੋਹੀਆ ਕੀ ਧੁਨੀ

**ਵਾਰ ਆਸਾ:** ਟੁੰਡੇ ਕਮਾਲ ਕੀ ਮੌਜ਼ਦੀ ਵਾਰਿ ਕੀ ਧੁਨੀ

**ਵਾਰ ਗੁਜਰੀ:** ਸਿਕੰਦਰ ਬਿਰਹਮ ਕੀ ਵਾਰਿ ਕੀ ਧੁਨੀ

**ਵਾਰ ਗੁਜਰੀ ਵਡਹੰਸ:** ਲਲਾ ਬਹਿਲੀਮਾ ਕੀ ਧੁਨੀ



**ਵਾਰ ਗਉੜੀ:** ਰਾਇ ਕਮਾਲ ਦੀ ਮੌਜ਼ਦੀ ਵਾਰਿ ਕੀ ਧੁਨੀ

**ਵਾਰ ਰਾਮਕਲੀ:** ਜੋਧੇ ਵੀਰ ਪੁਰਬਾਣੀ ਕੀ ਧੁਨੀ

**ਵਾਰ ਸਾਰੰਗ:** ਰਾਇ ਮਹਮੇ ਹਸਨੇ ਕੀ ਧੁਨੀ

**ਵਾਰ ਕਾਲੜਾ:** ਮੂਸੈ ਕੀ ਵਾਰਿ ਕੀ ਧੁਨੀ

**ਵਾਰ ਮਲ੍ਹਾਰ:** ਰਾਣੈ ਕਲਾਸ ਤਥਾ ਮਾਲਦੇ ਕੀ ਧੁਨੀ

ਉਪਰੋਕਤ ਨਾਮਾਵਲੀ ਤੋਂ ਭਲੀਭਾਂਤ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਪ੍ਰਚੱਲਿਤ ਲੋਕ-ਸੰਗੀਤ ਵਿੱਚ ਇਤਨੀ ਰੁਚੀ ਅਤੇ ਮੁਹਾਰਤ ਰੱਖਦੇ ਸਨ। ਸੰਤ, ਭਗਤ ਅਤੇ ਗੁਰੂ ਸਾਹਿਬਾਨਾਂ ਇਨ੍ਹਾਂ ਲੋਕਧੁਨਾਂ ਦੀ ਸੁਚੱਜੀ ਵਰਤੋਂ ਕਰਕੇ ਇਨ੍ਹਾਂ ਦੀ ਲਾਭਦਾਇਕ ਵਰਤੋਂ ਕੀਤੀ। ਇਸ ਦਾ ਅਸਰ ਇਹ ਹੋਇਆ ਕਿ ਕਈ ਰਾਗਣੀਆਂ ਇਤਨੀ ਪ੍ਰਸਿੱਧੀ ਹਾਸਲ ਕਰ ਗਈਆਂ ਕਿ ਇਨ੍ਹਾਂ ਨੂੰ ਰਾਗ ਦੀ ਪਦਵੀ ਵੀ ਮਿਲ ਗਈ। ਕੁਝ ਕੁ ਵਿਦਵਾਨ ਲੋਕਾਂ ਇਹ ਇਤਰਾਜ਼ ਵੀ ਕੀਤਾ ਕਿ ਆਦਿ ਗ੍ਰੰਥ ਵਿੱਚ ਗੁਉੜੀ, ਰਾਮਕਲੀ, ਗੁਜਰੀ ਆਦਿ ਇਸਤਰੀ ਲਿੰਗ ਨਾਮੀ ਰਾਗਣੀਆਂ ਨੂੰ ਰਾਗ ਤੋਂ ਲਿਖਿਆ ਹੈ। ਅਸਲੀਅਤ ਤਾਂ ਇਸ ਤਰ੍ਹਾਂ ਹੈ ਕਿ ਇਹ ਕਾਰਜ ਤਾਂ ਸਤਿਗੁਰਾਂ ਤੋਂ ਪਹਿਲਾਂ ਹੀ ਹੋਇਆ ਮਿਲਦਾ ਹੈ। ਗੁਰੂਆਂ ਨੇ ਇਹ ਜਾਣ-ਬੁੱਝ ਕੇ ਨਹੀਂ ਕੀਤਾ ਤੇ ਇਨ੍ਹਾਂ ਨੂੰ ਅੱਜ ਰਾਗਣੀਆਂ ਆਖਣਾ ਮੁਨਾਸਿਬ ਨਹੀਂ ਹੈ। ਇਹ ਸੰਪੂਰਨ ਰਾਗ ਹੀ ਹਨ ਕਿਉਂਕਿ ਇਨ੍ਹਾਂ ਦੇ ਆਚਾਰ ਤੇ ਪਦਵੀ ਸਭ ਰਾਗਾਂ ਅਨੁਸਾਰ ਹੀ ਹੈ। ਵੈਸੇ ਰਾਗਣੀਆਂ ਰਾਗਾਂ ਨਾਲੋਂ ਵੀ ਕੋਮਲ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਗਾਉਣਾ ਲੰਮੀ ਸਾਧਨਾ ਦੀ ਮੰਗ ਕਰਦਾ ਹੈ।

**ਪੜਤਾਲ ਗਾਇਕੀ:** ਗੁਰੂ ਰਾਮਦਾਸ ਜੀ ਨੇ ਪਹਿਲੀ ਵੇਰ ਪੜਤਾਲ ਨਾਮਕ ਸ਼ਾਸਤਰੀ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ। ਉਨ੍ਹਾਂ 7 ਰਾਗਾਂ ਵਿੱਚ 19 ਪੜਤਾਲਾਂ ਦਾ ਆਵਿਸ਼ਕਾਰ ਕੀਤਾ। ਉਪਰੰਤ ਇਨ੍ਹਾਂ ਦੇ ਮਹਾਨ ਸਪੂਤ ਗੁਰੂ ਅਰਜਨ ਦੇਵ ਜੀ ਨੇ ਪਿਤਾ ਗੁਰੂ ਦੇ ਪਦ-ਚਿੰਨ੍ਹਾਂ ਤੇ ਚਲਦਿਆਂ 36 ਪੜਤਾਲਾਂ ਦੀ ਰਚਨਾ ਕੀਤੀ। ਇਹ ਇੱਕ ਵਿਲੱਖਣ ਗਾਇਨ ਸ਼ੈਲੀ ਹੈ, ਜਿਸ ਨੂੰ ਸਤਿਗੁਰਾਂ ਨੇ ਪ੍ਰਚਾਰ ਵਿੱਚ ਲਿਆਂਦਾ। ਪੜਤਾਲ ਸ਼ਦ ਤੋਂ ਅਰਥ, ਪਰਤ ਤਾਲ, ਪਟਤਾਲ ਤੇ ਪੰਚਤਾਲ ਵਰਗੇ ਭਾਵ ਅਰਥ ਕੱਢੇ ਜਾਂਦੇ ਹਨ। ਪੜਤਾਲ ਸ਼ੈਲੀ ਦੇ ਸ਼ਬਦਾਂ ਨੂੰ ਵੱਖ-ਵੱਖ 5 ਤਾਲਾਂ ਵਿੱਚ ਲਿਪੀ-ਬੱਧ (ਨੋਟੇਸ਼ਨ) ਕੀਤਾ ਜਾਂਦਾ ਹੈ। ਸਥਾਈ ਵਿੱਚ ਇੱਕ ਤਾਲ ਹੀ ਪ੍ਰੰਤੂ ਅੰਤਰਿਆਂ ਵਿੱਚ ਵੱਖੋ-ਵੱਖਰੇ ਤਾਲਾਂ ਦਾ ਪ੍ਰਯੋਗ ਹੁੰਦਾ ਹੈ ਅਤੇ ਰਾਗ ਦਾ ਸਰੂਪ ਇੱਕ ਹੀ ਰਹਿੰਦਾ ਹੈ, ਜਿਸ ਵਿੱਚ ਗਾਇਨ ਹੋ ਰਿਹਾ ਹੈ। ਇਹ ਸ਼ੈਲੀ ਸੰਗੀਤ ਵਿਧਾਨ, ਪ੍ਰਤਿਭਾ, ਮੌਲਕਿਤ ਤਹਿਤ ਵਿਲੱਖਣ ਹੀ ਹੈ, ਜੋ ਕਿ ਭਾਰਤੀ ਸੰਗੀਤ ਪ੍ਰਤੀ ਮਹਾਨ ਦੇਣ ਹੈ।

**ਗੁਰੂ ਗ੍ਰੰਥ ਸਾਹਿਬ ਦੇ ਰਹੱਸਵਾਦੀ ਗਵੱਈਏ:** ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਹੁਰਾਂ ਅਨੁਸਾਰ 36 ਅਤੇ ਪ੍ਰੋ: ਪਿਆਰਾ ਸਿੰਘ ਅਨੁਸਾਰ 37 ਮਹਾਪੁਰਸ਼ਾਂ ਦੀ ਬਾਣੀ ਦਰਜ ਹੈ। ਪ੍ਰਸਿੱਧ ਸੰਗੀਤਾਚਾਰਯ ਪ੍ਰੋ: ਤਾਰਾ ਸਿੰਘ ਜੀ ਅਨੁਸਾਰ ਉਪਰੋਕਤ ਸਾਰੀ ਬਾਣੀ 60 ਰਾਗਾਂ ਵਿੱਚ ਗੁੰਦੀ ਹੋਈ ਹੈ। ਤਤਕਰੇ ਅਨੁਸਾਰ ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਪ੍ਰੰਤੂ ਆਦਿ ਗ੍ਰੰਥ ਦੇ ਸਮੁੱਚੇ ਪਾਠ-ਪਠਨ ਅਤੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ 31 ਰਾਗਾਂ ਅਧੀਨ ਹੋਰ ਰਾਗ ਵੀ ਹਨ ਜੋ ਕਿ ਆਪਣੀ ਵੱਖਰੀ ਪਹਿਚਾਣ ਸਦਕਾ ਦਰਜਾ ਰੱਖਦੇ ਹਨ। ਇਨ੍ਹਾਂ ਰਾਗਾਂ ਦੀ ਬਣਤਰ ਉੱਪਰ ਲਿਖੇ ਅਨੁਸਾਰ ਹੈ:

**31 ਮੁੱਖ ਰਾਗਾਂ ਦੀ ਗਿਣਤੀ**: 1 ਰਾਗ ਸਿਰੀ, 2 ਰਾਗ ਮਾਝ, 3 ਰਾਗ ਗਉੜੀ, 4 ਰਾਗ ਆਸਾ, 5 ਰਾਗ ਗੁਜਰੀ, 6 ਰਾਗ ਦੇਵਗੰਧਾਰੀ, 7 ਰਾਗ ਬਿਹਾਗੜਾ, 8 ਰਾਗ ਵਡਹੰਸ, 9 ਰਾਗ ਸੋਰਠਿ, 10 ਰਾਗ ਧਨਾਸਰੀ, 11 ਰਾਗ ਜੈਤਸਰੀ, 12 ਰਾਗ ਟੋਡੀ, 13 ਰਾਗ ਬੈਰਾੜੀ, 14 ਰਾਗ ਤਿਲੰਗ, 15 ਰਾਗ ਸੂਹੀ, 16 ਰਾਗ ਬਿਲਾਵਲ, 17 ਰਾਗ ਗੌਂਡ, 18 ਰਾਗ ਰਾਮਕਲੀ, 19 ਰਾਗ ਨਟ ਨਾਰਾਇਣ, 20 ਰਾਗ ਮਾਲੀ ਗਉੜਾ, 21 ਰਾਗ ਮਾਰੂ, 22 ਰਾਗ ਤੁਖਾਰੀ, 23 ਰਾਗ ਕੇਦਾਰਾ, 24 ਰਾਗ ਭੈਰਉ, 25 ਰਾਗ ਬਸੰਤ, 26 ਰਾਗ ਸਾਰੰਗ, 27 ਰਾਗ ਮਲ੍ਹਾਰ, 28 ਰਾਗ ਕਾਨੜਾ, 29 ਰਾਗ ਕਲਿਆਣ, 30 ਰਾਗ ਪ੍ਰਭਾਤੀ, 31 ਰਾਗ ਜੈਜਾਵੰਤੀ।

**31 ਰਾਗਾਂ ਅਧੀਨ 29 ਹੋਰ ਰਾਗ:** 1 ਗਉੜੀ ਗੁਆਰੇਰੀ, 2 ਗਉੜੀ ਦੱਖਣੀ, 3 ਗਉੜੀ ਚੇਤੀ, 4 ਗਉੜੀ ਬੈਰਾਗਣਿ, 5 ਗਉੜੀ ਦੀਪਕੀ, 6 ਗਉੜੀ ਪੂਰਬੀ ਦੀਪਕੀ, 7 ਗਉੜੀ ਪੂਰਬੀ, 8 ਗਉੜੀ ਮਾਝ, 9 ਗਉੜੀ ਮਾਲਵਾ, 10 ਗਉੜੀ ਮਾਲਾ, 11 ਗਉੜੀ ਸੋਰਠਿ, 12 ਆਸਾ ਕਾਫ਼ੀ, 13 ਆਸਾਵਰੀ, 14 ਦੇਵਗੰਧਾਰ, 15 ਵਡਹੰਸ ਦੱਖਣੀ, 16 ਤਿਲੰਗ ਕਾਫੀ, 17 ਸੂਹੀ ਕਾਫ਼ੀ, 18 ਸੂਹੀ ਲਲਿਤ, 19 ਬਿਲਾਵਲ ਗੌਂਡ, 20 ਬਿਲਾਵਲ ਦੱਖਣੀ, 21 ਰਾਮਕਲੀ ਦੱਖਣੀ, 22 ਨਟ, 23 ਮਾਰੂ ਕਾਫੀ, 24 ਮਾਰੂ ਦੱਖਣੀ, 25 ਬਸੰਤ ਹਿਡੋਲ, 26 ਕਲਿਆਣ ਭੂਪਾਲੀ, 27 ਪ੍ਰਭਾਤੀ ਦੱਖਣੀ, 28 ਪ੍ਰਭਾਤੀ ਬਿਭਾਸ, 29 ਬਿਭਾਸ ਪ੍ਰਭਾਤੀ।

ਉਪਰੋਕਤ ਖੋਜ ਤੋਂ ਇਹ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਪਣੇ ਅੰਦਰ ਸੰਗੀਤ ਦਾ ਕਿਤਨਾ ਵੱਡਾ ਖ਼ਜ਼ਾਨਾ ਸਮੋਈ ਬੈਠੇ ਹਨ। ਲੋੜ ਹੈ ਕਿ ਐਸੇ ਮਹਾਨ ਧਰਮ ਗ੍ਰੰਥ ਨੂੰ ਸੰਗੀਤ ਸ਼ਾਸਤਰੀਆਂ ਦੀ ਨਜ਼ਰ ਵਿੱਚ ਲਿਆਂਦਾ ਜਾਵੇ। ਖਾਸ ਕਰਕੇ ਉਨ੍ਹਾਂ ਰਾਗੀ ਸਿੰਘਾਂ ਨੂੰ ਬੇਨਤੀ ਹੈ ਜਿਹੜੇ ਕਿ ਸਤਿਗੁਰਾਂ ਦੁਆਰਾ ਦਰਸਾਈ ਗੁਰਮਤਿ-ਸੰਗੀਤ ਅੱਖੋਂ-ਪਰੋਖੇ ਕਰ ਕੇ ਪ੍ਰਚੱਲਤ ਟਿਊਨਾਂ ਜਾਂ ਫਿਲਮੀ ਗੀਤਾਂ ਦੇ ਆਧਾਰਿਤ ਸ਼ਬਦ-ਕੀਰਤਨ ਕਰਦੇ ਹਨ, ਨੂੰ ਛੱਡ ਕੇ ਉਸਤਾਦਾਂ ਕੋਲੋਂ ਰਾਗ ਵਿੱਦਿਆ ਦੀ ਤਾਲੀਮ ਹਾਸਲ ਕਰ ਕੇ ਰਾਗਾਂ ਅਨੁਸਾਰ ਹੀ ਗਾਉਣ ਜਿਨ੍ਹਾਂ ਵਿੱਚ ਗੁਰੂ ਸਾਹਿਬਾਨ ਦਾ ਹੁਕਮ ਹੈ। ਸਭਾ ਸੁਸਾਇਟੀਆਂ, ਕਮੇਟੀਆਂ ਜਾਂ ਧਾਰਮਿਕ ਸੰਸਥਾਵਾਂ ਨੂੰ ਇਕੱਠਿਆਂ ਹੋ ਕੇ ਜਾਂ ਕਿਸੇ ਇੱਕ ਸੰਸਥਾ ਵੱਲੋਂ ਗੁਰਮਤਿ-ਸੰਗੀਤ ਪੱਧਤੀ ਜਿਸ ਨੂੰ ਸਤਿਗੁਰਾਂ ਈਜਾਦ ਕੀਤਾ, ਅਨੁਸਾਰ ਸੰਗੀਤ ਵਿਦਿਆਲਾ ਚਾਲੂ ਕੀਤਾ ਜਾਵੇ। ਜਿਸ ਵਿੱਚ ਗੁਰੂ ਗ੍ਰੰਥ ਰਾਗ ਕੋਸ਼ ਅਨੁਸਾਰ ਹੀ ਵਿੱਦਿਆ ਦਿੱਤੀ ਜਾਵੇ। ਇਥੋਂ ਪ੍ਰਮਾਣਿਤ ਸਿੰਘਾਂ ਨੂੰ ਹੀ ਗੁਰਦੁਆਰੇ ਸਾਹਿਬਾਨ ਵਿੱਚ ਸੁਸ਼ੋਭਤ ਕੀਤਾ ਜਾਵੇ। ਉਪਰੋਕਤ ਲੋੜ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਦੀ ਸਖ਼ਤ ਲੋੜ ਹੈ ਕਿਉਂਕਿ ਇਹ ਰੂਹਾਨੀ ਸੰਗੀਤਕ ਸ਼ਬਦ ਭੰਡਾਰ ਸਾਡਾ ਗੁਰੂ ਹੈ। ਇਸ ਨੇ ਪੰਜਾਬੀਅਤ ਨੂੰ ਅਥਾਹ ਸ਼ਕਤੀ ਦਿੱਤੀ ਹੈ। ਇਸ ਅੰਮ੍ਰਿਤ ਭੰਡਾਰ ਨੂੰ ਪ੍ਰਚਾਰਨ ਵਾਸਤੇ ਸਾਨੂੰ ਦਿਨ ਰਾਤ ਇੱਕ ਕਰ ਦੇਣੇ ਚਾਹੀਦੇ ਹਨ। ਇਹ ਸਾਡਾ ਜ਼ਰੂਰੀ ਕਰਤੱਵ ਹੈ। ਅਸੀਂ ਆਪਣੇ ਪਿਉ ਦਾਦੇ ਦੇ ਅਨਮੋਲ ਖਜ਼ਾਨੇ ਨੂੰ ਵਰਤੋਂ ਵਿੱਚ ਲਿਆ ਕੇ ਜੀਵਨ ਖ਼ਜ਼ਾਨੇ ਨੂੰ ਅਮੀਰੀ ਬਖ਼ਸ਼ੀਏ, ਜਿਸ ਸਦਕਾ ਅਸੀਂ ਹਰ ਪਹਿਲੂ ਵਿੱਚ ਤਰੱਕੀ ਕਰ ਚੜ੍ਹਦੀ ਕਲਾ ਜੀਵਨ ਜੀਵੀਏ।

*(ਧੰਨਵਾਦ ਸਹਿਤ, ਚੜ੍ਹਦੀ ਕਲਾ: 11 ਅਕਤੂਬਰ, 1991)*

◈◈◈◈◈◈◈



# ਹਰਿ ਕੀਰਤਿ ਸਾਧ ਸੰਗਤਿ ਹੈ

ਗੁਰਦੇਵ ਸਿੰਘ 'ਲਲਤੋਂ'

ਸੰਪੂਰਨ ਬ੍ਰਹਿਮੰਡ ਨਾਦਮਈ ਹੈ। ਨਾਦ ਸਰਬ ਵਿਆਪੀ ਹੈ। ਇਸੇ ਲਈ ਪੁਰਾਤਨ ਰਿਸ਼ੀਆਂ ਨੇ ਨਾਦ ਨੂੰ ਨਾਦ ਬ੍ਰਹਮ ਆਖਿਆ ਹੈ। ਨਾਦ ਅਤੇ ਲੈ ਸੰਗੀਤ ਵਿੱਦਿਆ ਦੇ ਪ੍ਰਾਣ ਹਨ। ਨਾਦ ਅਤੇ ਈਸ਼ਵਰ ਦਾ ਆਪਸ ਵਿੱਚ ਐਸਾ ਸਨੇਹ ਹੈ ਕਿ ਕਈ ਵਾਰ ਸੰਗੀਤ ਨੂੰ ਈਸ਼ਵਰ ਪ੍ਰਾਪਤੀ ਦਾ ਇੱਕ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ। ਮਹਾਪੁਰਸ਼ਾਂ ਨੇ ਸੰਗੀਤ ਨੂੰ ਕੇਵਲ ਮਨੋਰੰਜਨ ਦਾ ਸਾਧਨ ਨਾ ਮੰਨ ਕੇ ਪ੍ਰਭੂ ਭਗਤੀ ਦੀ ਤਰਫ਼ ਸੰਗੀਤ ਦੀ ਧਾਰਾ ਮੋੜੀ ਤੇ ਹਰੀ ਕੀਰਤਨ ਦੀ ਨੀਂਹ ਰੱਖੀ। ਸਿੱਖ ਧਰਮ ਵਿੱਚ ਕੀਰਤਨ ਨੂੰ ਬਹੁਤ ਉੱਚਾ ਅਸਥਾਨ ਪ੍ਰਾਪਤ ਹੈ। ਇਸ ਨੂੰ 'ਨਿਰਮੋਲਕ ਹੀਰਾ' ਆਖਿਆ ਅਤੇ 'ਕਲਜੁਗ ਮਹਿ ਕੀਰਤਨੁ ਪਰਧਾਨਾ' ਮੰਨਿਆ ਗਿਆ। ਜਿਸ ਥਾਂ ਕੀਰਤਨ ਹੁੰਦਾ ਹੈ, ਉਹ ਥਾਂ ਹੀ ਬੜਾ ਉੱਚਾ-ਸੁੱਚਾ ਹੈ, ਸੁਹਾਵਾ ਹੈ, ਸੁਰਗੜਾ ਹੈ, ***'ਤਹਾ ਬੈਕੁੰਠੁ ਜਹ ਕੀਰਤਨੁ ਤੇਰਾ'*** ਕੀਰਤਨ ਮੁਕਤੀ ਦਾ ਸਾਧਨ ਹੈ। 'ਕਰਿ ਕੀਰਤਨ ਹੋਇ ਉਧਾਰੁ'। ਸੁਰ ਅਤੇ ਲੈਅ ਨਾਲ ਇਕਾਗਰਤਾ ਬਹੁਤ ਛੇਤੀ ਸੰਭਵ ਹੈ।

ਕੀਰਤਨ ਕਰਨ ਤੇ ਸੁਣਨ ਨਾਲ ਅਵਿੱਦਿਆ ਨੀਂਦਰ ਵਿੱਚ ਸੁੱਤਾ ਮਨ ਜਾਗ ਪੈਂਦਾ ਹੈ। ਦੁੱਖ, ਕਲੇਸ਼ ਤੇ ਰੋਗ ਮਿਟ ਜਾਂਦੇ ਹਨ। ਛਾਤੀ ਸੀਤਲ ਤੇ ਮਨ ਸੁਖੀ ਹੋ ਜਾਂਦਾ ਹੈ। ਪਾਪਾਂ ਦੀ ਮੈਲ ਕੱਟੀ ਜਾਂਦੀ ਹੈ ਤੇ ਨਿਰੰਕਾਰ ਵਿੱਚ ਲਿਵ ਲੱਗ ਜਾਂਦੀ ਹੈ। ਜਦੋਂ ਇੱਕ ਵਾਰ ਭਾਈ ਝਾਲੂ, ਭਾਈ ਮੁਕੰਦ ਤੇ ਭਾਈ ਕਿਦਾਰਾ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਸਾਡਾ ਉਦਾਰ ਕਿਵੇਂ ਹੋਵੇ ਤਾਂ ਗੁਰੂ ਜੀ ਨੇ ਫੁਰਮਾਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਯੁੱਗ ਵਿੱਚ ਕੀਰਤਨ ਦੇ ਸਮਾਨ ਕੋਈ ਹੋਰ ਜੋਗ ਤਪ ਨਹੀਂ ਏਹੋ ਸਾਂਤਕ ਸਾਧਨ ਹੈ ਤੁਸੀਂ ਕੀਰਤਨ ਕਰਿਆ ਕਰੋ।

ਵਿਸ਼ਵ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਐਸਾ ਇੱਕ ਗ੍ਰੰਥ ਹੈ ਜਿਸ ਦੀ ਸਮੁੱਚੀ ਬਾਣੀ ਰਾਗਾਤਮਕ ਹੈ ਭਾਵ ਸਮੁੱਚੀ ਬਾਣੀ ਸੰਗੀਤਾਤਮਕ ਹੈ। ਸਿੱਖ ਧਰਮ ਵਿੱਚ ਗੁਰਬਾਣੀ ਦੇ ਕੀਰਤਨ ਨੂੰ ਜੋ ਮਹੱਤਤਾ ਪ੍ਰਾਪਤ ਹੈ ਉਹ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਸਿੱਖ ਇਤਿਹਾਸ ਅਨੁਸਾਰ ਗੁਰਬਾਣੀ ਦੇ ਪ੍ਰਥਮ, ਪ੍ਰਮੁੱਖ, ਸਰਵ ਸ੍ਰੇਸ਼ਟ ਤੇ ਪਵਿੱਤਰ ਕਵੀ ਤਥਾ ਕੀਰਤਨੀਏ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਆਵਾਜ਼ ਨੂੰ ਜਨ ਸਾਧਾਰਣ ਤੱਕ ਪਹੁੰਚਾਉਣ ਲਈ ਕੀਰਤਨ ਨੂੰ ਸਾਧਨ ਬਣਾਇਆ। ਕੀਰਤਨ ਦਾ ਸਾਥ ਭਾਈ ਮਰਦਾਨੇ ਨੇ ਦਿੱਤਾ। ਭਾਈ ਮਰਦਾਨੇ ਨੂੰ ਰਾਗਾਂ ਦੀ ਭਲੀ ਸੋਝੀ ਸੀ। ***ਗੁਰੂ ਨਾਨਕ ਪਾਤਸ਼ਾਹ ਨੇ ਭਾਈ ਮਰਦਾਨੇ ਦੀ ਰਬਾਬ ਵੱਜਦੀ ਸੁਣ ਆਖਿਆ ਸੀ, 'ਤੂੰ ਰਬਾਬ ਭਲੀ ਵਜਾਉਂਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇ ਕੇ ਗਾਵੇਂ ਤਾਂ ਤੇਰਾ ਦੀਨ ਦੁਨੀ ਵਿੱਚ ਉਧਾਰ ਕਰੀਏ।' ਭਾਈ ਮਰਦਾਨਾ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਕਮਾਉਂਦਾ ਸੀ ਪਰ ਸ੍ਰੀ ਗੁਰੂ ਜੀ ਦੇ ਇਹ ਕਹਿਣ ਤੇ ਕਿ 'ਜੇ ਤੂੰ ਹੁਣ ਮਰਦਾਨਾ (ਸੂਰਮਾ) ਹੋਏ, ਸ਼ਬਦ ਪਾਇ ਕੇ ਰਾਗ ਨੂੰ ਗਾਵੇਂ" ਤੇ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ। ਦਾਨਾ (ਭਾਈ ਮਰਦਾਨੇ ਦਾ ਪਹਿਲਾ ਨਾਮ) ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਹੋ ਤੁਰਿਆ। ਸ੍ਰੀ ਗੁਰੂ ਜੀ ਨੇ ਰਬਾਬ ਭਾਈ ਫਰਿੰਦੇ ਕੋਲੋਂ ਲੈ ਦਿੱਤੀ ਤੇ ਕੀਰਤਨ ਨੇ ਜਨਮ ਲਿਆ।*** ਬਾਬੇ ਦਾ ਸ਼ਬਦ ਤੇ ਮਰਦਾਨੇ ਦੀ ਰਬਾਬ ਇੰਨੀ ਇੱਕ ਸੁਰ ਹੋਏ ਕਿ ਜਦੋਂ ਗੁਰੂ

ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਯਾਦ ਆਉਂਦੀ ਹੈ, ਗੁਰੂ ਜੀ ਦਾ ਸ਼ਾਂਤਮਈ ਸਰੂਪ ਸਾਹਮਣੇ ਆਉਂਦਾ ਹੈ ਤੇ ਨਾਲ ਹੀ ਭਾਈ ਮਰਦਾਨਾ ਆਪਣੇ ਭੋਲੇਪਨ ਵਿੱਚ ਗੁਰੂ ਸਾਹਿਬ ਤੇ ਮਿਲੇ ਉਲਾਂਭੇ ਕੱਢਦਾ। ਰੁਸਦਾ, ਕੀਰਤਨ ਦੇ ਦਾਤੇ ਨਾਲ ਲਾਡ ਲਡਾਉਂਦਾ ਸਾਹਮਣੇ ਆ ਜਾਂਦਾ ਹੈ।

***ਪਹਿਲੀ ਵਾਰ ਜਦੋਂ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਰਬਾਬ ਵਜਾਈ ਤਾਂ ਲਿਖਿਆ ਹੈ ਕਿ ਬਨ ਦੇ ਬ੍ਰਿਛਾਂ 'ਚੋਂ ਰਸ ਚੋਣ ਲਗ ਪਿਆ, ਪੰਛੀਆਂ ਨੂੰ ਪ੍ਰੇਮ ਦਾ ਉਛਾਲਾ ਆਇਆ, ਤਾਨ ਸੁਣ ਕੇ ਸਭ ਮੋਹੇ ਗਏ, ਜੜ੍ਹ ਚੇਤਨ ਹੋ ਗਏ ਤੇ ਜਿਹੜੇ ਚੇਤਨ ਸਨ, ਉਨ੍ਹਾਂ ਦੀ ਸਮਾਧੀ ਲਗ ਗਈ, ਅਤਿ ਕਠੋਰ ਹਿਰਦੇ ਵੀ ਕੋਮਲ ਬਣ ਗਏ ਤੇ ਸੱਜਣ ਠੱਗ ਵਰਗੇ ਦੇ ਮੈਲੇ ਮਨ ਦੀ ਸਾਰੀ ਦੀ ਸਾਰੀ ਮੈਲ ਧੋਤੀ ਗਈ, ਹਰੀ ਕੀਰਤਨ ਦੇ ਪ੍ਰਭਾਵ ਕਰਕੇ ਚੋਰ, ਡਾਕੂ, ਧਾੜਵੀ, ਰਾਖ਼ਸ਼ਸ਼ ਬਿਰਤੀਆਂ ਵਾਲੇ ਇਨਸਾਨ ਤੇ ਜ਼ਾਲਮ ਹੁਕਮਰਾਨ ਸਹੀ ਅਰਥਾਂ ਵਿੱਚ ਇਨਸਾਨ ਬਣ ਗਏ। ਉਹ ਖ਼ਲਕਤੇ ਖ਼ੁਦਾ ਨੂੰ ਦੁੱਖ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੁਖ ਦੇਣ ਵਾਲੇ ਕਰਮਾਂ ਨੂੰ ਅਪਨਾ ਕੇ ਪ੍ਰਮੇਸ਼ਰ ਜੀ ਨਾਲ ਜੁੜ ਗਏ।*** ਮਰਦਾਨੇ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੂੰ ਬਲਵੰਡ ਦੀ ਸੌਂਪਣਾ ਕਰਦੇ ਹੋਇਆਂ ਬਾਬੇ ਨੇ ਕਿਹਾ ਸੀ ਇਸ ਨੂੰ ਇੰਝ ਰੱਖਣਾ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਹੁੰਦੀ ਹੈ। ਸਿੱਖੀ ਵਿੱਚ ਕੀਰਤਨ ਪ੍ਰਧਾਨ ਹੋ ਗਿਆ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਹੀ ਮਹਾਰਾਜ ਆਪ ਰਾਗਾਂ ਦੇ ਮਾਹਿਰ, ਸਾਰੰਦੇ ਨਾਲ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਨਵਾਂ ਤੰਤੀ ਸਾਜ਼ ਤਾਊਸ ਈਜਾਦ ਕੀਤਾ ਅਤੇ ਆਪ ਬਹੁਤ ਸੁੰਦਰ ਕੀਰਤਨ ਕਰਦੇ ਰਹੇ। ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ 235 ਰਾਗ ਤਾਨਪੂਰੇ ਨਾਲ ਗਾਏ। ਰਾਗਾਂ ਦੀ ਭਰਪੂਰ ਸੋਝੀ ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਵਿੱਚ ਸਾਂਭੀ ਪਈ ਹੈ। ਗੁਰੂ ਮਹਾਰਾਜ ਆਪ ਕੀਰਤਨ ਕਰਦੇ ਅਤੇ ਵੱਡੇ ਰਾਗ ਦਰਬਾਰ ਅਤੇ ਕਵੀ ਦਰਬਾਰ ਕਰਵਾਉਂਦੇ। ਜੰਗਾਂ, ਯੁੱਧਾਂ ਵਿੱਚ ਅੰਮ੍ਰਿਤ ਵੇਲੇ ਅਤੇ ਸੋਦਰੁ ਦੇ ਦੀਵਾਨ ਲਗਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਸੰਗਤਾਂ ਰਬਾਬੀਆਂ ਤੋਂ ਛੁੱਟ ਆਪ ਵੀ ਕੀਰਤਨ ਕਰਨ ਲੱਗ ਪਈਆਂ ਸਨ। ਕਈ ਗੁਰਸਿੱਖ ਬੜੇ ਕਮਾਲ ਦੇ ਕੀਰਤਨੀਏ ਹੋਏ ਹਨ - ਉਨ੍ਹਾਂ ਵਿੱਚੋਂ ਕੁਝ ਦੇ ਨਾਂ ਸਾਈਂ ਦਿੱਤਾ ਜੀ, ਭਾਈ ਦੇਸਾ ਰਬਾਬੀ, ਭਾਈ ਤਾਬਾ ਜੀ, ਭਾਈ ਸੰਤੂ ਜੀ, ਭਾਈ ਸੁੰਦਰ ਜੀ, ਭਾਈ ਸ਼ੇਰ ਸਿੰਘ, ਭਾਈ ਮੁਖ਼ਤਾਰ ਸਿੰਘ ਰਬਾਬੀ, ਭਾਈ ਮਨਸਾ ਸਿੰਘ ਆਦਿ ਰਾਗੀ ਸਿੰਘਾਂ ਨੇ ਗੁਰੂ ਘਰ ਦੀ ਸੰਗੀਤ ਪੱਧਤੀ ਨੂੰ ਬੜੀ ਖੂਬਸੂਰਤੀ ਨਾਲ ਸੰਗਤਾਂ ਵਿੱਚ ਪੇਸ਼ ਕੀਤਾ ਹੈ।

ਪਿਛਲੇ 50-60 ਸਾਲਾਂ ਤੋਂ ਨਵੇਂ ਢੰਗ ਦੇ ਸਾਜ਼ਾਂ ਅਤੇ ਪੱਛਮੀ ਸੰਗੀਤ ਦੇ ਪ੍ਰਭਾਵ ਕਰਕੇ ਸ਼ਬਦ ਕੀਰਤਨ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ। ਰਬਾਬ, ਦਿਲਰੁਬਾ, ਸਿਰੰਦਾ ਆਦਿ ਤੰਤੀ ਸਾਜ਼ਾਂ ਦਾ ਹਰਮੋਨੀਅਮ ਨੇ ਕੀਰਤਨ ਦੇ ਖੇਤਰ ਵਿੱਚੋਂ ਹੂੰਝਾ ਫੇਰ ਕੇ ਰੱਖ ਦਿੱਤਾ ਹੈ। ਪੁਰਾਣੇ ਸਾਜ਼ਾਂ ਦੇ ਸਿੱਖਣ ਲਈ ਨਾ ਰੁਚੀ ਹੈ ਨਾ ਹੀ ਸਮਾਂ ਤੇ ਸਬਰ। ਗੁਰਬਾਣੀ ਦੀ ਡੂੰਘਾ ਅਭਿਆਸ ਅਤੇ ਸੰਗੀਤ ਦੀ ਸੂਝ ਨਾਂ ਬਰਾਬਰ ਹੋ ਗਈ ਹੈ। ਪੁਰਾਤਨ ਗੁਰਮਤਿ ਸੰਗੀਤ ਪੱਧਤੀ ਵਾਲਾ ਭਾਵ ਪ੍ਰਧਾਨ ਕੀਰਤਨ ਕਦੇ ਕਿਸੇ ਵਿਰਲੇ ਰਾਗੀ ਤੋਂ ਸੁਣਨ ਵਿੱਚ ਆਉਂਦਾ ਹੈ। ਸੰਗਤਾਂ ਅਤੇ ਰਾਗੀ ਸਿੰਘਾਂ ਦੋਹਾਂ ਵੱਲੋਂ ਹੀ ਗੁਰਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਸੁਣਨ ਦਾ ਸ਼ੌਂਕ ਬਹੁਤ ਹੀ ਘਟ ਗਿਆ ਹੈ। ਪੁਰਾਤਨ ਰਾਗੀ ਸਿੰਘ ਜਦੋਂ ਸੀਨੇ ਦੇ ਜ਼ੋਰ ਨਾਲ ਕੀਰਤਨ ਗਾਉਂਦੇ ਸਨ ਤਾਂ ਸਮਾਂ ਬੰਨ੍ਹ ਦਿੰਦੇ ਸਨ। ਪਰ ਅੱਜ ਸਤਿਗੁਰਾਂ ਦੁਆਰਾ ਦਰਸਾਈ ਗੁਰਮਤਿ ਸੰਗੀਤ ਪੱਧਤੀ ਅੱਖੋਂ ਪਰੋਖੇ ਕੀਤੀ ਜਾ ਰਹੀ ਹੈ, ਸੱਚ ਤਾਂ ਇਹ ਹੈ ਕਿ ਤਕਰੀਬਨ ਅਲੋਪ ਹੀ ਹੁੰਦੀ ਜਾ ਰਹੀ ਹੈ।



ਉਦਾਰ ਮੂਰਤੀ, ਨਿਰਛਲ, ਹਸਮੁੱਖ, ਮਹਾਨ ਪਰਉਪਕਾਰੀ ਤੇ ਉੱਚੇ ਤੇ ਸੁੱਚੇ ਜੀਵਨ ਵਾਲੇ ਬ੍ਰਹਮਗਿਆਨੀ ਸੰਤ ਈਸ਼ਰ ਸਿੰਘ ਰਾੜੇ ਵਾਲਿਆਂ ਤੋਂ ਵਰੋਸਾਏ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਜਿੱਥੇ ਸੇਵਾ ਸਿਮਰਨ ਦਾ ਮੁਜੱਸਮਾ ਹਨ ਉੱਥੇ ਕੀਰਤਨ ਦੇ ਵੀ ਆਸ਼ਕ ਹਨ। ਆਪ ਕੀਰਤਨ ਨਹੀਂ ਕਰਦੇ ਪਰ ਜਿਸ ਬਾਰੀਕੀ ਨਾਲ ਰਾਗੀ ਸਿੰਘਾਂ ਦੇ ਸਾਹਮਣੇ ਬੈਠ ਕੇ ਕੀਰਤਨ ਸੁਣਦੇ ਤੇ ਵਿਚਾਰਾਂ ਕਰਦੇ ਹਨ ਉਹ ਹੈਰਾਨ ਕਰ ਦੇਣ ਵਾਲੀਆਂ ਹਨ। ਉਹ ਬਚਨ ਕਰਦੇ ਹਨ ਕਿ ਗੁਰਬਾਣੀ ਧੁਰ ਦਰਗਾਹ ਤੋਂ ਆਈ ਹੈ ਤੇ ਉੱਥੇ ਲੈ ਜਾਣ ਵਿੱਚ ਪੂਰਨ ਸਮਰੱਥ ਹੈ। ਗੁਰਬਾਣੀ "ਪੂਰਨ ਬ੍ਰਹਮ ਗਿਆਨ" ਹੈ। ਪਰਮੇਸ਼ਰ ਨਾਲ ਸਿੱਧੀਆਂ ਗੱਲਾਂ ਹਨ। ਪ੍ਰੇਮ ਦੀਆਂ ਚਿੱਠੀਆਂ ਹਨ। ਜਗਿਆਸੂ ਨੇ ਪਰਮੇਸ਼ਰ ਜੀ ਨਾਲ ਗੱਲ ਕਰਨੀ ਹੋਵੇ, ਅਰਦਾਸ ਕਰਨੀ ਹੋਵੇ, ਦਰਗਾਹ ਵਿੱਚ ਰਸਾਈ ਕਰਨੀ ਹੋਵੇ - ਕਿਵੇਂ ਕਰੇ? ਸ੍ਰੀ ਗੁਰੂ ਦਾ ਹੁਕਮ ਹੈ ਕਿ ਗੁਰਬਾਣੀ ਰਾਹੀਂ ਹੀ ਕਰੇ। ਪ੍ਰਭਬਾਣੀ ਸਬਦੁ ਸੁਭਾਖਿਆ।, ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ॥' ਗੁਰਬਾਣੀ ਨੂੰ ਗਾਉਣ ਦਾ ਹੁਕਮ ਹੈ। ਤਾਕੀਦ ਹੈ ਰਾਗਬਧ ਸੰਗੀਤ ਵਿੱਚ ਹੀ ਗੁਰਬਾਣੀ ਗਾਇਨ ਕਰੇ। ਕਾਇਨਾਤ ਦਾ ਜ਼ੱਰਾ-ਜ਼ੱਰਾ ਜਾਨਦਾਰ ਜਾਂ ਬੇਜਾਨ ਸੰਗੀਤ ਦੇ ਅਸਰ ਨੂੰ ਕਬੂਲਣ ਤੋਂ ਬਿਨਾਂ ਨਹੀਂ ਰਹਿ ਸਕਦਾ। ਜਿਹੜਾ ਰਾਗਬਧ ਸੰਗੀਤ ਆਪਣੇ ਅਸਰ ਨਾਲ ਮੀਂਹ ਵਰਸਾ ਸਕਦਾ ਹੈ, ਅਗਨੀ ਚਮਕਾ ਸਕਦਾ ਹੈ ਸਰੂਪ ਨੂੰ ਝੁਮਾ ਸਕਦਾ ਹੈ ਉਹ ਰੱਬ ਨੂੰ ਵੀ ਰਿਝਾ ਸਕਦਾ ਹੈ। ਸਰਬ ਵਿਆਪੀ ਹੋਣਾ ਪ੍ਰਮੇਸ਼ਰ ਦਾ ਨਿੱਜੀ ਗੁਣ ਹੈ। ਨਾਦ ਵੀ ਸਰਵ ਵਿਆਪੀ ਹੈ। ***ਘਟਿ ਘਟਿ ਵਾਜਹਿ ਨਾਦ॥*** ਮਹਾਰਾਜ ਦਾ ਬਚਨ ਹੈ। ਹਰ ਸਮੇਂ ਇੱਕ ਸੂਖਮ ਕੋਮਲ ਗਾਇਨ ਹੋ ਰਿਹਾ ਹੈ। ਸਾਰੀ ਕਾਇਨਾਤ, ਸਾਰੀ ਕੁਦਰਤ, ਸਾਰੇ ਮਨ ਤੇ ਸਾਰੇ ਤਨ ਸੰਗੀਤ ਰਸ ਵਿੱਚ ਹਨ। ਪਵਣ, ਪਾਣੀ, ਬੈਸੰਤਰ ਖੰਡ, ਮੰਡਲ, ਬ੍ਰਹਿਮੰਡ ਸਭ ਗਾ ਰਹੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਨਵਖੰਡ ਮੇਦਨੀ ਗਾ ਕੇ ਹੀ ਜਿੱਤੀ। ਇਸ ਲਈ ਸਿੱਖ ਨੂੰ ਵੀ ਆਖਿਆ-ਤੁਸੀਂ ਗਾਓ। ਸਾਰੀ ਬਾਣੀ ਰਾਗ ਵਿੱਚ ਹੀ ਉਚਾਰੀ। ਇਸ ਲਈ ਪ੍ਰਮੇਸ਼ਵਰ ਨੂੰ ਰੀਝਾਉਣ ਲਈ ਪ੍ਰਮੁੱਖ ਸਾਧਨ ਸਿੱਖੀ ਵਿੱਚ ਕੀਰਤਨ ਹੈ। ਇਸੇ ਵੀਚਾਰ ਨੇ ਬਾਬਾ ਜੀ ਨੂੰ ਕੀਰਤਨ ਦਾ ਆਸ਼ਕ ਬਣਾਇਆ (ਅਸੀਂ ਬਾਬਾ ਜੀ ਦੀ ਸੰਗਤ ਵਿੱਚ ਰਹਿੰਦਿਆਂ ਇਹ ਮਹਿਸੂਸ ਕੀਤਾ ਕਿ ਰਾਗ ਦਾ ਉਨ੍ਹਾਂ ਨਾਲ ਪਿਆਰ ਉੱਪਰ ਲਿਖੇ ਵੀਚਾਰ ਕਰਕੇ ਹੀ ਹੋ ਸਕਦਾ ਹੈ ਕੋਈ ਹੋਰ ਅੰਦਰਲਾ ਭੇਤ ਵੀ ਉਸ ਦਾ ਸਾਨੂੰ ਗਿਆਨ ਨਹੀਂ) ਇਸੇ ਪ੍ਰੇਮ ਦਾ ਸਦਕਾ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਵਿਖੇ ਕੀਰਤਨ ਸਮਾਗਮ ਹੁੰਦੇ ਹੀ ਰਹਿੰਦੇ ਹਨ। ਪ੍ਰਸਿੱਧ ਰਾਗੀ ਸਿੰਘ ਕੀਰਤਨ ਕਰਦੇ ਹਨ। ਹਰ ਮਹੀਨੇ ਸੁਦੀ ਪੱਖ ਦੀ ਦਸਵੀਂ ਦੇ ਦੀਵਾਨ ਵਿੱਚ ਕਈ ਵਾਰੀ 20-21 ਜੱਥੇ ਕੀਰਤਨ ਕਰਦੇ ਹਨ। ਪਿਛਲੇ ਕੁਝ ਸਮੇਂ ਤੋਂ ਬਾਬਾ ਜੀ ਦੇ ਮਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਰਾਗਾਂ ਦਾ ਕੀਰਤਨ ਰਾਗੀ ਸਿੰਘਾਂ ਤੋਂ ਕਰਾਉਣ ਦੀ ਪ੍ਰੇਰਨਾ ਪੈਦਾ ਹੋਈ। ਇਸ ਲਈ ਸਿਆਣੇ ਰਾਗੀ ਸਿੰਘਾਂ ਨਾਲ ਕਾਫੀ ਸਮਾਂ ਵਿਚਾਰ ਕਰਨ ਤੋਂ ਬਾਅਦ ਇੱਕ ਗੁਰਮਤਿ ਸੰਗੀਤ ਸੰਮੇਲਨ ਕਰਾਉਣ ਦਾ ਫੈਸਲਾ ਕੀਤਾ। ਇਹ ਵਿਚਾਰ ਵੀ ਹੋਇਆ ਕਿ ਰਾਗ ਦਰਬਾਰ ਤਾਂ ਗਾਹੇ ਬਗਾਹੇ ਪੰਥ ਸੰਮੇਲਨਾਂ ਵਿੱਚ ਹੁੰਦੇ ਰਹਿੰਦੇ ਹਨ ਪਰ ਸਾਰੇ 31 ਰਾਗਾਂ ਦਾ ਅੱਜ ਤੱਕ ਕੋਈ ਕੀਰਤਨ ਦਰਬਾਰ ਹੋਇਆ ਨਹੀਂ ਸੁਣਿਆ। ਇਉਂ ਅਨੁਭਵ ਹੁੰਦਾ ਹੈ ਕਿ ਸ਼ਾਇਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੇਲੇ ਹੀ ਇਹ ਰਾਗ ਦਰਬਾਰ ਹੋਏ ਹੋਣ।

ਸੋ ਸੰਗਤਾਂ ਨਾਲ ਵਿਚਾਰ ਕਰਕੇ 10-11-12 ਅਤੇ 13 ਅਕਤੂਬਰ, 1991 ਦੀਆਂ ਤਾਰੀਖਾਂ ਮਿਥ ਦਿਤੀਆਂ ਗਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਰਾਗਾਂ ਦਾ ਗੁਰ ਮਰਿਯਾਦਾ ਅਨੁਸਾਰ ਗਾਉਣ ਵਾਲੇ ਸੁਰ ਸਾਧਿਕ, ਪੂਰਨ ਗਿਆਤ ਵਿਦਵਾਨਾਂ ਦੀ

ਦੁਨੀਆਂ ਦੇ ਮਾਰਤੰਡ, ਕਿੰਨਰ ਤੇ ਗੰਧ੍ਰਵ ਪਦਵੀ ਦੇ ਅਧਿਕਾਰੀ ਰਾਗੀ ਸਿੰਘਾਂ ਤੱਕ ਪਹੁੰਚ ਕੀਤੀ ਗਈ ਹੈ ਜਿਨ੍ਹਾਂ ਵੱਲੋਂ ਪ੍ਰਵਾਨਗੀ ਵੀ ਮਿਲ ਗਈ ਹੈ। ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ, ਭਾਈ ਸਾਹਿਬ ਭਾਈ ਪਰਮਜੋਤ ਸਿੰਘ ਜੀ, ਪ੍ਰੋ: ਕਰਤਾਰ ਸਿੰਘ ਜੀ, ਡਾ: ਜਗੀਰ ਸਿੰਘ ਜੀ ਆਦਿ ਪੂਰੀ ਤਨ ਦਿਲੀ ਨਾਲ ਸਹਿਯੋਗ ਦੇ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿਕ ਪੰਥਕ ਸੰਸਥਾਵਾਂ ਨੇ ਵੀ ਪੂਰਨ ਸਹਿਯੋਗ ਦੁਆਉਣ ਦਾ ਭਰੋਸਾ ਦਿਵਾਇਆ ਹੈ। ਭਾਵੇਂ ਇਸ ਤੋਂ ਪਹਿਲਾਂ ਇਕ-ਦੋ ਯਤਨ ਰਾਗਾਂ ਦੀ ਨੋਟੇਸ਼ਨ ਲਿਖਣ ਦੇ ਹੋਏ ਹਨ ਜਿਵੇਂ ਮਹੰਤ ਭਾਈ ਗੱਜਾ ਸਿੰਘ ਜੀ ਨੇ ਪ੍ਰਸਿੱਧ ਵਿਦਵਾਨ ਮੈਕਾਲਫ ਨੂੰ 31 ਰਾਗਾਂ ਦੀਆਂ ਨੋਟੇਸ਼ਨਾਂ ਲਿਖਵਾਈਆਂ। ਗਿਆਨੀ ਗਿਆਨ ਸਿੰਘ ਐਬਟਾਬਾਦੀ ਅਤੇ ਭਾਈ ਸਾਹਿਬ ਅਵਤਾਰ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਆਦਿ ਨੇ ਲਿਖਣ ਵਿੱਚ ਬਹੁਤ ਮਿਹਨਤ ਕੀਤੀ ਹੈ।

***ਸੁੱਤੇ ਪਏ ਰਾਗਾਤਮਕ ਕੀਰਤਨ ਦੀ ਰੁਚੀ ਜਗਾਉਣ ਲਈ ਹੀ ਬਹੁਤ ਵੱਡੀ ਪੱਧਰ 'ਤੇ ਉਪਰੋਕਤ ਤਾਰੀਖਾਂ ਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਹੋ ਰਿਹਾ ਹੈ। ਸਾਰੇ ਸਮਾਗਮ ਨੂੰ ਫ਼ਿਲਮਾਇਆ ਜਾਵੇਗਾ ਅਤੇ ਟੇਪ ਰਿਕਾਰਡ ਦੀਆਂ ਕੈਸਟਾਂ ਵੀ ਬਣਾਈਆਂ ਜਾਣਗੀਆਂ ਭਾਵ ਆਡੀਓ ਅਤੇ ਵੀਡੀਓ ਰਿਕਾਰਡਿੰਗ ਹੋਵੇਗੀ। ਸਿੱਖੀ ਦਾ ਕੇਂਦਰ, ਕੀਰਤਨ ਦਾ ਮੁਜੱਸਮਾ, ਸ੍ਰੀ ਹਰਿਮੰਦਰ ਸਾਹਿਬ ਵਿੱਚ ਲਗਦੀਆਂ ਕੀਰਤਨ ਦੀਆਂ 7 ਚੌਂਕੀਆਂ (ਤ੍ਰਿਪੁਹਰਾ, ਆਸਾ ਦੀ ਵਾਰ, ਰਾਮਕਲੀ, ਬਿਲਾਵਲ, ਸਾਰੰਗ, ਸੋਦਰੁ, ਕਾਨੜਾ) ਦੀਆਂ 7 ਕੈਸਟਾਂ ਬਣਾਉਣ ਦੀ ਵੀ ਤਜ਼ਵੀਜ਼ ਹੈ। ਕੈਸਟਾਂ ਦੀ ਲਾਇਬ੍ਰੇਰੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਵਿਖੇ ਬਣਾਈ ਜਾਵੇਗੀ। ਸੰਗਤਾਂ ਨੂੰ ਵਾਜਬ ਕੀਮਤ ਉੱਤੇ ਟੇਪਾਂ ਦਿੱਤੀਆਂ ਜਾਣਗੀਆਂ। ਇਹ ਸਮਾਗਮ ਆਪਣੀ ਕਿਸਮ ਦੀ ਆਪ ਮਿਸਾਲ ਹੋਵੇਗਾ।***

12 ਅਕਤੂਬਰ ਨੂੰ ਇੱਕ ਸੈਮੀਨਾਰ ਵੀ ਕੀਤਾ ਜਾਵੇਗਾ ਜਿਸ ਵਿੱਚ ਵਿਦਵਾਨ ਸੱਜਣ ਪੇਪਰ ਪੜ੍ਹਨਗੇ ਤੇ ਅਹਿਮ ਫੈਸਲੇ ਵੀ ਕੀਤੇ ਜਾਣਗੇ। ਇਸੇ ਦਿਨ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੋਵੀਨਾਰ ਵੀ ਰਿਲੀਜ਼ ਕੀਤਾ ਜਾਵੇਗਾ। ਸਮਾਗਮ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੋਵੇਗੀ ਕਿ ਰਾਗੀ ਸਿੰਘ ਨਿਰਧਾਰਿਤ ਰਾਗ ਅਤੇ ਰਾਗਾਂ ਦੇ ਨੀਯਤ ਸਮੇਂ ਤੇ ਹੀ ਕੀਰਤਨ ਕਰਨਗੇ। ਰਾਤ ਦਾ ਰਾਗ ਰਾਤ ਨੂੰ, ਅੰਮ੍ਰਿਤ ਵੇਲੇ ਦਾ ਰਾਗ ਅੰਮ੍ਰਿਤ ਵੇਲੇ, ਦੁਪਹਿਰ ਦਾ ਰਾਗ ਦੁਪਹਿਰ ਨੂੰ ਆਦਿ। ਸਾਰੇ ਦਾ ਸਾਰਾ ਪ੍ਰੋਗਰਾਮ ਸਿਆਸਤ ਨਿਰਲੇਪ ਹੋਵੇਗਾ।

ਇਹ ਸਾਰਾ ਕਾਰਜ ਸ੍ਰੀ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੋ ਰਿਹਾ ਹੈ। ਦੇਸ਼ਾਂ, ਵਿਦੇਸ਼ਾਂ ਤੋਂ ਸੰਗਤਾਂ ਦੇ ਪੁੱਜਣ ਦੀ ਆਸ ਹੈ। ਸਭ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਸ ਮਹਾਨ ਪੰਥਕ ਕਾਰਜ ਨੂੰ ਸਫਲ ਬਣਾਉਣ ਲਈ ਹਰ ਪ੍ਰਕਾਰ ਤਨ, ਮਨ, ਧਨ ਨਾਲ ਸਹਿਯੋਗ ਦਿਓ ਜੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਛੇਵੀਂ ਜੋਤਿ ਮਹਾਂਬਲੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਪਿੰਡ (ਜਵੱਦੀ ਕਲਾਂ) ਵਿਖੇ ਆਪਣੇ ਪਵਿੱਤਰ ਚਰਨ ਪਾ ਕੇ ਇਸ ਨੂੰ ਸਦੀਵੀ ਮਾਣ ਬਖ਼ਸ਼ਿਆ। ਇਹ ਅਦੁੱਤੀ ਤੇ ਆਪਣੀ ਉਦਾਹਰਨ ਆਪ ਦੇਖਣਯੋਗ ਪ੍ਰੋਗਰਾਮ ਲੁਧਿਆਣਾ, ਮਾਡਲ ਟਾਊਨ ਦੇ ਨੇੜੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਪਿੰਡ ਜਵੱਦੀ ਵਿਖੇ ਹੋ ਰਿਹਾ ਹੈ। ਵੱਡੀ ਪੱਧਰ 'ਤੇ ਹਰ ਪ੍ਰਕਾਰ ਦੀਆਂ ਤਿਆਰੀਆਂ ਹੋ ਰਹੀਆਂ ਹਨ। ਵਿਸ਼ਾਲ ਪੰਡਾਲ, ਉੱਤਮ ਸਟੇਜ, ਚੰਗੇਰੇ ਲਾਊਡ ਸਪੀਕਰ, ਆਦਿ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ।

*(ਧੰਨਵਾਦ ਸਹਿਤ, ਜਗ ਬਾਣੀ: 19 ਅਗਸਤ, 1991)*

◈◈◈◈◈◈◈



## ਲੁਧਿਆਣਾ ਵਿੱਚ ਵਿਸ਼ਾਲ ਕੀਤਰਨ ਸੰਮੇਲਨ ਹੋਵੇਗਾ

"ਸੰਗੀਤ ਰੱਬੀ ਬਖ਼ਸ਼ਿਸ਼ ਹੈ ਜੋ ਮਨੁੱਖੀ ਮਨ ਨੂੰ ਸ਼ਾਂਤੀ ਅਤੇ ਰੂਹ ਨੂੰ ਆਨੰਦਮਈ ਅਵਸਥਾ ਵਿੱਚ ਲਿਜਾ ਕੇ ਪ੍ਰਮਾਤਮਾ ਨਾਲ ਮੇਲ ਕਰਵਾਉਂਦਾ ਹੈ। ਅਤੇ ਜਦੋਂ ਇਹ ਸੰਗੀਤ ਧੁਰ ਕੀ ਬਾਣੀ ਨਾਲ ਮਿਲ ਕੇ ਇਲਾਹੀ ਬਾਣੀ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਸਮਾਂ ਬੱਝ ਜਾਂਦਾ ਹੈ ਅਤੇ ਕਾਇਨਾਤ ਆ ਕੇ ਸਿਜਦਾ ਕਰਨ ਲੱਗ ਪੈਂਦੀ ਹੈ।" ਇਹ ਵਿਚਾਰ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ (ਲੁਧਿਆਣਾ) ਨੇ ਜਲੰਧਰ ਵਿੱਚ ਬੀਤੇ ਦਿਨ ਹੋਈ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਸੰਤ ਜੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਲੋਪ ਹੋ ਰਹੀ ਸ਼ਾਸਤਰੀ ਸੰਗੀਤ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਇੱਕ ਹਿੱਸੇ ਵਜੋਂ ਲੁਧਿਆਣਾ ਵਿਖੇ 10 ਤੋਂ 13 ਅਕਤੂਬਰ ਤੱਕ ਅਦੁੱਤੀ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸਿੰਘ ਬੰਧੂ, ਪ੍ਰੋਫੈਸਰ ਹਰਚੰਦ ਸਿੰਘ ਲੁਧਿਆਣਾ, ਪ੍ਰਿੰਸੀਪਲ ਬਲਦੇਵ ਸਿੰਘ, ਨੀਲਮ ਸਾਹਨੀ, ਨਿਵੇਦਿਤਾ ਕੌਰ, ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਆਦਿ ਪ੍ਰਸਿੱਧ ਰਾਗੀ ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਅਨੁਸਾਰ ਕੀਰਤਨ ਕਰਨਗੇ। ਇਸ ਸੰਮੇਲਨ ਵਿੱਚ ਤੰਤੀ ਸਾਜ਼ਾਂ ਦੀ ਹੀ ਵਰਤੋਂ ਕੀਤੀ ਜਾਵੇਗੀ। ਇਸ ਸੰਮੇਲਨ ਦੀਆਂ ਆਡੀਓ ਤੇ ਵੀਡੀਓ ਕੈਸਿਟਾਂ ਲਾਗਤ ਕੀਮਤ 'ਤੇ ਵੇਚੀਆਂ ਜਾਣਗੀਆਂ ਅਤੇ ਇਸ ਪਿੱਛੋਂ ਲੁਧਿਆਣੇ ਵਿੱਚ ਇੱਕ ਸੰਗੀਤ ਅਕੈਡਮੀ ਵੀ ਖੋਲ੍ਹੀ ਜਾਵੇਗੀ।

*(ਧੰਨਵਾਦ ਸਹਿਤ, ਜਗ ਬਾਣੀ: 13 ਸਤੰਬਰ, 1991)*

## ਗੁਰਬਾਣੀ ਦਾ 31 ਰਾਗਾਂ ਵਿੱਚ ਗਾਇਨ ਪਹਿਲੀ ਵਾਰ

ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੇ ਆਲੰਬਰਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੁਲ 31 ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦੇ ਗਾਇਨ ਲਈ ਇਤਿਹਾਸ ਵਿੱਚ ਪਹਿਲੀ ਵਾਰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਲੁਧਿਆਣਾ ਵਿਖੇ ਇੱਕ ਮਹਾਨ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਕੀਤਾ ਜਾ ਰਿਹਾ ਹੈ। ਇਸ ਪਲੇਠੇ ਗੁਰਮਤਿ ਸੰਗੀਤ ਸਮਾਗਮ ਦੇ ਆਰੰਭ ਵਾਲੇ ਦਿਨ 9 ਅਕਤੂਬਰ ਨੂੰ ਦੇਸ਼-ਵਿਦੇਸ਼ ਵਿੱਚੋਂ ਪਧਾਰ ਰਹੇ ਮਹਾਪੁਰਖਾਂ ਦਾ ਸੰਤ ਸੰਮੇਲਨ ਹੋਵੇਗਾ, ਜਿਥੇ ਮਨੁੱਖੀ ਭਾਈਚਾਰੇ, ਪ੍ਰਸਪਰ ਪ੍ਰੇਮ, ਸੇਵਾ ਅਤੇ ਸਿਮਰਨ ਸੰਬੰਧੀ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਸਮੁੱਚੇ ਵਿਸ਼ਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਚੱਲਣ ਲਈ ਢੰਗ ਤਰੀਕੇ ਉਲੀਕੇ ਜਾਣਗੇ। ਸੰਗੀਤ ਸੰਮੇਲਨ 10 ਤੋਂ 13 ਅਕਤੂਬਰ ਤੱਕ ਦਿਨ-ਰਾਤ ਚੱਲੇਗਾ ਅਤੇ ਗੁਰਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ ਨਿਰਧਾਰਿਤ ਸਮੇਂ 'ਤੇ ਹੀ ਕੀਤਾ ਜਾਏਗਾ। ਇਸ ਵਿੱਚ ਸੰਗੀਤ ਦੇ ਧਨੀ ਸੰਤ ਸਵਰਨ ਸਿੰਘ ਗੰਧਰਵ ਡੁਮੇਲੀ ਵਾਲੇ ਵੀ ਹਿੱਸਾ ਲੈ ਰਹੇ ਹਨ। ਉਹ ਵਡਹੰਸੁ ਤੇ ਸੂਹੀ ਰਾਗਾਂ ਵਿੱਚ ਸ਼ਬਦ ਗਾਇਨ ਕਰਦੇ ਹਨ।

*(ਜਗ ਬਾਣੀ: 5 ਅਕਤੂਬਰ, 1991)*

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

ਤੀਰਥ ਸਿੰਘ ਢਿਲੋਂ

ਜਵੱਦੀ ਕਲਾਂ ਜ਼ਿਲ੍ਹਾ ਲੁਧਿਆਣਾ ਦਾ ਉਹ ਇਤਿਹਾਸਕ ਅਤੇ ਉੱਘਾ ਪਿੰਡ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਹੋਬਿੰਦ ਸਾਹਿਬ ਜੀ ਅਤੇ ਹੋਰ ਅਨੇਕਾਂ ਸੰਤ ਮਹਾਪੁਰਸ਼ਾਂ ਦੀ ਚਰਨ ਛੋਹ ਪ੍ਰਾਪਤ ਹੈ। ਗੁਰੂ ਹਰਿਗੋਬਿਦ ਸਾਹਿਬ ਜੀ ਨੇ ਆਪਣੀ ਇੱਥੋਂ ਦੀ ਫੇਰੀ ਸਮੇਂ ਇੱਕ ਬਾਗ ਵਿੱਚ ਡਿਉਢੀ ਅੰਦਰ ਟਿਕਾਣਾ ਕੀਤਾ, ਉਨ੍ਹਾਂ ਨੇ ਆਪਣੇ ਸਿੱਖ ਭਾਈ ਜਵੰਦੇ ਨੂੰ ਇਹ ਹੁਕਮ ਲਾਇਆ ਕਿ ਉਹ ਨਿਸ਼ਾਨ ਸਾਹਿਬ ਲੈ ਕੇ ਡਿਉਢੀ ਵਿੱਚ ਖੜ੍ਹਾ ਹੋਵੇ। ਗੁਰੂ ਮਹਾਰਾਜ ਦੂਜੇ ਦਰਵਾਜ਼ੇ ਥਾਣੀਂ ਅਚਾਨਕ ਚਲੇ ਗਏ, ਜਦੋਂ ਉਹ ਪਿੰਡ ਸੁਧਾਰ ਪਹੁੰਚੇ ਤਾਂ ਗੁਰੂ ਜੀ ਨੇ ਪੁੱਛਿਆ ਕਿ ਭਾਈ ਜਵੰਦਾ ਕਿੱਥੇ ਹੈ? ਤਾਂ ਸਿੱਖਾਂ ਨੇ ਦੱਸਿਆ ਕਿ ਮਹਾਰਾਜ! ਉਹ ਤਾਂ ਉਥੇ ਦਰਵਾਜ਼ੇ ਵਿੱਚ ਖੜ੍ਹਾ ਹੈ। ਗੁਰੂ ਸਾਹਿਬ ਨੇ ਉਸ ਨੂੰ ਬੁਲਾ ਕੇ ਵਰ ਦਿੱਤਾ, "ਜਿਵੇਂ ਤੂੰ ਨਿਸ਼ਾਨ ਸਾਹਿਬ ਲੈ ਕੇ ਖੜ੍ਹਾ ਰਿਹਾ ਹੈਂ ਇਸੇ ਤਰ੍ਹਾਂ ਹੀ ਦੁਨੀਆਂ 'ਤੇ ਤੇਰਾ ਨਾਂ ਰਹੇਗਾ।" ਉਸੇ ਦੇ ਨਾਂ 'ਤੇ ਇਸ ਪਿੰਡ ਦਾ ਨਾਂ ਪਹਿਲਾਂ "ਜਵੰਦਾ" ਪਿਆ ਜੋ ਪਿੱਛੋਂ ਹੌਲੀ-ਹੌਲੀ ਜਵੱਦੀ ਬਣ ਗਿਆ। ਇਹ ਸੁੰਦਰ ਪਿੰਡ ਮਾਡਲ ਟਾਊਨ ਐਕਸਟੈਂਸ਼ਨ ਦੇ ਨਾਲ ਲਗਦੀ ਨਹਿਰ ਦੇ ਕੰਢੇ ਸਥਿਤ ਹੈ।

ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਪਾਵਨ ਧਰਤੀ 'ਤੇ ਉਨ੍ਹਾਂ ਦੀ ਯਾਦ ਵਿੱਚ ਅੱਜ ਸੁਸ਼ੋਭਤ ਹੈ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼। ਇਸ ਸਥਾਨ ਦੀ ਸੇਵਾ-ਸੰਭਾਲ ਸੰਤ ਬਾਬਾ ਸੁੱਚਾ ਸਿੰਘ ਅਤਿਅੰਤ ਸ਼ਰਧਾ, ਪਿਆਰ ਅਤੇ ਸਤਿਕਾਰ ਸਹਿਤ ਕਰਾ ਰਹੇ ਹਨ। ਸਭ ਧਰਮਾਂ ਅਤੇ ਜ਼ਾਤੀਆਂ ਦੇ ਲੋਕ, ਬਿਨਾਂ ਕਿਸੇ ਵਿਤਕਰੇ ਦੇ ਇਥੇ ਆ ਕੇ ਮਸਤਕ ਝੁਕਾਉਂਦੇ ਹਨ। ਸਤੰਬਰ ਦੇ ਮਹੀਨੇ ਇਥੇ ਬੜਾ ਭਾਰੀ ਸਾਲਾਨਾ ਜੋੜ ਮੇਲ ਲਗਦਾ ਹੈ। ਹਰ ਮਹੀਨੇ ਦੀ ਦਸਵੀਂ ਵਾਲੇ ਦਿਨ ਵੀ ਜੋੜ ਮੇਲ ਹੁੰਦਾ ਹੈ ਅਤੇ ਹਰ ਸੰਗਰਾਂਦ ਨੂੰ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ ਜੋ ਨਿਰੰਤਰ ਤੌਰ 'ਤੇ ਜਾਰੀ ਹੈ।

ਪੰਜ ਸੌ ਸਾਲ ਦੇ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਇਥੇ 9, 10, 11, 12 ਅਤੇ 13 ਅਕਤੂਬਰ ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕੌਮੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਮੰਨੇ ਪ੍ਰਮੰਨੇ ਅਤੇ ਉੱਚ ਕੋਟੀ ਦੇ ਕਲਾਕਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿੱਚ ਬਾਣੀ ਦਾ ਸੰਗੀਤਕ ਕੀਰਤਨ ਕਰਨਗੇ। ਸੰਮੇਲਨ ਵਿੱਚ ਸਿਰਫ ਤੰਤੀ ਸਾਜ਼ਾਂ ਦੀ ਹੀ ਵਰਤੋਂ ਹੋਵੇਗੀ। 30-32 ਲੱਖ ਰੁਪਏ ਦੀ ਲਾਗਤ ਨਾਲ ਕਰਵਾਇਆ ਜਾ ਰਿਹਾ ਇਹ ਪ੍ਰੋਗਰਾਮ, ਵੇਖਣ ਨਾਲ ਹੀ ਸਬੰਧ ਰੱਖਦਾ ਹੈ। ਇਸ ਦੀਆਂ ਤਿਆਰੀਆਂ ਅੱਜ ਕਲ੍ਹ ਜੰਗੀ ਪੱਧਰ 'ਤੇ ਜਾਰੀ ਹਨ। ਇੱਕ ਵਿਸ਼ਾਲ ਪੰਡਾਲ ਬਣ ਰਿਹਾ ਹੈ, ਸ਼ਾਨਦਾਰ ਸਟੇਜ ਉਸਾਰੀ ਜਾ ਚੁੱਕੀ ਹੈ ਅਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਗੁਰਬਾਣੀ ਕੀਰਤਨ ਦੇ ਰਸੀਏ ਸਰੋਤਿਆਂ ਦੀ ਰਿਹਾਇਸ਼ ਵਗੈਰਾ ਲਈ ਸਾਰੇ ਲੋੜੀਂਦੇ ਬੰਦੋਬਸਤ ਕੀਤੇ ਜਾ ਰਹੇ ਹਨ। ਇਹ ਮਹਾਨ ਉੱਦਮ ਸੰਤ ਸੁੱਚਾ ਸਿੰਘ ਜੀ ਵੱਲੋਂ ਹੋ ਰਿਹਾ ਹੈ - ਆਪਣੇ ਅਮੀਰ ਪੁਰਾਤਨ ਸੰਗੀਤਕ ਵਿਰਸੇ ਨੂੰ ਸੰਭਾਲਣ ਲਈ ਕੀਤਾ ਜਾ ਰਿਹਾ ਹੈ।

*(ਧੰਨਵਾਦ ਸਹਿਤ, ਨਵਾਂ ਜ਼ਮਾਨਾ: 9 ਅਕਤੂਬਰ, 1991)*

◈◈◈◈◈◈◈



# ਸ਼ਬਦ ਤੇ ਸੰਗੀਤ ਦਾ ਸੁਮੇਲ ਹੀ ਵਿਸ਼ਵ ਸ਼ਾਂਤੀ ਦਾ ਰਾਹ ਕੱਢ ਸਕਦਾ ਹੈ: ਸੰਤ ਬਾਬਾ ਸੁੱਚਾ ਸਿੰਘ

***"ਸਮੁੱਚੀ ਦੁਨੀਆਂ ਵਿੱਚ ਇਸ ਸਮੇਂ ਅਸ਼ਾਂਤੀ, ਨਫ਼ਰਤ ਅਤੇ ਲੜਾਈ ਦੇ ਬੱਦਲ ਮੰਡਰਾ ਰਹੇ ਹਨ। ਹਰ ਕੋਈ ਇੱਕ ਦੂਜੇ ਦਾ ਵੈਰੀ ਬਣਿਆ ਹੋਇਆ ਹੈ। ਸਾਰਾ ਮਾਹੌਲ ਕੁਰੀਤੀਆਂ ਨਾਲ ਰਲ ਕੇ ਗੰਧਲਾ ਹੋ ਰਿਹਾ ਹੈ। ਸਿਰਫ ਸ਼ਬਦ ਤੇ ਸੰਗੀਤ ਦਾ ਸੁਮੇਲ ਹੀ ਵਿਸ਼ਵ ਸ਼ਾਂਤੀ ਦਾ ਰਾਹ ਕੱਢ ਸਕਦਾ ਹੈ। ਬ੍ਰਹਿਮੰਡ ਨਾਦ ਰੂਪ ਹੈ। ਸ਼ਬਦ ਤੇ ਗਾਇਨ ਦੇ ਇਸ ਵਿਸ਼ਾਲ ਸਾਗਰ ਵਿੱਚੋਂ ਲਾਹਾ ਲੈਣ ਲਈ ਸਭ ਧਰਮਾਂ ਦੇ ਲੋਕ ਗੁਰੂ ਘਰ ਵਿੱਚ ਸਤਿਕਾਰੇ ਜਾਂਦੇ ਹਨ।"***

ਇਹ ਵਿਚਾਰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੇ ਸਰਪ੍ਰਸਤ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੱਖੇ। ਉਨ੍ਹਾਂ ਦੱਸਿਆ ਕਿ 9 ਤੋਂ 13 ਅਕਤੂਬਰ ਤੱਕ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ (ਲੁਧਿਆਣਾ) ਵਿਖੇ ਹੋ ਰਹੇ, ਪੰਜ ਰੋਜ਼ਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਸੰਗੀਤ ਸੰਮੇਲਨ ਵਿੱਚ 52 ਰਾਗੀ ਜਥੇ 31 ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨਗੇ।

ਬਾਬਾ ਸੁੱਚਾ ਸਿੰਘ ਜੀ ਨੇ ਦੱਸਿਆ ਕਿ ਇਸ ਸੰਮੇਲਨ ਪਿੱਛੇ 10 ਮਹੀਨਿਆਂ ਦੀ ਸਖ਼ਤ ਮਿਹਨਤ ਹੈ। ਸੰਗੀਤ ਦੇ ਪ੍ਰਧਾਨ ਵਿਦਵਾਨ ਦਲੀਪ ਚੰਦਰ ਬੇਦੀ (90 ਸਾਲਾ) ਜੀ ਦੀ ਅਗਵਾਈ ਹੇਠਲੀ 13 ਮੈਂਬਰੀ ਕਮੇਟੀ ਨੇ ਪਹਿਲਾਂ ਸ਼ੁੱਧ ਰਾਗਾਂ ਦੀ ਸੁਧਾਈ ਕੀਤੀ। ਸ੍ਰੀ ਬੇਦੀ ਇਕੋ-ਇਕ ਅਜਿਹੇ ਵਿਦਵਾਨ ਹਨ ਜਿਨ੍ਹਾਂ ਇਸ ਖੇਤਰ ਵਿੱਚ ਸ਼ਾਨਦਾਰ ਖੋਜਾਂ ਕੀਤੀਆਂ ਹਨ। ਬਾਬਾ ਜੀ ਨੇ ਦੱਸਿਆ ਕਿ ਸਿੱਖ ਕੌਮ ਦੇ ਪਿਛਲੇ 500 ਸਾਲ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ ਕਿ ਰਾਗੀ ਸਿੰਘ ਨਿਰਧਾਰਿਤ ਰਾਗ ਅਤੇ ਰਾਗਾਂ ਦੇ ਨਿਯਤ ਸਮੇਂ 'ਤੇ ਹੀ ਕੀਰਤਨ ਕਰਨਗੇ। ਉਨ੍ਹਾਂ ਦੱਸਿਆ ਕਿ ਸੰਗੀਤ ਦੀਆਂ ਪੱਧਤੀਆਂ ਨੂੰ ਹਮੇਸ਼ਾਂ ਲਈ ਇਕਸੁਰ ਕਰ ਦਿੱਤਾ ਗਿਆ ਹੈ। ਵੱਖ-ਵੱਖ ਥਾਵਾਂ 'ਤੇ ਰਾਗਾਂ ਦੀਆਂ ਸਰਗਮਾਂ ਅਤੇ ਸਮੇਂ ਵਿਚਲਾ ਅੰਤਰ ਵੀ 13 ਮੈਂਬਰੀ ਕਮੇਟੀ ਨੇ ਮਿਟਾ ਦਿੱਤਾ ਹੈ। ਸਿਧਾਂਤਕ ਤੌਰ 'ਤੇ ਪ੍ਰਵਾਨਿਤ ਇਨ੍ਹਾਂ 31 ਰਾਗਾਂ ਦੇ ਗਾਇਨ ਲਈ ਹੁਣ ਨਿਸ਼ਚਿਤ ਕੋਟੇਸ਼ਨਾਂ ਬਣ ਗਈਆਂ ਹਨ। ਇਹ ਸੰਗੀਤ ਸੰਮੇਲਨ ਦੇ ਆਰੰਭ ਹੋਣ ਤੋਂ ਪਹਿਲਾਂ ਦੀ ਪ੍ਰਾਪਤੀ ਹੈ। ਬਾਬਾ ਸੁੱਚਾ ਸਿੰਘ ਜੀ ਨੇ ਪੱਤਰਕਾਰਾਂ ਨੂੰ 'ਤਾਊਸ' ਅਤੇ 'ਰਬਾਬ' ਸਾਜ਼ ਵੀ ਵਿਖਾਏ ਜਿਨ੍ਹਾਂ ਕਈ ਸੌ ਵਰ੍ਹੇ ਪਹਿਲਾਂ ਕੀਰਤਨ ਸਮੇਂ ਵਰਤਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਾਜ਼ਿੰਦਿਆਂ ਨੂੰ ਦਿੱਲੀ ਤੇ ਸ੍ਰੀ ਨਗਰ ਤੋਂ ਲਿਆਂਦਾ ਗਿਆ ਹੈ।

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਜਵੰਦੇ ਦੇ ਨਾਮ ਤੇ ਗੁਰੂ ਸਾਹਿਬ ਦੁਆਰਾ ਵਰੋਸਾਇਆ ਪਿੰਡ ਜਵੱਦੀ ਲੱਖਾਂ ਸ਼ਰਧਾਲੂ ਸੰਗਤਾਂ ਅਤੇ ਗੁਣੀ ਗਿਆਨੀ ਲੋਕਾਂ ਦੇ ਦਰਸ਼ਨਾਂ ਲਈ ਤਿਆਰ ਹੈ। ਬਾਬਾ ਸੁੱਚਾ ਸਿੰਘ ਨੇ ਦੱਸਿਆ ਕਿ ਇਸ ਸੰਮੇਲਨ ਤੋਂ ਬਾਅਦ ਜਲਦੀ ਹੀ ਇੱਕ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਕੀਤੀ ਜਾਵੇਗੀ ਜੋ ਕਿ ਸਾਰੇ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਅਕੈਡਮੀ ਹੋਵੇਗੀ ਜਿਥੇ 10 ਸਾਲਾ ਸੰਗੀਤ ਕੋਰਸ ਦੀ ਤਜਵੀਜ਼ ਹੈ। ਇਥੇ ਮਿਸ਼ਨਰੀ ਤੌਰ 'ਤੇ ਬੱਚੇ ਦਾਖਲ ਕਰ ਕੇ ਉਨ੍ਹਾਂ ਨੂੰ ਪ੍ਰਾਚੀਨ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸੇਧ ਦਿੱਤੀ ਜਾਵੇਗੀ।

ਚਾਰ ਰਾਗ ਜਿਵੇਂ ਕਿ ਮਾਝ, ਤੁਖਾਰੀ, ਜੈਜਾਵੰਤੀ ਅਤੇ ਦੇਵ ਗੰਧਾਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਦਰਜ ਹਨ ਪਰ ਭਾਰਤੀ ਸੰਗੀਤ ਵਿੱਚ ਵੱਖਰੇ ਤੌਰ 'ਤੇ ਨਹੀਂ ਮਿਲਦੇ। ਉਨ੍ਹਾਂ ਦੱਸਿਆ ਕਿ ਪਿਛਲੇ 50-60 ਸਾਲਾਂ ਤੋਂ ਨਵੇਂ ਢੰਗਾਂ ਦੇ ਸਾਜ਼ਾਂ ਅਤੇ ਪੱਛਮੀ ਸੰਗੀਤ ਦੇ ਪ੍ਰਭਾਵ ਕਰਕੇ ਸ਼ਬਦ ਕੀਰਤਨ ਦਾ ਮੁਹਾਂਦਰਾ ਬਦਲ ਗਿਆ ਹੈ। ਕੀਰਤਨ ਨੂੰ ਉਸਾਰੂ ਲੀਹਾਂ 'ਤੇ ਮੁੜ ਲਿਆਉਣ ਲਈ ਇਹ ਨਿਮਾਣਾ ਯਤਨ ਕੀਤਾ ਗਿਆ ਹੈ।

ਸੰਗੀਤ ਸੰਮੇਲਨ ਲਈ ਜੰਗਲ ਵਿੱਚ ਸ਼ਹਿਰ ਉਸਾਰ ਦਿੱਤਾ ਗਿਆ ਹੈ। 50000 ਲੋਕਾਂ ਦੇ ਬੈਠਣ ਲਈ ਖੂਬਸੂਰਤ 300×150 ਦਾ ਪੰਡਾਲ ਅਤੇ 60×30 ਦੀ ਸਟੇਜ ਬਣ ਕੇ ਤਿਆਰ ਹੋ ਚੁੱਕੀ ਹੈ। ਲਗਭਗ 15000 ਲੋਕਾਂ ਦੇ ਠਹਿਰਣ ਲਈ ਟੈਂਟਾਂ ਦੀ ਛਾਉਣੀ ਵਿਛਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਗੁਰੂ ਘਰ ਦੇ ਕਈ ਪ੍ਰੇਮੀਆਂ ਨੇ ਸੰਗਤਾਂ ਨੂੰ ਆਪਣੇ ਘਰਾਂ ਵਿੱਚ ਠਹਿਰਾਉਣ ਦੀ ਪੇਸ਼ਕਸ਼ ਵੀ ਕੀਤੀ ਹੈ। ਦਿੱਲੀ ਦੀ ਇੱਕ ਵੱਡੀ ਫਰਮ ਨੂੰ ਸਾਰੇ ਪ੍ਰੋਗਰਾਮ ਦੀ ਆਡੀਓ ਤੇ ਵੀਡੀਓ ਬਣਾਉਣ ਲਈ ਕੰਮ ਸਪੁਰਦ ਕੀਤਾ ਗਿਆ ਹੈ।

*(ਧੰਨਵਾਦ ਸਹਿਤ, ਜਗ ਬਾਣੀ: 9 ਅਕਤੂਬਰ, 1991)*

---

- *ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਲੁਧਿਆਣਾ ਵਿਖੇ ਗੁਰੂ ਪਿਆਰਿਆਂ ਨੇ ਗੁਰਮਤਿ ਸੰਗੀਤ ਸੰਮੇਲਨ ਕਰਨ ਦਾ ਇੱਕ ਅਦੁੱਤੀ ਉੱਦਮ ਕੀਤਾ ਹੈ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵੱਲ ਰਾਗੀ ਸਿੰਘਾਂ ਦਾ ਧਿਆਨ ਦਿਵਾਇਆ ਹੈ। ਜਿਨ੍ਹਾਂ ਰਾਗਾਂ ਵਿੱਚ ਸਤਿਗੁਰਾਂ ਨੇ ਬਾਣੀ ਉਚਾਰਨ ਕੀਤੀ ਹੈ। ਦਾਸ ਆਪਣੇ ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਪੁਰਾਤਨ ਮਰਿਯਾਦਾ ਅਨੁਸਾਰ ਕੀਰਤਨ ਆਰੰਭ ਕਰਨ ਸਮੇਂ ਰਾਗੀ ਸਿੰਘਾਂ ਪਾਸੋਂ ਇੱਕ ਸ਼ਬਦ ਤਿੰਨ ਤਾਰ ਜਾਂ ਚਾਰ ਤਾਰ ਵਿੱਚ ਸਮੇਂ ਦੇ ਰਾਗ ਅਨੁਸਾਰ ਜ਼ਰੂਰ ਪੜ੍ਹਾਉਣ ਦਾ ਯਤਨ ਕਰਦਾ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਉਤਸਵ ਸਮੇਂ ਹੋਣ ਵਾਲੇ ਕੀਰਤਨ ਦਰਬਾਰ ਵਿੱਚ ਇੱਕ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਦਾ ਜਿਸ ਰਾਗ ਵਿੱਚ ਉਚਾਰਨ ਕੀਤਾ ਹੋਵੇ ਉਸੇ ਰਾਗ ਵਿੱਚ ਸਾਡੇ ਕਹਿਣੇ ਤੇ ਪੜ੍ਹਦੇ ਰਹੇ ਹਨ। ਮੈਂ ਕਈ ਕੀਰਤਨ ਦਰਬਾਰਾਂ ਵਿੱਚ ਸ਼ਾਮਿਲ ਹੋਣ ਵਾਲੇ ਕੀਰਤਨੀਆਂ ਨੂੰ ਬੇਨਤੀ ਕਰਦਾ ਹਾਂ ਕਿ ਸਤਿਗੁਰੂ ਨੇ ਜੋ 31 ਰਾਗਾਂ ਵਿੱਚ ਬਾਣੀ ਉਚਾਰਨ ਕੀਤੀ ਹੋਈ ਹੈ ਜੇਕਰ ਰਾਗੀ ਸਿੰਘ ਇਨ੍ਹਾਂ ਰਾਗਾਂ ਦਾ ਅਭਿਆਸ ਨਾ ਕਰਨਗੇ ਤਾਂ ਇਨ੍ਹਾਂ ਨੂੰ ਕੌਣ ਸਿੱਖੇਗਾ ਤੇ ਕੌਣ ਇਨ੍ਹਾਂ ਵਿੱਚ ਕੀਰਤਨ ਕਰੇਗਾ। ਸਤਿਗੁਰੂ ਜੀ ਨੇ ਕਿਰਪਾ ਮਹਾਨ ਕਿਰਪਾ ਕੀਤੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰ ਕੇ ਮਨ ਦੀ ਇਕਾਗਰਤਾ ਦਾ ਇੱਕ ਬੜਾ ਭਾਰੀ ਸਾਧਨ ਦਰਸਾਇਆ ਹੈ। ਇਸ ਸੰਗੀਤ ਦੀ ਭਾਰੀ ਲੋੜ ਸੀ ਜਿਸ ਨੂੰ ਪ੍ਰਬੰਧਕਾਂ ਨੇ ਕਰ ਕੇ ਰਾਗ ਵਿੱਚ ਕੀਰਤਨ ਕਰਨ ਲਈ ਰਾਗੀ ਸਿੰਘਾਂ ਨੂੰ ਭਾਰੀ ਪ੍ਰੇਰਨਾ ਦਿੱਤੀ ਹੈ ਅਤੇ ਸਰੋਤਿਆਂ ਦੀ ਅਜਿਹੇ ਸੰਗੀਤਕ ਸੰਮੇਲਨ ਦੀ ਰੁਚੀ ਵਿੱਚ ਭਾਰੀ ਵਾਧਾ ਕੀਤਾ ਹੈ। ਆਸ ਹੈ ਗੁਰੂ ਕੇ ਕੀਰਤਨੀਏ ਅਗਾਹਾਂ ਨੂੰ ਰਾਗਾਂ ਵਿੱਚ ਕੀਰਤਨ ਕਰਨ ਲਈ ਆਪਣੀ ਸੰਗੀਤ ਵਿੱਦਿਆ ਵਿੱਚ ਹੋਰ ਵਾਧਾ ਕਰਨਗੇ।*

*ਗਿਆਨੀ ਚੇਤ ਸਿੰਘ*
*ਸਾਬਕਾ ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ।*



- *ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਨੂੰ ਦੇਖ ਕੇ ਮੈਨੂੰ ਸਿਆਣਿਆਂ ਦੀ ਕਹੀ ਹੋਈ ਗੱਲ ਹੁਣ ਬਿਲਕੁਲ ਹੀ ਸੱਚ ਜਾਪਦੀ ਹੈ ਕਿ ਜਿਸ ਕੰਮ ਨੂੰ ਦੁਨੀਆਂ ਦੇ ਹਜ਼ਾਰਾਂ ਬੰਦੇ ਵੀ ਮਿਲ ਕੇ ਨਹੀਂ ਕਰ ਸਕਦੇ ਉਸ ਕਾਰਜ ਨੂੰ ਸਤਿ-ਪੁਰਸ਼ ਆਪਣੀ ਪ੍ਰੇਰਣਾ ਨਾਲ ਸੰਪੂਰਨ ਕਰਵਾ ਲੈਂਦੇ ਹਨ। ਸਿੱਖ ਕੌਮ ਦੇ ਅਮੀਰ ਵਿਰਸੇ ਨੂੰ ਸੰਭਾਲਣ ਦੇ ਉੱਦਮ ਨੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦਾ ਅਦਭੁੱਤ ਧਰਤੀ ਤੋਂ ਲੈ ਕੇ ਅਕਾਸ਼ ਤੱਕ ਉੱਚਾ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਦਾ ਨਿਰਧਾਰਤ ਕੀਰਤਨ ਅਤਿ ਸੁੰਦਰ ਧੁਨੀਆਂ ਬੰਨ੍ਹ ਕੇ ਗਾਇਨ ਕੀਤਾ ਗਿਆ ਹੈ ਉਸ ਦੀ ਮਹਿਕ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਵਿੱਚੋਂ ਰਹਿੰਦੀ ਦੁਨੀਆਂ ਤੱਕ ਆਉਂਦੀ ਰਹੇਗੀ। ਇਸ ਅਮੋਲਕ ਕਾਰਜ ਦਾ ਸੁੱਚਾ ਸਿਹਰਾ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਭਲੀ-ਭਾਂਤ ਜਾਂਦਾ ਹੈ।*

*ਭਾਈ ਵੀਰ ਸਿੰਘ*
*ਗੁਰੂ ਸੱਥ, ਮਦੋਕੇ, ਮੋਗਾ*

## एक ऐतिहासिक संगीत सम्मेलन

पी.पी. वर्मा

पिछले पांच सालों में सिख धर्म के बुनियादी मूल्यों का विघटन जिस तेज गति से हुआ है उसके बारे में सिख एवं पंजाब के लोग भली-भांति जानते हैं। लेकिन कुछ ऐसी विभूतियां भी हैं, जो परंपराओं को बरकरार रखने के लिए सक्रिय हैं। ऐसा एक अद्भुत कार्य पंजाब के लुधियाना जिले के जवद्दी कलां गांव में संत बाबा सुच्चा सिंह ने कर दिखाया। उन्होंने अदुती गुरमति संगीत सम्मेलन आयोजित किया। जिस में श्री गुरू ग्रंथ साहिब के इक्तीस रागों को 52 संगीतकारों एवं रागियों ने चार दिन तक निरंतर गाया। यह सभी जानते हैं कि संपूर्ण गुरू ग्रंथ साहिब की वाणी शास्त्रीय संगीत में निबद्ध है। लेकिन पहली बार संपूर्ण ग्रंथ साहिब का अखंड गायन शायद सिख इतिहास में पहली बार हुआ।

इस समारोह का एक विलक्षण पक्ष था कि यह लोगों का समारोह था जिस को किसी संस्था और सरकार का सहयोग एवं समर्थन प्राप्त नहीं था। इस समागम की कुछ प्रमुख विलक्षणताएं, जो इस को विश्‍व रिकार्ड बनाती हैं, वह इस प्रकार रहीं और कमाल की बात तो यह है कि इन लोगों ने ऐसा कोई दावा भी नहीं किया। पहली बार किसी एक स्थान में बावन संगीतकारों ने श्री गूरू ग्रंथ साहिब के इक्तीस रागों को निरंतर अपने-अपने अंदाज़ में गाया। यह कीर्तन परंपरावादी तूती वाद्यों से हुआ।

चार दिन के इस सम्मेलन में सात लाख के करीब लाखों लोगों ने मुक्त भाव से यह कार्यक्रम सुना। तीस हज़ार लोगों की हाज़िरी में गुरमति संगीत के विशय पर एक सैमीनार भी आयोजित किया गया जिसमें प्रसिद्ध विद्वानों - प्रिंसीपल सतबीर सिंह, डॉ. गुरनाम सिंहए प्रिंसीपल गुरबक्श सिंह रोरीगल और बाबा ठाकुर सिंह (दमदमी टकसाल) आदि ने भाग लिया।

इस आगमन का भयमुक्त वातावरण इस बात का साक्षी था कि पंजाब समस्या को जिस ढंग से अछाला जाता है वह वैसी नहीं। प्रो. 'पंजाब न हिंदु न सिख। पंजाब जींदा गुरां दे नां ते'।

# ਪੰਜਾਬੀਆਂ ਦੀ ਅਮੀਰ ਵਿਰਾਸਤ ਅਦੁੱਤੀ ਗੁਰਮਤਿ ਸੰਗੀਤ

***ਸੰਗੀਤ ਪ੍ਰਮੇਸ਼ਵਰ ਨਾਲ ਜੋੜਨ ਅਤੇ ਤੋੜਨ ਦਾ ਮਾਧਿਅਮ ਹੈ। ਜਦੋਂ ਸੰਗੀਤ ਅਸ਼ਲੀਲ ਕਰਮ ਲਈ ਪ੍ਰੇਰੇ, ਚੰਚਲਤਾ ਵਧੇ ਤਾਂ ਪ੍ਰਮੇਸ਼ਰ ਤੋਂ ਟੁੱਟੀਦਾ ਹੈ ਪਰ ਜਦੋਂ ਸੰਗੀਤ ਰਾਹੀਂ ਪ੍ਰਮੇਸ਼ਵਰ ਦੀ ਉਸਤਤ ਕਰੀਏ ਤਾਂ ਮਨ ਦੀ ਅਸ਼ਾਂਤੀ ਵਿਕਾਰ ਖਤਮ ਹੋ ਜਾਂਦੇ ਹਨ। ਪ੍ਰਮੇਸ਼ਰ ਨਾਲ ਜੁੜ ਕੇ, ਗੁਣਵਾਨ ਹੋ, ਸੁਖੀ ਹੋ ਕੇ, ਪਰਮ ਪਦ ਨੂੰ ਪ੍ਰਾਪਤ ਹੋਈਦਾ ਹੈ। ਪਰਮੇਸ਼ਰ ਦੇ ਪਿਆਰਿਆਂ ਨੇ ਆਦਿ ਜੁਗਾਦਿ ਤੋਂ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸੰਗੀਤ ਨੂੰ ਭਗਤੀ ਦਾ ਇੱਕ ਪ੍ਰਮੁੱਖ ਆਧਾਰ ਮੰਨਿਆ ਹੈ, ਅਨਿੱਖੜਵਾਂ ਅੰਗ ਮੰਨਿਆ ਹੈ। ਭਗਤੀ ਦੀ ਸੰਪੂਰਨਤਾ ਲਈ ਸ਼ਬਦ (ਨਾਮ) ਦੀ ਨਿਰੰਤਰਤਾ, ਇਕਾਗਰਤਾ ਅਤੇ ਇਕਲਯਤਾ ਬਹੁਤ ਜ਼ਰੂਰੀ ਹੈ, ਲੈ ਸੰਗੀਤ ਦਾ ਪ੍ਰਾਣ ਹੈ, ਜਿਸ ਨਾਲ ਇਕਾਗਰਤਾ, ਸੁਖੈਨ ਹੀ ਹੋ ਜਾਂਦੀ ਹੈ। ਧਰਮ ਦੇ ਇਤਿਹਾਸ ਦੀ ਪੜਚੋਲ ਕੀਤਿਆਂ ਨਿਸ਼ਚੇ ਹੋ ਆਂਵਦਾ ਹੈ ਕਿ ਸੰਗੀਤ ਸਦਾ ਹੀ ਧਰਮ ਦਾ ਪ੍ਰਧਾਨ ਅੰਗ ਰਿਹਾ ਹੈ। ਧਾਰਮਿਕ ਬੋਲੀ ਵਿੱਚ ਸੰਗੀਤ ਨੂੰ ਕੀਰਤਨ ਕਿਹਾ ਗਿਆ ਹੈ।*** ਭਗਵਾਨ ਵਿਸ਼ਨੂੰ ਜੀ ਨੇ ਭਗਤੀ ਦੀ ਨਿਰੰਤਰਤਾ ਲਈ ਸੰਗੀਤ ਦੀ ਪੂਰਤੀ ਲਈ ਸੰਖ ਦੀ ਵਰਤੋਂ ਕੀਤੀ, ਸ਼ਿਵ ਜੀ ਦੇ ਹੱਥ ਵਿੱਚ ਡਮਰੂ ਹੈ, ਕ੍ਰਿਸ਼ਨ ਜੀ ਮਹਾਰਾਜ ਨੇ ਹੱਥ ਵਿੱਚ ਬੰਸਰੀ ਲਈ, ਭਗਵਾਨ ਰਾਮ ਚੰਦਰ ਜੀ ਦੇ ਦਰਬਾਰ ਵਿੱਚ ਹਨੂੰਮਾਨ ਜੀ ਦੇ ਹੱਥ ਵਿੱਚ ਖੜਤਾਲਾਂ ਹਨ। ਜਗਤ ਪ੍ਰਸਿੱਧ ਮੁਨੀ ਨਾਰਦ ਜੀ ਦੇ ਹੱਥ ਵਿੱਚ ਵੀਣਾ ਹੈ, ਮੀਰਾ ਦੇ ਹੱਥ ਵਿੱਚ ਇਕਤਾਰਾ ਹੈ, ਯੋਗੀ ਅਵਧੂਤਾਂ ਦੇ ਹੱਥ ਵਿੱਚ ਕਿੰਗਰੀ ਆਦਿ ਉਦਾਹਰਣਾਂ ਸਾਡੇ ਸਾਹਮਣੇ ਹਨ। ਕਲਯੁਗ ਵਿੱਚ ਜਗਤ ਤਾਰਨ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਕੀਰਤਨ ਲਈ ਰਬਾਬ ਨੂੰ ਆਧਾਰ ਬਣਾਇਆ। ਰਬਾਬ ਤੋਂ ਭਾਵ ਰਬ+ਆਬ, ਰੱਬ ਦਾ ਪਾਣੀ, ਰੱਬ ਦੇ ਦਰਸ਼ਨ ਦੀ ਪਿਆਸ ਬੁਝਾਉਣ ਵਾਲਾ ਕੀਰਤਨ ਰੂਪ ਪਾਣੀ ਲਈ ਸਾਜ਼। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਿਰੰਦਾ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਾਊਸ, ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਤਾਨਪੁਰਾ ਵਜਾ ਕੇ ਕੀਰਤਨ ਕੀਤਾ। ਸਭ ਧਾਰਮਿਕ ਆਗੂਆਂ ਦਾ ਸੰਗੀਤ ਦੇ ਸਾਜ਼ਾਂ ਨੂੰ ਆਪਣੇ ਹੱਥ ਰੱਖਣਾ ਇਸ ਗੱਲ ਦਾ ਸੂਚਕ ਹੈ ਕਿ ਕੀਰਤਨ ਭਗਤੀ ਦਾ ਅਨਿੱਖੜਵਾਂ ਅੰਗ ਸਦਾ ਬਣਿਆ ਰਿਹਾ ਹੈ। ਇੱਕ ਅਸਚਰਜ ਗੱਲ ਹੋਰ ਹੈ ਕਿ ਜਦੋਂ ਵੀ ਕਦੇ ਕੋਈ ਭਗਤ, ਸੰਤ, ਗੁਰੂ, ਅਵਤਾਰ, ਪ੍ਰਮੇਸ਼ਰ ਜੀ ਨਾਲ ਮਿਲਿਆ ਤਾਂ ਜਗਤ ਜੀਵਾਂ ਲਈ ਜੋ ਸਨੇਹਾ, ਉਪਦੇਸ਼ ਲੈ ਕੇ ਆਏ ਉਹ ਸਾਰਾ ਰਾਗਮਈ ਕਾਵਿ ਰੂਪ ਵਿੱਚ ਹੀ ਆਇਆ ਹੈ। ਇਹੀ ਕਾਰਨ ਹੈ ਕਿ ਸਾਰੀ ਬਾਣੀ ਰਾਗਾਤਮਕ ਹੈ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਧੰਨਾ ਜੀ, ਸ਼ੇਖ ਫਰੀਦ ਜੀ ਇਤਿਆਦਿਕ ਮਹਾਂਪੁਰਸ਼, ਭਾਵੇਂ ਉਹ ਕਿਸੇ ਜਾਤੀ ਨਾਲ ਸੰਬੰਧਿਤ ਸਨ ਜਾਂ ਕੋਈ ਕਿੱਤਾ ਕਰਦੇ ਸਨ, ਪ੍ਰਮੇਸ਼ਰ ਜੀ ਦੇ ਦਰ ਤੇ ਪ੍ਰਵਾਨ ਹੋਏ ਹਨ ਅਤੇ ਜੋ ਸੁਨੇਹਾ ਉਨ੍ਹਾਂ ਸਾਨੂੰ ਜੀਵਾਂ ਨੂੰ ਦਿੱਤਾ, ਉਹ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਗੁਰੂ ਰੂਪ ਹੈ, ਬਿਰਾਜਮਾਨ ਹੈ ਅਤੇ ਪੂਜਣਯੋਗ ਹੈ। ਉਹ ਸਾਰੀ ਬਾਣੀ ਵੀ ਰਾਗਾਤਮਕ ਹੈ। ਵਿਚਾਰ ਦੇ ਨਾਲ-ਨਾਲ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਉਣ ਦਾ ਹੁਕਮ ਹੈ। ***'ਕਲਜੁਗ ਮਹਿ ਕੀਰਤਨੁ ਪਰਧਾਨਾ ॥'*** ਗੁਰੂ ਪਾਤਸ਼ਾਹ ਦਾ ਫੁਰਮਾਨ ਹੈ। ਕੀਰਤਨ ਰਾਹੀਂ ਪ੍ਰਭੂ ਦੀ ਸਿਫ਼ਤ ਸਾਲਾਹ ਵਿੱਚ ਜੁੜਨ ਦੀ ਐਸੀ ਦਾਤ ਕਲਯੁਗ ਦੇ ਜੀਵਾਂ ਨੂੰ ਗੁਰੂ ਨਾਨਕ ਪਤਾਸ਼ਾਹ ਨੇ ਬਖ਼ਸ਼ੀ ਹੈ, ਜਿਸ ਨਾਲ ਮਨ ਦੇ ਸਾਰੇ ਦਵੈਸ਼, ਕਲੇਸ਼, ਵੈਰ, ਵਕਾਰ, ਜਨਮ, ਮਰਨ ਮਿਟ ਜਾਂਦੇ ਹਨ ਪ੍ਰਭੂ ਦਰ ਰਿਸਾਈ ਹੋ ਆਂਵਦੀ ਹੈ। ਅੰਦਰਲੇ ਨਾਦ ਦਾ ਪ੍ਰਗਟ ਰੂਪ ਜੋ ਪ੍ਰਨਮ ਕੇ ਅਇਆ ਉਹ



ਕੀਰਤਨ ਹੈ ਅਤੇ ਕੀਰਤਨ ਰਾਹੀਂ ਅੰਦਰਲਾ ਨਾਦ ਸੁਖੈਨ ਹੀ ਪ੍ਰਗਟ ਹੋ ਜਾਂਦਾ ਹੈ ਅਤੇ ਨਾਦ ਜਿਸ ਦਾ ਦੂਜਾ ਨਾਮ ਅਨਾਹਦ ਸ਼ਬਦ ਹੈ, ਹੀ ਜੀਵਨ ਦੀ ਅੰਦਰਲੀ ਲੈਅ ਹੈ। ਨਾਮ ਹਿਰਦੇ ਵਸਾਉਸ ਲਈ ਕੀਰਤਨ ਸਭ ਤੋਂ ਉੱਤਮ ਸਾਧਨ ਹੈ। ਇਹੀ ਕਾਰਨ ਹੈ ਕਿ ਸਿੱਖੀ ਦੇ ਕੇਂਦਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿੱਚ ਥੋੜ੍ਹੇ ਜਿਹੇ ਸਮੇਂ ਨੂੰ ਛੱਡ ਕੇ ਦਿਨ ਰਾਤ ਕੇਵਲ ਕੀਰਤਨ ਹੀ ਹੁੰਦਾ ਹੈ। ਕੀਰਤਨ ਦੀ ਮਰਿਯਾਦਾ ਗੁਰੂ ਅਰਜਨ ਦੇਵ ਜੀ ਅਤੇ ਫਿਰ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਨੇ ਆਪ ਬੰਨ੍ਹੀ। ਅੱਠ ਚੌਂਕੀਆਂ ਕੀਰਤਨ ਦੀਆਂ ਬਣਾਈਆਂ, ਜਿਨ੍ਹਾਂ ਵਿੱਚ ਨਿਰਧਾਰਿਤ ਰਾਗਾਂ ਵਿੱਚ ਨਿਰਧਾਰਿਤ ਸਮੇਂ ਵਿੱਚ ਨਿਰਧਾਰਿਤ ਸਮੇਂ ਵਿੱਚ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਹੀ ਸਾਨੂੰ ਸੇਧ ਮਿਲਦੀ ਹੈ। ਅਸੀਂ ਸਦਾ ਸਿੱਖੀ ਦੀ ਪਕਿਆਈ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਵੱਲ ਹੀ ਤੱਕਿਆ ਹੈ ਅਤੇ ਅੱਜ ਲੋੜ ਹੈ ਫਿਰ ਉਸ ਮਰਿਯਾਦਾ ਦਾ ਪ੍ਰਚਾਰ, ਪ੍ਰਸਾਰ ਹੋਵੇ ਤਾਂ ਕਿ ਸਾਰੇ ਜਗਤ ਵਿੱਚ ਸ਼ਾਂਤੀ ਵਰਤੇ।

ਸੋ ਅਕਾਲ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਆਪ ਸਿੱਖ ਸੰਗਤਾਂ ਅਤੇ ਸਤਿਗੁਰੂ ਜੀ ਦੀਆਂ ਪੂਰਨ ਸੰਪੂਰਨ ਰਹਿਮਤਾਂ ਦੀ ਛਹਿਬਰਾਂ ਸਦਕੇ ਸਾਡੇ ਕੋਲੋਂ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਦੀ ਜੋ ਸੇਵਾ ਕੀਤੀ, ਉਸ ਦਾ ਸਮੁੱਚੀ ਮਾਨਵਤਾ ਅਤੇ ਭਟਕਦੇ ਹੋਏ ਜੀਵਾਂ ਤੇ ਜੋ ਅਸਰ ਹੋਇਆ ਹੈ ਜਾਂ ਹੋ ਰਿਹਾ ਹੈ, ਅੱਖਰਾਂ ਨਾਲ ਬਹੁਤਾ ਕਹਿਣ ਦੀ ਲੋੜ ਨਹੀਂ। ਇੱਕ ਪਰਮ ਆਨੰਦ ਸੰਗਤਾਂ ਨੇ ਮਾਣਿਆ ਹੈ। 'ਸੁਣ ਕੇ ਸਦ ਮਾਹੀ ਦੀ ਮੇਹੀ ਪਾਣੀ ਘਾਹੁ ਮੁਤੋ ਨੇ' ਵਾਲੀ ਭਟਨਾ ਘਟੀ। ਸੰਗਤਾਂ ਦਾ ਜੋ ਹੜ੍ਹ ਆਇਆ ਉਹ ਬੇਮਿਸਾਲ ਸੀ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਅਕਾਲ ਸਤਿਗੁਰੂ ਜੀ ਨੇ ਸਾਧ ਸੰਗਤ ਦੀ ਸੇਵਾ ਵਿੱਚ 52 ਰਾਗੀ ਭੇਜੇ। ਸੁਆਦਲੀ ਗੱਲ ਹੈ ਕਿ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਲਈ ਪੀੜ੍ਹੀਆਂ ਥਾਪੀਆਂ ਉਨ੍ਹਾਂ ਦੀ ਗਿਣਤੀ 52 ਸੀ। ਸਤਿਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਜਦੋਂ ਪਹਿਲਾ ਹੁਕਮ ਕੀਤਾ ਕਿ ਸਾਡੀ ਸਭ ਤੋਂ ਪਿਆਰੀ ਭੇਟਾ ਜਵਾਨੀ ਅਤੇ ਸੁਹਣੇ ਸ਼ਸਤਰ ਹਨ ਤਾਂ ਸਭ ਤੋਂ ਪਹਿਲਾਂ ਜਿਨ੍ਹਾਂ ਨੇ ਜਵਾਨੀਆਂ ਭੇਟ ਕੀਤੀਆਂ, ਉਨ੍ਹਾਂ ਮਰਜੀਵੜਿਆਂ ਦੀ ਗਿਣਤੀ 52 ਸੀ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਕਲੀਆਂ ਵਾਲਾ ਚੋਲਾ ਪਾ ਕੇ ਜਿਨ੍ਹਾਂ ਪਹਾੜੀ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਛੁਟਕਾਰਾ ਦਿਵਾਇਆ, ਉਹ ਵੀ 52 ਹੀ ਸਨ ਅਤੇ ਗੁਰੂ ਕਲਗੀਧਰ ਜੀ ਦੇ ਦਰਬਾਰ ਵਿੱਚ ਕਵੀਆਂ ਦੀ ਗਿਣਤੀ ਵੀ 52 ਹੀ ਸੀ ਤੇ ਅੱਜ ਮਹਾਰਾਜ ਨੇ ਫਿਰ 52 ਦੀ ਹੀ ਗਿਣਤੀ ਦੁਹਰਾਈ ਤੇ 52 ਰਾਗੀਆਂ ਦੀ ਬਖਸ਼ਿਸ਼ ਕੀਤੀ। ਜੋ ਕਹਿੰਦੇ ਸਨ ਕਿ ਰਾਗ ਸਮਝ ਨਹੀਂ ਪੈਂਦਾ ਅੱਜ ਉਹੀ ਕਹਿੰਦੇ ਹਨ ਕਿ ਸੱਚਖੰਡ ਦੇ ਦਰਸ਼ਨ ਕੀਤੇ ਹਨ। ਮੈਨੂੰ ਕਈ ਸੱਜਣਾਂ ਨੇ ਪੁੱਛਿਆ ਕਿ ਰਾਗਾਂ ਵਿੱਚ ਕੀਰਤਨ ਕੌਣ ਸੁਣੇਗਾ, ਮੇਰਾ ਜਵਾਬ ਸੀ ਕਿ ਇਹ ਸੰਮੇਲਨ ਮੇਰੀ ਕਲਪਨਾ ਨਹੀਂ ਅਕਾਲੀ ਹੁਕਮ ਹੈ। ਇਸ ਲਈ ਤਨ, ਮਨ ਰੋਮ, ਰੋਮ ਕਰ ਕੇ ਵਿਸ਼ਵਾਸ ਹੈ ਕਿ ਜਿਸ ਸਾਂਈ ਦੀ ਉਸਤਤਿ ਪਾਉਣ ਲਈ ਬੈਸੰਤਰ, ਖੰਡ, ਮੰਡਲ, ਧਰਤੀ, ਪਾਤਾਲ, ਆਕਾਸ਼ ਸਭ ਕਰ ਰਹੇ ਹਨ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਗੁਰੂ ਨਾਨਕ ਬਖ਼ਸ਼ੇ ਨਾਦ ਨੂੰ ਕੋਈ ਨਾ ਸੁਣੇ। ਮੇਰਾ ਵਿਸ਼ਵਾਸ ਹੈ ਕਿ ਪ੍ਰਾਣੀ ਮਾਤਰ ਤਾਂ ਕੀ ਸਾਰੀ ਕਾਇਨਾਤ ਹੀ ਅਚਲ ਸਮਾਧੀ ਲਾ ਕੇ ਸੁਣੇਗੀ ਤੇ ਸਾਂਈ ਸਦਕੇ ਅਸੀਂ ਸਭ ਨੇ ਇਹ ਅੱਖੀਂ ਦੇਖਿਆ ਅਤੇ ਆਤਮਾ ਤ੍ਰਿਪਤੀ ਲਈ ਉਹ ਰਸ ਪੀਤਾ ਹੈ। ਜਿਵੇਂ ਜਿਵੇਂ ਅਕਾਲ ਪੁਰਖ ਪ੍ਰੇਰਨਾ ਹੁਕਮ ਕਰਦੇ ਰਹੇ, ਉਵੇਂ ਹੀ ਅਸੀਂ ਉਸ ਦੇ ਚਾਕਰ ਕਰਦੇ ਰਹੇ।

ਨਾ ਕੋਈ ਇੰਜੀਨੀਅਰ ਆਇਆ, ਨਾ ਕਿਸੇ ਆਰਕੀਟੈਕਟ ਕੋਲ ਪਹੁੰਚ ਕੀਤੀ ਗਈ, ਇਸੇ ਲਈ ਸਭ ਅਦੁੱਤੀ ਸੀ। ਪੰਡਾਲ ਰੂਪੀ ਬਰਤਨ ਵਿੱਚ ਗੁਰੂ ਸੰਗਤ ਅਤੇ ਕੀਰਤਨ ਰੂਪ ਪਦਾਰਥ ਸਭ ਇੱਕ ਸ਼ਾਂਤਮਈ ਅਵਸਥਾ ਰੂਪ ਸੀ। ਇਹ ਸਭ ਵੀ ਅਦੁੱਤੀ ਹੀ ਸੀ। ਪ੍ਰਮੇਸ਼ਰ ਜੀ ਦੀ ਅਦੁੱਤੀ ਰਹਿਮਤ ਹੈ ਜੋ ਸਾਨੂੰ ਐਨ ਮੌਕੇ ਤੇ ਰਬਾਬ, ਸਾਰੰਦਾ, ਤਾਊਸੀ ਦਿਲਰੁਬਾ ਸਾਜ਼, ਬਹੁਤ ਢੂੰਡ ਭਾਲ ਤੋਂ ਬਾਅਦ ਮਿਲ ਗਏ। ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਹਰ ਇੱਕ ਰਸਨਾ ਤੇ ਸੰਮੇਲਨ ਦੀ ਚਰਚਾ ਹੈ। ਸਾਨੂੰ ਬਹੁਤ ਵਧਾਈ ਦੀਆਂ ਚਿੱਠੀਆਂ ਆਈਆਂ ਹਨ। ਟੈਲੀਫੋਨ ਆਏ ਹਨ, ਬੇਅੰਤ ਸੰਗਤਾਂ ਵਧਾਈ ਦੇਣ ਆਈਆਂ ਹਨ। ਇਹ ਸਭ ਵਡਿਆਈਆਂ ਪ੍ਰਮੇਸ਼ਵਰ ਜੀ ਦੀਆਂ ਆਪਣੀਆਂ ਹਨ। ਕਿਸੇ ਇੱਕ ਪ੍ਰਾਣੀ ਦੀ ਕਲਪਨਾ ਦਾ ਇਹ ਸਭ ਨਤੀਜਾ ਨਹੀਂ। ਇਹ ਤਾਂ ਅਕਾਲ ਪੁਰਖ ਜੀ ਦੀ ਆਪਣੀ ਰਹਿਮਤ ਦੁਆਰਾ ਹੀ ਹੋ ਗਿਆ ਹੈ। ਹਮ ਤੋਂ ਇਸ ਕਾਬਲ ਨਾ ਥੇ। ਇਹ ਦਾਤ ਪ੍ਰਮੇਸ਼ਰ ਜੀ ਦੀ ਆਪਣੀ ਹੈ, ਮੇਰੀ ਇਤਨੀ ਔਕਾਤ ਨਹੀਂ, ਨਾ ਹੀ ਸਮਰੱਥਾ ਹੈ। ***(ਰੋਜ਼ਾਨਾ ਜਗ ਬਾਣੀ, 10 ਅਪ੍ਰੈਲ, 1992)***

## Biggest ever 'Kirtan Darbar' from Oct 10

"World peace through divine music" is the theme of the biggest 'Kirtan Darbar' or festival of Sikh music scheduled to be organised at Jawaddi Village on the outskirts of Ludhiana from October 10 to 13 next.

According to the chief organiser of the festival, Baba Sucha Singh, 45 top 'ragis' or religious musicians will participate in the event and more are expected to come-even from abroad.

They will be reciting all the 31 main ragas included in the holy Guru Granth Sahib, making this Kirtan Darbar the biggest ever ion Sikh history.

They will also play the instruments used by the Sikh gurus. Baba Sucha Singh explained that one purpose of the kirtan darbar was to soothe agitated and discontented heart through kirtan, which was unity of music and divine thought. The second aim was to preserve the glorious tradition of Sikh music by preparing audio and video cassettes of the kirtan darbar, preserving them in a library and distributing them world-wide.

*(Indian Express: August 24, 1991)*

---

- *ਮੈਂ ਆਪ ਜੀ ਨੂੰ ਗੁਰਮਤਿ ਸੰਗੀਤ ਸੰਮੇਲਨ ਦੇ ਸਫਲ ਆਯੋਜਨ ਬਾਰੇ ਤਹਿ ਦਿਲੋਂ ਵਧਾਈ ਦਿੰਦਾ ਹਾਂ, ਅਖ਼ਬਾਰਾਂ, ਟੈਲੀਵੀਜ਼ਨ, ਰੇਡੀਓ ਰਾਹੀਂ ਇਸ ਸਮਾਗਮ ਦੀ ਰਿਪੋਰਟ ਪੜ੍ਹਨ ਸੁਣਨ ਨੂੰ ਅਕਸਰ ਮਿਲਦੀ ਹੀ ਰਹਿੰਦੀ ਹੈ।*

*ਸ੍ਰ: ਰਣਬੀਰ ਸਿੰਘ ਰਾਣਾ*

*ੳਕਾਰ ਕਲੀਨਿਕ, ਸ੍ਰੀ ਕਰਨ ਪੁਰ ਜ਼ਿਲਾ ਗੰਗਾ ਨਗਰ*



## ਲੁਧਿਆਣਾ 'ਚ ਗੁਰਮਤਿ ਸੰਗੀਤ ਸੰਮੇਲਨ 10 ਅਕਤੂਬਰ ਤੋਂ

ਜਗਤਾਰ ਸਿੰਘ ਸਿੱਧੂ

**ਚੰਡੀਗੜ੍ਹ:** ਪੰਜਾਬ ਵਿੱਚ ਸ਼ਾਇਦ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ 'ਤੇ 31 ਰਾਗਾਂ ਉੱਤੇ ਆਧਾਰਿਤ ਲੁਧਿਆਣਾ ਅੰਦਰ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਹੈ। ਗੁਰੂਆਂ ਨੇ ਜਿਸ ਰਾਗ ਵਿਚ ਬਾਣੀ ਗਾਈ ਹੈ ਉਸ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਰਾਗ ਦੇ ਬਾਕਾਇਦਾ ਨਿਸ਼ਚਿਤ ਸਮੇਂ ਉੱਤੇ ਗਾਇਨ ਕੀਤਾ ਜਾਵੇਗਾ। ਦਿਨ ਰਾਤ ਚੱਲਣ ਵਾਲਾ ਇਹ ਚਾਰ ਰੋਜ਼ਾ ਸੰਮੇਲਨ 10 ਤੋਂ 13 ਅਕਤੂਬਰ ਤੱਕ ਚੱਲੇਗਾ।

ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਪਿੰਡ ਜਵੱਦੀ (ਲੁਧਿਆਣਾ) ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਮੇਲਨ ਬਾਰੇ ਮੁੱਖ ਸਰਪ੍ਰਸਤ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੇਸ਼ਾਂ ਅਤੇ ਵਿਦੇਸ਼ਾਂ ਤੋਂ ਵੀ ਰਾਗੀ ਤੇ ਕੀਰਤਨੀਏ ਸੰਮੇਲਨ ਵਿੱਚ ਸ਼ਾਮਿਲ ਹੋ ਰਹੇ ਹਨ। ਸੰਮੇਲਨ ਵਿੱਚ ਮੁੱਖ ਤੌਰ ਉੱਤੇ ਤਿੰਨ ਸਮਾਗਮ ਕੀਰਤਨ ਤੋਂ ਇਲਾਵਾ ਹੋ ਰਹੇ ਹਨ। ਸੰਮੇਲਨ ਵਿੱਚ ਇੱਕ ਰੋਜ਼ਾ ਸੰਤ ਸੰਮੇਲਨ ਹੋਵੇਗਾ। ਸੈਮੀਨਾਰ ਹੋਵੇਗਾ ਅਤੇ ਸੋਵੀਨਾਰ ਰਿਲੀਜ਼ ਕੀਤਾ ਜਾਵੇਗਾ। ਚੌਥਾ ਅਹਿਮ ਫੈਸਲਾ ਸੰਗੀਤ ਦੀ ਯੂਨੀਵਰਸਿਟੀ ਕਾਇਮ ਕਰਨ ਵਾਸਤੇ ਲਿਆ ਜਾਵੇਗਾ।

ਉਨ੍ਹਾਂ ਸੰਗੀਤ ਸੰਮੇਲਨ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੰਗੀਤ ਅਤੇ ਸ਼ਬਦ ਮਨੁੱਖ ਨੂੰ ਜੋੜਨ ਅਤੇ ਤੋੜਨ ਦਾ ਮਾਧਿਅਮ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਨੂੰ ਤਿਲਕ ਰਾਗ ਦਾ ਲਾਇਆ ਹੈ। ਸੰਗੀਤ ਦਾ ਦੂਜਾ ਨਾਂ ਪ੍ਰੇਮ ਹੈ। ਸੰਗੀਤ ਨਾਲ ਜਾਨਵਰ ਕੀਲੇ ਜਾਂਦੇ ਹਨ ਅਤੇ ਬਨਸਪਤੀ ਝੂਮ ਉੱਠਦੀ ਹੈ। ਸੰਗੀਤ ਨਾਲ ਰੂਹ ਦਾ ਮਿਲਣ ਹੈ। ਦੋਹਾਂ ਦਾ ਆਪਸੀ ਸਬੰਧ ਹੈ। ਦੁਵੈਸ਼ ਮਿਟਾਉਣ ਲਈ ਸ਼ਬਦ ਅਤੇ ਸੰਗੀਤ ਦੋਵੇਂ ਮਿਲ ਕੇ ਕੰਮ ਕਰਦੇ ਹਨ। ਧਰਮ ਦਾ ਕੰਮ ਵੀ ਮਨ ਦੀ ਸ਼ਾਂਤੀ ਪੈਦਾ ਕਰਨਾ ਹੈ। ਉਸ ਲਈ ਸਮੁੱਚੀ ਵਿਸ਼ਵ ਦੀ ਦੌੜ ਹੈ।

ਇਸ ਸੰਮੇਲਨ ਨੂੰ ਯਾਦਗਾਰੀ ਬਣਾਉਣ ਲਈ ਸੰਮੇਲਨ ਦੀਆਂ ਕੈਸਟਾਂ ਤਿਆਰ ਕਰ ਕੇ ਦੇਸ਼ ਵਿਦੇਸ਼ ਭੇਜੀਆਂ ਜਾਣਗੀਆਂ। ਇਸ ਦੀ ਸੰਭਾਲ ਲਈ ਲਾਇਬ੍ਰੇਰੀ ਬਣਾਈ ਜਾਵੇਗੀ। ਗੁਰਮਤਿ ਸੰਗੀਤ ਦੀ ਯੂਨੀਵਰਸਿਟੀ, ਜ਼ਰੂਰੀ ਨਹੀਂ ਹੈ ਕਿ ਲੁਧਿਆਣਾ ਅੰਦਰ ਹੀ ਸਥਾਪਿਤ ਕੀਤੀ ਜਾਵੇ। ਜਿੱਥੇ ਵੀ 10 ਜਾਂ 15 ਏਕੜ ਜ਼ਮੀਨ ਮਿਲ ਜਾਵੇਗੀ ਉਥੇ ਹੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਅੰਦਰ ਮਨੁੱਖ ਦੇ ਆਚਰਣ ਨੂੰ ਉੱਚਾ ਚੁੱਕਣ ਲਈ ਹਰ ਹੀਲਾ ਕੀਤਾ ਜਾਵੇਗਾ।

ਯੂਨੀਵਰਸਿਟੀ ਅੰਦਰ ਵਿਦਿਆਰਥੀਆਂ ਦੇ ਕੱਪੜੇ, ਖਾਣੇ ਅਤੇ ਰਹਿਣ ਦਾ ਮੁਫ਼ਤ ਪ੍ਰਬੰਧ ਹੋਵੇਗਾ। ਪੜ੍ਹਾਈ ਦਾ ਸਾਰਾ ਖਰਚਾ ਯੂਨੀਵਰਸਿਟੀ ਚੁੱਕੇਗੀ। ਸਮਾਗਮ ਤੋਂ ਬਾਅਦ ਯੂਨੀਵਰਸਿਟੀ ਸਥਾਪਤ ਕਰਨ ਸਬੰਧੀ ਅਮਲੀ ਕਦਮ ਉਠਾਇਆ ਜਾਵੇਗਾ।

ਸੰਗੀਤ ਯੂਨੀਵਰਸਿਟੀ ਦੀ ਸਥਾਪਨਾ ਦੇ ਵੇਰਵੇ ਦਿੰਦਿਆਂ ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿੱਚ ਗੁਰਬਾਣੀ ਦਾ ਸ਼ੁੱਧ ਉਚਾਰਣ ਸਿਖਾਇਆ ਜਾਵੇਗਾ। ਗੁਰਬਾਣੀ ਦੇ ਸਹੀ ਅਰਥਾਂ ਨੂੰ ਸਮਝਣਾ, ਜੀਵਨ ਸੁਚੱਜਾ ਬਣਾਉਣਾ ਅਤੇ ਔਗੁਣ ਤੋਂ ਰਹਿਤ ਕਰਨਾ ਯੂਨੀਵਰਸਿਟੀ ਦਾ ਮਨੋਰਥ ਹੋਵੇਗਾ। ਯੂਨੀਵਰਸਿਟੀ ਅੰਦਰ 5 ਤੋਂ 10 ਸਾਲ ਤੱਕ ਸਿੱਖਿਆ ਦਾ ਪੀਰੀਅਡ ਹੋਵੇਗਾ। ਇਸ ਦਾ ਆਧਾਰ ਧਰਮ ਹੀ ਹੋਵੇਗਾ। ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਹੁਣ ਵੀ ਸੰਗੀਤ ਦਾ ਸਕੂਲ ਚਲਾ ਰਿਹਾ ਹੈ।

ਸੰਗੀਤ ਸੰਮੇਲਨ ਗੁਰੂ ਘਰ ਦੇ ਸਾਜ਼ ਜਿਵੇਂ ਰਬਾਬ, ਦਿਲਰੁਬਾ (ਤਾਊਸ), ਜੋੜੀ, ਤਾਨਪੁਰਾ ਅਤੇ ਸਰੰਦਾ ਵਜਾਏ ਜਾਣਗੇ। ਲੋੜ ਪਈ ਤਾਂ ਤੰਤੀ ਸਾਜ਼ ਵੀ ਵਰਤੇ ਜਾਣਗੇ। ਸਾਰੰਦਾ ਅਤੇ ਤਾਊਸ ਸਾਜ਼ ਮਿਲ ਨਹੀਂ ਰਹੇ ਜਿਨ੍ਹਾਂ ਨੂੰ ਪ੍ਰਾਪਤ ਕਰਨ ਦਾ ਯਤਨ ਹੋ ਰਿਹਾ ਹੈ। ਸੰਮੇਲਨ ਲਈ ਸਿੱਖ ਜਗਤ ਦੇ ਮਹਾਪੁਰਸ਼ਾਂ, ਸਮੂਹ ਸਿੱਖ ਸੰਪਰਦਾਵਾਂ, ਉਦਾਸੀ ਅਤੇ ਨਿਰਮਲੇ ਸੰਤਾਂ ਅਤੇ ਹੋਰ ਵਿਦਵਾਨ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ। ਇਸ ਨਿਰੋਲ ਧਾਰਮਿਕ ਸਮਾਗਮ ਲਈ ਸਿੰਘ ਸਭਾਵਾਂ, ਸੇਵਾ ਸੁਸਾਇਟੀਆਂ ਅਤੇ ਸੁਖਮਨੀ ਸੁਸਾਇਟੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ***(ਪੰਜਾਬੀ ਟ੍ਰਿਬਿਊਨ: 24 ਅਗਸਤ, 1991)***

---

• *ਪਿੱਛੇ ਜਿਹੇ ਆਪ ਜੀ ਰਾਹੀਂ ਕਰਵਾਏ ਅਦੁੱਤੀ ਕੀਰਤਨ ਸੰਮੇਲਨ ਵਿੱਚ ਭਾਗ ਲੈਣ ਦਾ ਸੁਭਾਗ ਪ੍ਰਾਪਤ ਹੋਇਆ। ਸਿੱਖ ਕੌਮ ਦੇ ਇਤਿਹਾਸ ਵਿੱਚ ਇਹ ਇੱਕ ਇਤਿਹਾਸਕ ਸੰਮੇਲਨ ਸੀ ਜਿਸ ਨੇ ਇਸ ਸੰਕਟਮਈ ਸਮੇਂ ਵਿੱਚ ਕੌਮ ਦੀ ਤੜਪਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕੀਤੀ ਤੇ ਏਕਤਾ ਤੇ ਇਕਸੁਰਤਾ ਦੀਆਂ ਭਾਵਨਾਵਾਂ ਜਗਾਈਆਂ। ਕੀਰਤਨ ਰਾਹੀਂ ਉਤਪੰਨ ਹੋਏ ਇਲਾਹੀ ਵਾਤਾਵਰਣ ਦੇ ਚੁੰਬਕੀ ਅਸਰ ਹੇਠ ਮੈਂ ਸੰਗਤ ਵਿੱਚ ਬੈਠਿਆਂ ਕੀਰਤਨ ਸੁਣਦਿਆਂ ਹੋਇਆਂ ਪੰਜ ਰੁਬਾਈਆਂ ਲਿਖੀਆਂ:*

*1) ਜਵੱਦੀ ਸਵਰਗ ਦੀ ਟੁਕੜੀ ਬਣ ਗਈ, ਛਿੜੀਆਂ ਕੀਰਤਨ ਲਹਿਰਾਂ।*
*ਰਬਾਬ ਸਰੰਦੇ ਤਾਊਸ ਨੇ ਵਜੇ, ਅਜਬ ਨੇ ਆਈਆਂ ਬਹਿਰਾਂ।*
*ਨਾਮ ਨਾਲ ਨੇ ਝੋਲੀਆਂ ਭਰੀਆਂ, ਵਸੀਆਂ ਸਭੇ ਖ਼ੈਰਾਂ।*
*ਕਰ ਰਿਹਾ ਮਨ ਅਜ 'ਵਾਸੂ', ਬੇਗਮਪੁਰੇ ਦੀਆਂ ਸੈਰਾਂ।*

*2) ਜਿਉਂ ਜਿਉਂ ਧੁਨ ਕੀਰਤਨ ਦੀ ਉਠੇ, ਰੂਹ ਗਗਨਾਂ ਨੂੰ ਜਾਵੇ।*
*ਮਾਇਆ ਦੀ ਖਿੱਚ ਮਿਟਦੀ ਜਾਂਦੀ, ਰੂਹ ਬੁਲੰਦੀਆਂ ਪਾਵੇ।*
*ਚਾਨਣ ਚਾਨਣ ਚਾਰੇ ਪਾਸਿਓਂ, ਮਨ ਦੇ ਅੰਦਰ ਧਾਵੇ।*
*ਬੁਝਿਆ ਦੀਵਾ ਆਤਮਾ ਵਾਲਾ, ਕੀਰਤਨ ਪਿਆ ਜਗਾਵੇ।*

*3) ਬੇਸੁਰਾ ਸਾਜ਼ ਜੀਵਨ ਵਾਲਾ, ਇਕ ਸੁਰ ਇਥੇ ਹੋਇਆ।*
*ਭਟਕਣ ਸਾਰੀ ਮਿਟ ਗਈ ਹੈ, ਮਨ ਅੱਜ ਨਵਾਂ ਨਰੋਇਆ।*
*ਤੜਪਦੀ ਮੇਰੀ ਆਤਮਾ ਉੱਤੇ, ਨਾਮ-ਰਸ ਹੈ ਚੋਇਆ।*
*ਏਸ ਸੰਮੇਲਨ ਰਾਗ ਨਵਾਂ ਕੋਈ, ਜੀਵਨ ਵਾਲਾ ਛੋਹਿਆ।*

*4) ਇਕ ਸੁਰ ਕਰ ਕੇ ਤਾਨਾਂ ਬੋਲੇ, ਜਾ ਕੌਮ ਦੇ ਰਾਗੀ।*
*ਸੰਕਟ ਮਈ ਸਮੇਂ ਦੇ ਅੰਦਰ, ਨਵੀਂ ਆਸ ਕੋਈ ਜਾਗੀ।*
*ਸੁਣ ਸੁਣ ਕੀਰਤਨ ਕੌਮ-ਆਤਮਾ, ਇਕ ਸੁਰਤਾ ਵਿੱਚ ਆਈ।*
*ਮੁੱਕੇ ਦੂਈ ਦਵੈਤ ਦੇ ਝੇੜੇ, ਪੇਮ ਲਟਕ ਕੋਈ ਲਾਗੀ।*

*5) ਕੀਰਤਨ ਨੂੰ ਪ੍ਰਧਾਨ ਹੈ ਕੀਤਾ, ਸੰਤ ਸੁੱਚਾ ਸਿੰਘ ਪਿਆਰੇ।*
*ਨਦੀ ਨਾਮ ਦੀ ਹੜ੍ਹ ਪ੍ਰੇਮ ਦਾ, ਸੁਰਤ ਕੌਮ ਦੀ ਚੁੱਭੀ ਲਾ ਕੇ।*
*ਇਕ ਸੁਰ ਕੱਠੀ ਹੋਈ।*
*ਏਕੇ ਵਾਲੀ ਸੋ ਹੈ ਆਈ, ਸੰਕਟ ਨਾਮ ਨਿਵਾਰੇ।*

*ਡਾ: ਇੰਦਰਜੀਤ ਸਿੰਘ ਵਾਸੂ*
*ਮੁਖੀ, ਪੰਜਾਬੀ ਵਿਭਾਗ, ਗੁਰੂ ਨਾਨਕ ਨਵਭਾਰਤ ਕਾਲਜ, ਕਪੂਰਥਲਾ।*



# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-1992

ਪ੍ਰੋ: ਰਵਿੰਦਰ ਪਾਲ ਕਾਲੜਾ

ਪੰਜਾਬ ਕੋਲ ਕਦੇ ਇੱਕ ਮਹਾਨ ਸੰਗੀਤ ਪ੍ਰੰਪਰਾ ਸੀ, ਸ਼ਾਸਤਰੀ ਸੰਗੀਤ ਦੇ ਕਈ ਘਰਾਣੇ ਤੇ ਉੱਚਕੋਟੀ ਦੇ ਗਵੱਈਏ ਸਨ। 'ਵੱਡੇ ਪੰਜਾਬ' ਕੋਲ ਰਬਾਬ, ਸਾਰੰਦਾ, ਦਿਲਰੁਬਾ, ਤਾਊਸ, ਪਖਾਵਜ, ਸਾਰੰਗੀ, ਖੜਤਾਲ, ਢੱਡ ਆਦਿ ਖ਼ੂਬਸੂਰਤ ਤੇ ਸੁਰੀਲੇ ਸਾਜ਼ ਤੇ ਰਾਗਾਂ ਤੇ ਆਧਰਿਤ ਖ਼ੂਬਸੂਰਤ ਧੁਨਾਂ ਸਨ। ਪਰ ਹੌਲੀ-ਹੌਲੀ ਇਹ ਸਭ ਮਿਟਣ 'ਤੇ ਆ ਗਿਆ। ਵਿਦੇਸ਼ੀ ਕੰਨ ਪਾੜਨ ਵਾਲੇ ਸਾਜ਼ ਤੇ ਹਲਕੀਆਂ ਪੁਲਕੀਆਂ ਧੁਨਾਂ ਆ ਗਈਆਂ। ਪੰਜਾਬ ਦੀ ਬਹੁਤੀ ਸੰਗੀਤ ਪ੍ਰੰਪਰਾ ਗੁਰਬਾਣੀ ਗਾਇਨ ਨਾਲ ਸੰਬੰਧਤ ਰਹੀ ਹੈ। ਪੰਜਾਬ ਵਿੱਚ ਪ੍ਰਚੱਲਿਤ ਪੁਰਾਤਨ ਰਾਗ, ਸਾਜ਼ ਅਤੇ ਸੰਗੀਤ ਢਾਡੀਆਂ ਅਤੇ ਰਾਗੀ ਸਿੰਘਾਂ ਦੁਆਰਾ ਹੀ ਜੀਵਿਤ ਰਿਹਾ ਹੈ। ਪਰ 20ਵੀਂ ਸਦੀ ਵਿੱਚ ਪ੍ਰਵੇਸ਼ ਤੋਂ ਬਾਅਦ ਸਾਡੀ ਇਹ ਪੁਰਾਤਨ ਪ੍ਰੰਪਰਾ ਆਪਣੇ ਅੰਤਲੇ ਸਾਹਾਂ 'ਤੇ ਪੁੱਜ ਗਈ। ***ਪਦਾਰਥਕ ਅਤੇ ਮਾਇਕ ਸੁੱਖਾਂ ਦੀ ਵਧਦੀ ਭੁੱਖ ਅਤੇ ਦੌੜ ਵਿੱਚ ਸਾਡੇ ਰਾਗੀ ਸਿੰਘ ਵੀ ਸ਼ਾਮਿਲ ਹੋ ਗਏ। ਗੁਰਬਾਣੀ ਗਾਇਨ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਹੀ ਸਾਧਨ ਨਾ ਰਿਹਾ ਬਲਕਿ ਐਸ਼ੋ-ਆਰਾਮ ਦੀਆਂ ਵਸਤਾਂ ਇਕੱਤਰ ਕਰਨ ਦਾ ਸਾਧਨ ਵੀ ਬਣ ਗਿਆ। ਸਿੱਟੇ ਵਜੋਂ ਰਾਗਾਂ ਦੀ ਥਾਂ ਫਿਲਮੀ ਧੁਨਾਂ ਆ ਗਈਆਂ ਅਤੇ ਸੰਗੀਤ ਦੇ ਨਾਂ 'ਤੇ 'ਸ਼ੋਰ' ਪੈਣ ਲਗ ਪਿਆ। ਇਸ ਦੌੜ ਤੋਂ ਸਾਡੇ ਉੱਚ ਸਥਾਨ ਵੀ ਨਾ ਬਚ ਸਕੇ। ਉੱਥੇ ਵੀ ਪੁਰਾਤਨ ਰਾਗਾਂ ਨੂੰ ਤਿਆਗ ਕੇ ਸਸਤੀਆਂ ਧੁਨਾਂ ਉੱਪਰ ਕੀਰਤਨ ਹੋਣ ਲਗ ਪਿਆ। ਇਹ ਸਸਤੀਆਂ ਧੁਨਾਂ ਰਾਗਾਂ ਦੇ ਮੁਕਾਬਲੇ ਜਲਦੀ ਤਿਆਰ ਹੋ ਜਾਂਦੀਆਂ ਹਨ। 'ਫ਼ਟਾਫ਼ਟ' ਤੇ 'ਬਸ ਦੋ ਮਿੰਟ' ਦੀ ਕਲਚਰ ਨੇ ਸਭ ਕੁਝ ਹਲਕਾ ਫੁਲਕਾ ਕਰ ਦਿੱਤਾ ਹੈ। ਇਹ ਦੁਖਾਂਤ ਹੀ ਹੈ ਕਿ ਅੱਜ ਪੰਜਾਬ ਵਿੱਚ ਮਰਦਾਨੇ ਦੀ ਰਬਾਬ ਵਜਾਉਣ ਵਾਲਾ ਕੋਈ ਮਾਹਿਰ ਨਹੀਂ ਹੈ। ਜਦ ਕਿ ਪਾਕਿਸਤਾਨ ਵਿੱਚ ਅਜੇ ਵੀ ਬਖ਼ਤਿਆਰ ਅਹਿਮਦ ਵਰਗੇ ਰਬਾਬੀ ਹਨ, ਜਿਨ੍ਹਾਂ ਨੇ ਰਬਾਬ ਨੂੰ ਕੌਮਾਂਤਰੀ ਪੱਧਰ 'ਤੇ ਅਜੇ ਤੱਕ ਜੀਵਤ ਰੱਖਿਆ ਹੋਇਆ ਹੈ।***

ਪਰ ਖੁਸ਼ੀ ਦੀ ਗੱਲ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ, ਲੁਧਿਆਣਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੇ ਦੇ ਸਾਰੇ ਰਾਗਾਂ ਨੂੰ ਸੁਚੱਜੇ ਢੰਗ ਨਾਲ ਪ੍ਰੰਪਰਾਗਤ ਰੂਪ ਵਿੱਚ ਸੰਭਾਲਣ ਦੇ ਗੰਭੀਰ ਯਤਨ ਆਰੰਭ ਕੀਤੇ ਹਨ। ਉਨ੍ਹਾਂ ਨੇ ਸਸਤੀਆਂ ਧੁਨਾਂ ਵਿੱਚ ਆਪਣੀ ਕਾਬਲੀਅਤ ਗੁਆ ਰਹੇ ਰਾਗੀ ਸਿੰਘਾਂ ਨੂੰ ਮੋੜ ਕੇ ਆਪਣੇ ਪੁਰਾਤਨ ਵਿਰਸੇ ਨਾਲ ਜੋੜਿਆ ਹੈ। ਉਨ੍ਹਾਂ ਵੱਲੋਂ ਇਸ ਸਾਲ ਕਰਵਾਏ ਗਏ ਦੂਜੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਲਗਭਗ 40 ਸਿੰਘਾਂ ਦੇ ਰਾਗੀ ਜੱਥਿਆਂ ਨੇ ਤਾਂ ਮਿਸ਼ਰਤ ਰਾਗਾਂ ਦਾ ਲਗਾਤਾਰ ਪੰਜ ਦਿਨ ਗਾਇਨ ਕੀਤਾ। ਇਨ੍ਹਾਂ ਵਿੱਚ ਉਹ ਰਾਗੀ ਸਿੰਘ ਵੀ ਸ਼ਾਮਿਲ ਸਨ, ਜਿਹੜੇ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਉਣ ਦਾ ਤਿਆਗ ਕਰ ਚੁੱਕੇ ਸਨ, ਪਰ ਉਨ੍ਹਾਂ ਨੇ ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਾਸਤੇ ਵਿਸ਼ੇਸ਼ ਤੌਰ 'ਤੇ ਤਿਆਰੀ ਕੀਤੀ। ਇਸ ਵਾਰ ਦੇ ਸੰਮੇਲਨ ਵਿੱਚ ਗਾਇਨ ਵੈਸੇ ਵੀ ਮੁਸ਼ਕਿਲ ਸੀ ਕਿਉਂਕਿ ਪ੍ਰਬੰਧਕਾਂ ਵੱਲੋਂ ਕੇਵਲ ਮਿਸ਼ਰਤ ਰਾਗਾਂ ਵਿੱਚ ਹੀ ਗਾਇਨ ਕਰਨ ਦੀ ਹਦਾਇਤ ਸੀ। ਉਹ ਰਾਗੀ ਸਿੰਘ ਸੱਚਮੁੱਚ ਹੀ ਸਤਿਕਾਰ ਦੇ ਕਾਬਲ ਹਨ ਜਿਨ੍ਹਾਂ ਨੇ ਖੂਬ ਮਿਹਨਤ ਕਰਕੇ ਮਿਸ਼ਰਤ ਰਾਗਾਂ ਵਿੱਚ ਸ਼ਬਦ ਗਾਇਨ ਦੇ ਔਖੇ ਪੰਧ

ਨੂੰ ਸਫਲਤਾਪੂਰਵਕ ਪਾਰ ਕੀਤਾ। ***ਇਸ ਸੰਮੇਲਨ ਰਾਹੀਂ ਰਾਗੀ ਸਿੰਘਾਂ ਨੇ ਇਹ ਸਾਬਤ ਕਰ ਦਿੱਤਾ ਕਿ ਉਨ੍ਹਾਂ ਵਿੱਚ ਸ਼ਾਸਤਰੀ ਸੰਗੀਤ ਦੇ ਗਿਆਨ ਦੀ ਕਿਸੇ ਪਾਸਿਓਂ ਵੀ ਕਮੀ ਨਹੀਂ ਹੈ, ਕਮੀ ਸੀ ਤਾਂ ਸਿਰਫ ਅਵੇਸਲੇਪਣ ਦੀ ਅਤੇ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਉਨ੍ਹਾਂ ਨੂੰ ਅਵੇਸਲੇਪਣ ਦੀ ਨੀਂਦ 'ਚੋਂ ਉਠਾ ਕੇ ਸਹੀ ਮਾਰਗ ਤੇ ਖੜਾ ਕਰ ਦਿੱਤਾ ਹੈ।*** ਰਾਗਾਂ ਦੇ ਸ਼ੁੱਧ ਗਾਇਨ ਵਿੱਚ ਕੁਝ ਗ਼ਲਤੀਆਂ ਜ਼ਰੂਰ ਰਹੀਆਂ ਹਨ ਪਰ ਰਾਗੀ ਸਿੰਘਾਂ ਅਤੇ ਪ੍ਰਬੰਧਕਾਂ ਦੇ ਇਸ ਮਹਾਨ ਉੱਦਮ ਸਾਹਮਣੇ ਉਹ ਖਿਮਾਂ ਯੋਗ ਅਤੇ ਨਿਗੁਣੀਆਂ ਹਨ।

ਇਸ ਸੰਮੇਲਨ ਵਿੱਚ ਉਨ੍ਹਾਂ ਲੋਕਾਂ ਦੇ ਉਹ ਦਾਅਵੇ ਝੂਠੇ ਪੈ ਗਏ ਜਿਹੜੇ ਕਹਿੰਦੇ ਸਨ ਕਿ ਰਾਗ ਕੋਈ ਨਹੀਂ ਸੁਣਦਾ ਅਤੇ ਹਰ ਸੰਮੇਲਨ ਦੇ ਬਾਅਦ ਸੰਗਤਾਂ ਦੀ ਗਿਣਤੀ ਘਟ ਜਾਵੇਗੀ। ਸੰਗਤਾਂ ਹੁੰਮ-ਹੁਮਾ ਕੇ ਤੇ ਵਹੀਰਾਂ ਘੱਤ ਕੇ ਸੰਮੇਲਨ ਵਿੱਚ ਪੁੱਜੀਆਂ। ਆਖਰੀ ਤਿੰਨ ਦਿਨ ਤਾਂ ਤਿਲ ਸੁੱਟਣ ਦੀ ਵੀ ਥਾਂ ਨਹੀਂ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਲਗਾਤਾਰ ਬੈਠੀਆਂ ਰਹੀਆਂ ਅਤੇ ਲੱਖਾਂ ਦੀ ਗਿਣਤੀ ਵਿੱਚ ਲਗਾਤਾਰ ਆਉਂਦੀਆਂ ਜਾਂਦੀਆਂ ਰਹੀਆਂ। ਸਾਰੀਆਂ ਹੀ ਸੰਗਤਾਂ ਨੇ ਪ੍ਰੰਪਰਾਗਤ ਰਾਗਾਂ ਵਿੱਚ ਪਰੋਈ ਇਲਾਹੀ ਬਾਣੀ ਦਾ ਪੂਰੇ ਮਨ ਨਾਲ ਆਨੰਦ ਮਾਣਿਆ। ਹਜ਼ਾਰਾਂ ਦੀ ਗਿਣਤੀ ਵਿੱਚ ਪਿਛਲੇ ਸੰਮੇਲਨ ਦੀਆਂ ਆਡੀਓ ਅਤੇ ਵੀਡੀਓ ਕੈਸਟਾਂ ਵੀ ਵਿਕੀਆਂ।

ਸੰਮੇਲਨ ਦੌਰਾਨ ਪੰਡਾਲ ਦੇ ਅੰਦਰ ਅਤੇ ਆਸ-ਪਾਸ ਬਲਕਿ ਪੂਰੇ ਜਵੱਦੀ ਕਲਾਂ ਦੀ ਭੀੜ ਨੂੰ ਨਿਯੰਤਰਣ ਕਰਨ ਲਈ ਵਲੰਟੀਅਰ ਏਨੀ ਮੁਸਤੈਦੀ ਤੇ ਨਿਮਰਤਾ ਨਾਲ ਕੰਮ ਕਰ ਰਹੇ ਸਨ ਕਿ ਉਨ੍ਹਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਪਿੰਡਾਂ ਵਿੱਚੋਂ ਆਈ ਸੰਗਤ ਲਈ ਰਹਿਣ ਦਾ ਪੂਰਾ ਇੰਤਜ਼ਾਮ ਸੀ। ਉਨ੍ਹਾਂ ਦੀ ਸਹੂਲਤ ਲਈ ਪਾਖ਼ਾਨਿਆਂ ਸਮੇਤ ਹਰ ਚੀਜ਼ ਮੌਜੂਦ ਸੀ। ਲੰਗਰ ਦਿਨ-ਰਤਾ ਚਲਦਾ ਰਹਿੰਦਾ ਸੀ।ਪੰਜਾਂ ਦਿਨਾਂ ਵਿੱਚ ਲੰਗਰ ਜਾਂ ਕਿਤੇ ਹੋਰ ਇੱਕ ਪਲ ਲਈ ਵੀ ਰੁਕਾਵਟ ਨਹੀਂ ਆਈ। ਕਿਸੇ-ਕਿਸੇ ਵੇਲੇ ਤਾਂ ਪੰਜ-ਪੰਜ ਸੌ ਸੰਗਤਾਂ ਕਤਾਰਾਂ ਬੰਨ੍ਹ ਕੇ, ਗੁਰੂ ਮਹਾਰਾਜ਼ ਦੀ ਹਜ਼ੂਰੀ ਵਿੱਚ ਮੱਥਾ ਟੇਕਣ ਲਈ ਖੜ੍ਹੀਆਂ ਹੁੰਦੀਆਂ ਸਨ ਪਰ ਸਭ ਕੁਝ ਏਨਾ ਸਹਿਜ ਤੇ ਅਨੁਸ਼ਾਸਨ ਵਿੱਚ ਹੋ ਰਿਹਾ ਸੀ ਕਿ ਮੈਂ ਆਪਣੇ ਆਪ ਨੂੰ ਕਿਸੇ ਦੂਜੀ ਹੀ ਨਗਰੀ ਦਾ ਵਾਸੀ ਮਹਿਸੂਸ ਕਰ ਰਿਹਾ ਸੀ। ਸਭ ਤੋਂ ਵੱਡੀ ਗੱਲ ਇਹ ਕਿ ਕੀਰਤਨ ਕਰਨ ਆਏ ਰਾਗੀ ਸਿੰਘ ਇਸ ਸੰਮੇਲਨ ਵਿੱਚ ਸ਼ਾਮਿਲ ਹੋ ਕੇ ਆਪਣੇ ਆਪ ਨੂੰ ਸੁਭਾਗੇ ਮਹਿਸੂਸ ਕਰ ਰਹੇ ਸਨ। ***ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਆਰੰਭੀ ਗਈ ਇਸ ਗੁਰਮਤਿ ਸੰਗੀਤ ਸੰਮੇਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਅੱਜ ਰਾਗੀ ਜਥਿਆਂ ਲਈ ਇਸ ਸੰਮੇਲਨ ਵਿੱਚ ਹਿੱਸਾ ਲੈਣਾ ਇੱਕ ਮਾਣ ਤੇ ਗੌਰਵ ਦੀ ਗੱਲ ਬਣ ਗਿਆ ਹੈ।***

ਮਿਸ਼ਰਤ ਰਾਗਾਂ ਵਿੱਚ ਹੋਏ ਕੀਰਤਨ ਤੋਂ ਇਲਾਵਾ ਕੁਝ ਵਿਦਵਾਨਾਂ ਦੇ ਲੈਕਚਰ ਵੀ ਹੋਏ, ਜਿਹੜੇ ਕਿ ਬਹੁਤ ਜ਼ਰੂਰੀ ਸਨ। ਇਨ੍ਹਾਂ ਵਿੱਚੋਂ ਸੰਮੇਲਨ ਦੇ ਦੂਜੇ ਦਿਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ: ਗੁਰਨਾਮ ਸਿੰਘ ਦੁਆਰਾ ਦਿੱਤੇ ਗਏ ਭਾਸ਼ਣ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਨਵਕੀਰਤਨੀਆਂ ਨੂੰ ਸੰਗੀਤ ਪ੍ਰੰਪਰਾ ਨਾਲ ਜੋੜਨ ਦੀ ਲੋੜ ਉੱਪਰ ਜ਼ੋਰ ਦਿੰਦੇ ਹੋਏ ਕਿਹਾ ਕਿ ਕੀਰਤਨੀ ਜਥੇ ਸੰਗਤਾਂ ਦੀ ਵਕਤੀ ਵਾਹ-ਵਾਹ ਲੈਣ ਲਈ ਫਿਲਮੀ ਧੁਨਾਂ ਉੱਪਰ ਕੀਰਤਨ ਕਰਨ ਲੱਗ ਪੈਂਦੇ ਹਨ। ਉਨ੍ਹਾਂ ਨੇ ਖਿਮਾ ਮੰਗਦੇ ਹੋਏ ਕਿਹਾ ਕਿ ਸਵੇਰੇ ਰੇਡੀਓ ਤੋਂ ਜਿਹੜਾ ਕੀਰਤਨ ਸ੍ਰੀ ਹਰਿਮੰਦਰ



ਸਾਹਿਬ ਤੋਂ ਸਿੱਧਾ ਰਿਲੇ ਕੀਤਾ ਜਾਂਦਾ ਹੈ, ਉਹ ਵੀ ਨਿਰਧਾਰਿਤ ਰਾਗਾਂ 'ਚ ਨਹੀਂ ਹੁੰਦਾ। ਆਮ ਤੌਰ 'ਤੇ ਉਹ ਕੀਰਤਨ ਪ੍ਰਚੱਲਿਤ ਫਿਲਮੀ ਧੁਨਾਂ ਜਾਂ ਗੁਲਾਮ ਅਲੀ ਦੀਆਂ ਗ਼ਜ਼ਲਾਂ ਦੀਆਂ ਧੁੰਨਾਂ ਉੱਪਰ ਆਧਾਰਿਤ ਹੁੰਦਾ ਹੈ। ਉਨ੍ਹਾਂ ਅੱਗੇ ਆਪਣੇ ਭਾਸ਼ਣ ਵਿੱਚ ਹਾਜ਼ਰ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਬੰਧ ਵਿੱਚ ਇੱਕ-ਇੱਕ ਪੱਤਰ ਨਿੱਜੀ ਤੌਰ 'ਤੇ ਸ਼੍ਰੋਮਣੀ ਕਮੇਟੀ ਨੂੰ ਲਿਖ ਕੇ ਮੰਗ ਕਰਨ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਕੀਰਤਨ ਕੇਵਲ ਨਿਰਧਾਰਿਤ ਰਾਗਾਂ ਵਿੱਚ ਹੀ ਕੀਤਾ ਜਾਵੇ। ਵੈਸੇ ਇਸ ਸੰਬੰਧ ਵਿੱਚ ਲਗਭਗ ਦਸ ਹਜ਼ਾਰ ਸੰਗਤਾਂ, ਵਿਦਵਾਨਾਂ ਤੇ ਰਾਗੀ ਸਿੰਘਾਂ ਤੋਂ ਦਸਤਖ਼ਤ ਕਰਵਾ ਕੇ ਇੱਕ ਯਾਦ ਪੱਤਰ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ, ਜਿਸ ਵਿੱਚ ਉਪਰੋਕਤ ਮੰਗ ਨੂੰ ਦੁਹਰਾਇਆ ਗਿਆ ਹੈ।

ਇਸ ਸੰਮੇਲਨ ਵਿੱਚ ਪੁਰਾਣੇ ਪ੍ਰਸਿੱਧੀ ਪ੍ਰਾਪਤ ਰਾਗੀ ਸਿੰਘਾਂ ਤੋਂ ਇਲਾਵਾ ਨਵੇਂ ਉਭਰ ਰਹੇ ਪ੍ਰਤਿਭਾਵਾਨ ਰਾਗੀਆਂ ਨੂੰ ਵੀ ਆਪਣੀ ਨਿਪੁੰਨਤਾ ਦੇ ਜੌਹਰ ਦਿਖਾਉਣ ਦਾ ਪੂਰਾ ਮੌਕਾ ਦਿੱਤਾ ਗਿਆ। ਇਸ ਤੋਂ ਇਲਾਵਾ ਇੱਕ ਪੁਰਾਣੇ ਅਤੇ ਇੱਕ ਨਵੇਂ ਰਾਗੀ ਸਿੰਘ ਨੂੰ ਗੁਰਮਤਿ ਸੰਗੀਤ ਵਿੱਚ ਅਮੁੱਲਾ ਯੋਗਦਾਨ ਪਾਉਣ ਬਦਲੇ 'ਗੁਰਮਤਿ ਐਵਾਰਡ' ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਪੁਰਾਣਿਆਂ 'ਚੋਂ ਭਾਈ ਅਵਤਾਰ ਸਿੰਘ ਗਰਚਰਨ ਸਿੰਘ ਅਤੇ ਨਵਿਆਂ 'ਚੋਂ ਡਾ: ਗੁਰਨਾਮ ਸਿੰਘ ਨੂੰ ਇਹ ਐਵਾਰਡ ਦਿੱਤੇ ਗਏ।

ਇਸ ਸੰਮੇਲਨ ਦੀ ਇੱਕ ਵਿਸ਼ੇਸ਼ਤਾ ਇਹ ਵੀ ਰਹੀ ਕਿ ਇਸ ਵਿੱਚ ਮਿਸ਼ਰਤ ਰਾਗਾਂ ਤੋਂ ਇਲਾਵਾ ਘੋੜੀਆਂ, ਲਾਵਾਂ, ਸੱਦ ਅਤੇ ਆਲੁਹਣੀਆਂ ਦਾ ਵੀ ਪ੍ਰੰਪਰਾਗਤ ਤਰੀਕੇ ਨਾਲ ਗਾਇਨ ਕੀਤਾ ਗਿਆ। ਇਸ ਤੋਂ ਇਲਾਵਾ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਵੀ ਸ਼ਬਦ ਗਾਇਨ ਰਾਹੀਂ ਸੰਮੇਲਨ ਵਿੱਚ ਆਪਣੀ ਭਰਵੀਂ ਹਾਜ਼ਰੀ ਲਵਾਈ। ਗੁਰੂ ਰਾਮ ਦਾਸ ਅਕੈਡਮੀ ਰਾਜਪੁਰ (ਦੇਹਰਾਦੂਨ) ਤੋਂ ਵੀ ਅਮਰੀਕੀ ਮੂਲ ਦੇ ਕੁਝ ਬੱਚੇ ਜੋ ਸਿੰਘ ਸਜੇ ਹੋਏ ਹਨ, ਵਿਸ਼ੇਸ਼ ਤੌਰ 'ਤੇ ਇਸ ਸੰਮੇਲਨ ਵਿੱਚ ਸ਼ਾਮਿਲ ਹੋਏ। ਉਨ੍ਹਾਂ ਸ਼ਬਦਾਂ ਦਾ ਗਾਇਨ ਕਰਨ ਦੇ ਨਾਲ-ਨਾਲ ਅੰਗਰੇਜ਼ੀ ਵਿੱਚ ਇੱਕ ਗੀਤ ਦਾ ਗਾਇਨ ਵੀ ਕੀਤਾ, ਜਿਸ ਵਿੱਚ ਖਾਲਸੇ ਦੀ ਮਹਿਮਾ ਤੇ ਗੁਰੂਆਂ ਦੀ ਕੁਰਬਾਨੀ ਦਾ ਵਰਣਨ ਕੀਤਾ ਗਿਆ ਸੀ।

***ਜਵੱਦੀ ਕਲਾਂ ਵਿੱਚ ਪੂਰੇ ਪੰਜ ਦਿਨ ਜਲੰਧਰ ਵਿੱਚ ਹੁੰਦੇ ਹਰਵ ਲਭ ਸੰਗੀਤ ਸੰਮੇਲਨ ਵਰਗਾ ਮਾਹੌਲ ਰਿਹਾ। ਪਰ ਜੇ ਇਹ ਗੁਸਤਾਖੀ ਨਾ ਹੋਵੇ ਤਾਂ ਜਵੱਦੀ ਕਲਾਂ ਵਿੱਚ ਜਲੰਧਰ ਨਾਲੋਂ ਕਿਤੇ ਵਧੀਆ ਇੰਤਜ਼ਾਮ ਤੇ ਕਈ ਗੁਣਾਂ ਜ਼ਿਆਦਾ ਸੰਗਤਾਂ ਸਨ। ਸੰਤ ਬਾਬਾ ਸੁੱਚਾ ਸਿੰਘ ਜੀ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਸ ਸੰਮੇਲਨ ਨੂੰ ਕਾਮਯਾਬ ਕਰਨ ਲਈ ਜਵੱਦੀ ਕਲਾਂ ਵਿੱਚ ਸੰਗੀਤ ਤੇ ਮੋਹ ਦੀਆਂ ਸੁਰਾਂ ਨਾਲ ਇੱਕ ਪੂਰਾ ਦਾ ਪੂਰਾ ਨਗਰ ਵਸਾ ਦਿੱਤਾ ਸੀ। ਏਨੀ ਭੀੜ ਦੇ ਬਾਵਜੂਦ ਵੀ ਇਸ ਨਗਰ ਵਿੱਚ ਪਵਿੱਤਰਤਾ ਤੇ ਸ਼ਾਂਤੀ ਦੀਆਂ ਸੁਰਾਂ ਗੂੰਜਦੀਆਂ ਸਨ।***

ਇਸ ਸੰਮੇਲਨ ਵਿੱਚ ਪ੍ਰੰਪਰਾਗਤ ਸਾਜ਼ਾਂ ਦੀ ਘਾਟ ਬਹੁਤ ਖਟਕ ਰਹੀ ਸੀ। ਇਕ ਦਿਲਰੁਬਾ ਤੇ ਤਾਊਸ ਜ਼ਰੂਰ ਸੀ ਪਰ ਉਨ੍ਹਾਂ ਦੇ ਸੁਰ ਕਈ ਵਾਰ ਹਰਮੋਨੀਅਮ ਦੀ ਆਵਾਜ਼ ਵਿੱਚ ਦਬ ਕੇ ਰਹਿ ਜਾਂਦੇ ਸਨ। ਪ੍ਰਬੰਧਕਾਂ ਵੱਲੋਂ ਪਹਿਲਾਂ ਹਰਮੋਨੀਅਮ ਵਰਤਣ ਉੱਪਰ ਪਾਬੰਦੀ ਲਗਾਈ ਗਈ ਸੀ ਕਿ ਇਹ ਇੱਕ ਵਿਦੇਸ਼ੀ ਸਾਜ਼ ਹੈ ਅਤੇ ਕਿਸੇ ਹੱਦ ਤੱਕ ਬੇਸੁਰਾ ਵੀ। ਪਰ ਸਾਡੇ ਰਾਗੀ ਸਿੰਘਾਂ ਨੂੰ ਇਸਦੀ ਆਦਤ ਪਈ ਹੋਈ ਹੈ ਕਿਉਂਕਿ ਇੱਕ ਤਾਂ ਗਾਇਕ ਦੀਆਂ ਕਮੀਆਂ ਹਰਮੋਨੀਅਮ ਦੀਆਂ ਭਾਰੀ ਸੁਰਾਂ ਹੇਠ ਲੁਕ ਜਾਂਦੀਆਂ ਹਨ, ਦੂਜੇ ਉਨ੍ਹਾਂ ਕੋਲ ਪੁਰਾਤਨ ਸਾਜ਼ ਵਜਾਉਣ ਵਾਲੇ ਸਾਜ਼ਿੰਦੇ ਨਹੀਂ ਹਨ। ਇਸ ਲਈ ਹਰਮੋਨੀਅਮ

ਵਜਾਉਣ ਉੱਪਰ ਲਾਈ ਗਈ ਪਾਬੰਧੀ ਹਟਾਉਣੀ ਪਈ। ***ਪਰ ਰਾਗ ਨਿਰਣਾਇਕ ਕਮੇਟੀ ਦੇ ਮੈਂਬਰ ਡਾ: ਗੁਰਨਾਮ ਸਿੰਘ ਜੇ ਖੁਦ ਹਰਮੋਨੀਅਮ ਤੋਂ ਬਿਨਾਂ ਕੀਰਤਨ ਕਰਕੇ ਦਿਖਾਉਂਦੇ ਤਾਂ ਬਾਕੀ ਰਾਗੀ ਸਿੰਘਾਂ ਲਈ ਉਹ ਇੱਕ ਚੰਗੇ ਮਾਰਗ-ਦਰਸ਼ਕ ਤੇ ਪ੍ਰੇਰਣਾ ਸ੍ਰੋਤ ਬਣ ਸਕਦੇ ਸਨ ਪਰ ਉਹ ਇਸ 'ਡੱਬੇ' ਦਾ ਮੋਹ ਤਿਆਗ ਨਾ ਸਕੇ।***

ਸਟੇਜ ਦੀ ਜ਼ਿੰਮੇਵਾਰੀ ਕੁਝ ਵਿਦਵਾਨਾਂ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ ਪਰ ਹਜ਼ੂਰ ਸਾਹਿਬ ਤੋਂ ਇੱਕ ਵਿਦਵਾਨ ਆਏ ਸਨ, ਸਟੇਜ ਸੰਭਾਲਣ ਲਈ। ਏਨੇ ਵੱਡੇ ਇਕੱਠ ਸਾਹਮਣੇ ਉਹ ਸਦਾ ਘਬਰਾਏ ਹੋਏ ਹੀ ਰਹੇ। ਉਚਾਰਣ ਵਿੱਚ ਉਹ ਸਦਾ ਹੀ ਉਕਾਈਆਂ ਕਰਦੇ ਰਹੇ, ਜਿਵੇਂ ਛੋਡੋ ਨੂੰ ਸੋਡੋ, ਮਾਹਿੰਜਾ ਨੂੰ ਸਾਹਿੰਜਾ, ਸ਼ਬਦ ਨੂੰ ਸ਼ਬੱਦ ਆਦਿ। ਕਈ ਵਾਰ ਤਾਂ ਉਹ ਕਹਿ ਦਿੰਦੇ ਕਿ ਹੁਣ ਫਲਾਣਾ ਰਾਗੀ ਜਥਾ ਸ਼ਬਦ ਸ਼ਰਵਣ ਕਰੇਗਾ। ਇਕ ਹੋਰ ਗੱਲ ਨਿਮਰਤਾ ਸਹਿਤ ਕਹਿਣਾ ਚਾਹਾਂਗਾ ਕਿ ਏਨੇ ਵੱਡੇ ਤੇ ਮਹਾਨ ਕਾਰਜ ਬਲਕਿ ਮੈਂ ਇਸ ਨੂੰ ਇੱਕ ਅੰਦੋਲਨ ਹੀ ਕਹਾਂਗਾ, ਦੌਰਾਨ ਦੂਰਦਰਸ਼ਨ ਜਾਂ ਰੇਡੀਓ ਖਾਤਰ ਪ੍ਰੋਗਰਾਮ ਵਿੱਚ ਅਦਲਾ-ਬਦਲੀ ਨਹੀਂ ਕਰਨੀ ਚਾਹੀਦੀ। ਜਿਵੇਂ ਚੌਥੇ ਦਿਨ 1.15 ਵਜੇ ਕੀਤੀ ਗਈ। ਦਿੱਲੀ ਤੋਂ ਇੱਕ ਬੀਬਾ ਜੀ ਵੀ ਆਈ ਸੀ ਕੀਰਤਨ ਕਰਨ। ਸਟੇਜ ਉੱਪਰ ਉਹ ਚਾਲੂ ਮਾਈਕਾਂ ਸਾਹਮਣੇ ਮਾਈਕ ਠੀਕ ਕਰਨ ਵਾਲੇ ਨੂੰ ਹਿੰਦੀ ਵਿੱਚ ਕਹਿ ਰਹੀ ਸੀ, "ਮੈਨੇ ਹੀ ਗਾਣਾ ਹੈ।"

ਇਸ ਸੰਮੇਲਨ ਬਾਰੇ ਸੰਤ ਸੁੱਚਾ ਸਿੰਘ ਜੀ ਦਾ ਕਹਿਣਾ ਹੈ ਕਿ ਉਹ ਸਤਿਗੁਰੂ ਤੇ ਸੰਗਤ ਦੀ ਪ੍ਰੇਰਣਾ ਤੇ ਹੁਕਮ ਅਤੇ ਗੁਰਮੁਖ ਵਿਦਵਾਨਾਂ ਦੇ ਸਹਿਯੋਗ ਸਦਕਾ ਹੀ ਗੁਰੂ ਸਿੱਖੀ ਦੇ ਇਸ ਮਹਾਨ ਵਿਰਸੇ ਨੂੰ ਸੰਭਾਲਣ ਦੀ ਆਪਣੀ ਸੋਚ ਨੂੰ ਇਸ ਸੰਮੇਲਨ ਦੇ ਰੂਪ ਵਿੱਚ ਅਮਲੀ ਜਾਮਾ ਪਹਿਨਾ ਸਕੇ ਹਨ। ਕੁਲ ਮਿਲਾ ਕੇ ਇਹ ਕਹਿ ਸਕਦੇ ਹਾਂ ਕਿ ਦੂਜਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੱਚਮੁੱਚ ਹੀ ਅਦੁੱਤੀ ਸੀ। ਪੂਰੇ ਪੰਜ ਦਿਨ ਦੁਨਿਆਵੀ ਉਲਝਣਾਂ ਤੋਂ ਮੁਕਤ ਰਾਗ, ਸੁਰ ਤੇ ਸੰਗੀਤ ਦੀ ਨਿਆਰੀ ਨਗਰੀ ਵਿੱਚ ਗੁਆਚੇ ਰਹਿਣ ਦਾ ਸਮਾਂ ਇੱਕ ਖ਼ੂਬਸੂਰਤ ਸੁਪਨੇ ਦੀ ਤਰ੍ਹਾਂ ਲੱਗ ਰਿਹਾ ਹੈ। ਇਹ ਇੱਕ ਬਹੁਤ ਵੱਡਾ ਸੱਚ ਵੀ ਹੈ ਕਿ ਗੁਰਮਤਿ ਸੰਗੀਤ ਨੂੰ ਉਸਦੇ ਯੋਗ ਸਥਾਨ 'ਤੇ ਪਹੁੰਚਾ ਕੇ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕਈ ਸੰਗੀਤ ਪ੍ਰੇਮੀਆਂ, ਸ਼ਰਧਾਲੂਆਂ, ਵਿਦਵਾਨਾਂ ਅਤੇ ਮਹਾਨ ਗੁਰੂਆਂ ਦੇ ਸੁਪਨੇ ਨੂੰ ਸੱਚਮੁੱਚ ਹੀ ਸਾਕਾਰ ਕਰ ਦਿੱਤਾ ਹੈ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੌਰਾਨ ਵਾਪਰੇ ਕੁਝ ਦਿਲਚਸਪ ਤੱਥ:

1 ਸਟੇਜ ਤੋਂ ਐਲਾਨ ਹੁੰਦਾ ਹੈ ਕਿ ਇੱਕ ਬਜ਼ੁਰਗ ਔਰਤ ਕੀਰਤਨ ਵਿੱਚ ਏਨੀ ਗੁਆਚ ਗਈ ਹੈ ਕਿ ਦੋ ਦਿਨ ਹੋ ਗਏ ਘਰ ਨਹੀਂ ਅੱਪੜੀ, ਘਰ ਵਾਲੇ ਪ੍ਰੇਸ਼ਾਨ ਹੋ ਰਹੇ ਹਨ, ਕਿਰਪਾ ਕਰਕੇ ਉਹ ਆਪਣੀ ਰਾਜ਼ੀ ਖੁਸ਼ੀ ਬਾਰੇ ਘਰਦਿਆਂ ਨੂੰ ਸੂਚਿਤ ਕਰੇ।

2 ਸੰਗਤਾਂ ਦੇ ਹੜ੍ਹ ਵਿੱਚ ਅਕਸਰ ਬੱਚੇ ਗੁਆਚਦੇ ਰਹੇ ਅਤੇ ਹਮੇਸ਼ਾਂ ਇਹੀ ਐਲਾਨ ਹੁੰਦਾ ਰਿਹਾ ਕਿ ਬੱਚੇ ਮਿਲੇ ਹਨ, ਜਿਸ ਦੇ ਵੀ ਹੋਣ ਆ ਕੇ ਲੈ ਜਾਣ। ਮਾਂ-ਬਾਪ ਵੱਲੋਂ ਕਦੇ ਵੀ ਐਲਾਨ ਨਹੀਂ ਹੋਇਆ।

*(ਧੰਨਵਾਦ ਸਹਿਤ, ਮਹਿਰਮ: ਜਨਵਰੀ 1993)*

◈◈◈◈◈◈◈



# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-1992

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਪਿੰਡ ਜਵੱਦੀ ਲੁਧਿਆਣਾ ਵਿਖੇ ਅੱਜ ਤੋਂ ਗੁਰਮਤਿ ਸੰਗੀਤ ਸੰਮੇਲਨ ਆਰੰਭ ਹੋ ਗਿਆ ਹੈ ਜੋ ਸਾਧ ਸੰਗਤ ਦੇ ਉਪਰਾਲੇ ਨਾਲ ਹੋ ਰਿਹਾ ਹੈ। ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰਕ, ਪ੍ਰਮਾਰਥਕ, ਆਰਥਕ, ਸਮਾਜਕ, ਮਾਨਸਿਕ, ਪਰਿਵਾਰਿਕ, ਭਾਵ ਜੀਵਨ ਦੇ ਹਰ ਪੱਖ ਦੇ ਗਿਆਨ ਖਾਨੇ ਨਾਲ ਭਰਪੂਰ ਹਨ। ਜਿਸ ਵੀ ਪਹਿਲੂ ਤੋਂ ਦਰਸ਼ਨ-ਵਿਚਾਰ ਕਰੀਏ, ਗਿਆਨ ਦਾ ਅੰਤ ਨਹੀਂ। ਸ੍ਰੀ ਗੁਰੂ ਜੀ ਦੇ ਸੰਗੀਤਕ ਪਹਿਲੂ ਨੂੰ ਹੀ ਜੇ ਲਈਏ-ਸਾਰੀ ਬਾਣੀ ਰਾਗਬੱਧ ਬਾਣੀ ਧੁਰ ਕੀ ਬਾਣੀ ਹੈ!ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤਕ ਵਿਰਸਾ ਜੋ ਸਿੱਖ ਨੂੰ ਪ੍ਰਾਪਤ ਹੋਇਆ ਹੈ ਉਸ ਨੂੰ ਵਰਤਣ, ਪ੍ਰਸਾਰਣ, ਸੰਭਾਲਣ ਵਿੱਚ ਅੱਜ ਤੱਕ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਕੁਝ ਕੁ ਉੱਦਮ ਨਾਮ ਮਾਤਰ ਜ਼ਰੂਰ ਹੋਏ ਹਨ। ***ਆਪਿ ਜਪੈ ਅਵਰਹ ਨਾਮੁ ਜਪਾਵੈ*** ਦੇ ਅਟਲ ਹੁਕਮ ਅਨੁਸਾਰ ਗੁਰੂ ਪ੍ਰਮੇਸ਼ਰ ਦੀ ਆਗਿਆ ਵਿੱਚ ਰਹਿ ਕੇ ਗੁਰਸਿੱਖ ਗੁਰੂ ਕੀ ਕਾਰ ਕਮਾਉਂਦਾ ਹੈ। ***ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ*** ਗੁਰੂ ਪੁਰਸ਼ ਕਿਸੇ ਇੱਕ ਯੋਗ ਸਤਿਪੁਰਸ਼ ਦੇ ਹਿਰਦੇ ਅੰਦਰ ਆਪਣੇ ਸਤਿ-ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੋਈ ਡਿਊਟੀ ਲਾ ਦਿੰਦਾ ਹੈ ਜਿਸ ਅਨੁਸਾਰ ਸਤਿਪੁਰਸ਼ ਪੂਰਾ ਤਾਣ ਲੈ ਕੇ ਉਸ 'ਤੇ ਪਹਿਰਾ ਦਿੰਦਾ ਹੈ। ਇੰਜ ਜਾਪਦਾ ਹੈ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਹਿੱਸੇ ਗੁਰੂ ਬਖਸ਼ੇ ਸੰਗੀਤਕ ਵਿਰਸੇ ਦੀ ਸੇਵਾ ਸੰਭਾਲ ਦਾ ਪਹਿਰਾ ਲੱਗਾ ਹੈ। ***ਬਾਬਾ ਜੀ ਜੋ ਸਦਾ ਇਕਾਂਤ ਪਸੰਦ, ਪਹਾੜ ਤੇ ਰਹਿਣਾ ਪਸੰਦ ਕਰਦੇ ਹਨ, ਅੱਜ ਉਸੇ ਹੁਕਮ ਅਧੀਨ ਸੇਵਾ ਦੇ ਇਸ ਖੇਤਰ ਵਿੱਚ ਆਪਣੇ ਈਮਾਨਦਾਰ, ਉਗਾਹੂ, ਸਿੱਖੀ ਦੇ ਪਿਆਰ ਵਾਲੇ ਸੰਗੀ ਸਾਥੀਆਂ ਸਮੇਤ ਪੂਰੀ ਤਨ ਦਿਲੀ, ਮਨ ਦਿਲੀ ਨਾਲ ਦਿਨ ਰਾਤ ਲੱਗੇ ਪਏ ਹਨ। ਭਾਵੇਂ ਕੋਈ ਰੁਕਾਵਟਾਂ, ਮੁਸ਼ਕਲਾਂ ਆਉਂਦੀਆਂ ਹਨ ਪਰ ਸਦਾ ਸਹਿਜ ਵਿੱਚ ਟਿਕਣ ਦਾ ਸੁਭਾਅ ਹੋਣ ਕਰਕੇ ਉਨ੍ਹਾਂ ਦੇ ਸੰਗੀ ਸਾਥੀ ਵੀ ਚੜ੍ਹਦੀ ਕਲਾ ਵਿੱਚ ਰਹਿ ਕੇ ਸੇਵਾ ਨਿਭਾ ਰਹੇ ਹਨ। ਗੁਰੂ ਬਖ਼ਸ਼ਿਆ ਸੰਗੀਤਕ ਵਿਰਸਾ ਕਿਤੇ ਬਿਲਕੁਲ ਆਲੋਪ ਹੀ ਨਾ ਹੋ ਜਾਵੇ ਇਸ ਲਈ ਸਿੱਖ ਪੰਥ ਦੇ ਪੁਰਾਣੇ ਹੰਢੇ ਵਰਤੇ ਮਾਰਤੰਡ ਰਾਗੀ ਸਿੰਘ ਅਤੇ ਨੌਜਵਾਨ ਵਿਦਵਾਨ ਰਾਗੀ ਸਿੰਘਾਂ ਨੇ ਬਹੁਤ ਮਿਹਨਤ ਕਰਕੇ ਭਾਰਤੀ-ਸੰਗੀਤ ਸ਼ਾਸਤਰਾਂ, ਗੁਰਮਤਿ ਸੰਗੀਤ ਗ੍ਰੰਥਾਂ, ਸੀਨਾ-ਬਸੀਨਾ ਚਲੇ ਆ ਰਹੇ ਰਾਗਾਂ ਦੇ ਸਰੂਪਾਂ ਦੇ ਆਧਾਰ 'ਤੇ ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁੱਖ ਰਾਗਾਂ ਅਤੇ ਇਸ ਵਰ੍ਹੇ ਸਾਰੇ ਰਾਗ ਪ੍ਰਕਾਰਾਂ ਦੇ ਸਰੂਪ ਨਿਸਚਿਤ ਕੀਤੇ ਹਨ ਜਿਸ ਆਧਾਰ 'ਤੇ ਰਾਗੀ ਸਿੰਘਾਂ ਨੇ ਅਕਤੂਬਰ 1991 ਵਿੱਚ 31 ਮੁੱਖ ਰਾਗਾਂ ਵਿੱਚ ਗੁਰਬਾਣੀ ਕੀਰਤਨ ਕੀਤਾ*** ਤੇ ਇਸ ਸਾਲ ਸਾਰੇ ਮਿਸ਼ਰਤ ਰਾਗਾਂ (ਰਾਗ ਪ੍ਰਕਾਰਾਂ) ਵਿੱਚ ਕੀਰਤਨ ਕਰਨਗੇ। ਇਸ ਭੰਡਾਰ ਨੂੰ ਪਿਛਲੇ ਸਾਲ ਆਡੀਓ ਅਤੇ ਵੀਡੀਓ ਰਿਕਾਰਡਿੰਗ ਕਰਕੇ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਸੀ। ਰਾਗੀ ਸਿੰਘਾਂ ਲਈ ਅਤੇ ਸਾਡੇ ਸਭ ਲਈ ਇਹ ਪਹਿਲਾ ਤਜਰਬਾ ਕਾਫੀ ਹੱਦ ਤੱਕ ਸਫਲ ਰਿਹਾ, ਭਾਵੇਂ ਕਈ ਉਕਾਈਆਂ ਰਹਿ ਗਈਆਂ। ਕੁਝ ਰਾਗੀਆਂ ਤੋਂ 31 ਰਾਗਾਂ ਵਿੱਚ ਕੀਰਤਨ ਕਰਵਾ ਕੇ ਸਟੂਡੀਓ ਵਿੱਚ ਰਿਕਾਰਡਿੰਗ ਕੀਤੀ ਜਾ ਸਕਦੀ ਸੀ ਪਰ ਪੁਰਾਣੇ, ਨਵੇਂ ਸਿੰਘਾਂ ਅਤੇ ਕੀਰਤਨ ਸਰਵਣ ਕਰਨ ਵਾਲੀਆਂ ਸੰਗਤਾਂ ਵਿੱਚ ਗੁਰਮਤਿ ਸੰਗੀਤ ਲਈ ਰੁਝਾਨ ਪੈਦਾ ਹੋਵੇ ਇਸ ਲਈ ਸਾਰੇ ਸੰਸਾਰ ਦੇ ਸਿੱਖ ਜਗਤ, ਕੀਰਤਨ ਪ੍ਰੇਮੀਆਂ, ਸੰਗੀਤ ਪ੍ਰੇਮੀਆਂ ਨੂੰ ਸੱਦਾ ਦਿੱਤਾ ਗਿਆ ਅਤੇ ਇਸ ਸਾਲ ਅਕਤੂਬਰ ਵਿੱਚ ਹੋ ਰਹੇ ਸੰਮੇਲਨ ਲਈ ਸੱਦਾ ਦਿੱਤਾ

ਜਾ ਰਿਹਾ ਹੈ ਤਾਂ ਕਿ ਸਾਨੂੰ ਗੁਰੂ ਹਕਮ ਅਨੁਸਾਰ ਹੀ ਕੀਰਤਨ ਕਰਨ, ਸੁਣਨ ਦੀ ਆਦਤ ਪਵੇ। ***'ਵਿਸਮਾਦੁ ਨਾਦ'*** ਨਾਮੀ ਸੰਸਥਾ ਬਾਬਾ ਜੀ ਦੀ ਸਰਪ੍ਰਸਤੀ ਹੇਠ ਗੁਰਮਤਿ-ਕੀਰਤਨ ਅਤੇ ਗੁਰਮਤਿ ਪ੍ਰਚਾਰ ਲਈ ਬਣਾਈ ਗਈ ਹੈ। ਇਨ੍ਹਾਂ ਦੋਹਾਂ ਖੇਤਰਾਂ ਵਿੱਚ ਹਰ ਪ੍ਰਕਾਰ ਦੇ ਕਾਰਜ ***'ਵਿਸਮਾਦੁ ਨਾਦ'*** ਹੀ ਕਰੇਗਾ। 7 ਤੋਂ 11 ਅਕਤੂਬਰ ਤੱਕ ਹੋ ਰਹੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਹੇਠ ਲਿਖੇ ਰੰਗ-ਰੂਪ-ਰਸ ਦੀ ਰੂਪ ਰੇਖਾ ਇਸ ਪ੍ਰਕਾਰ ਹੈ:

**ਸੰਤ ਸੰਮੇਲਨ:** 7 ਅਕਤੂਬਰ 1992 ਦਿਨ ਬੁੱਧਵਾਰ ਨੂੰ ਸਵੇਰੇ 9-00 ਵਜੇ ਤੋਂ 1-30 ਵਜੇ ਤੱਕ ਹੋਵੇਗਾ। ਜਿਸ ਵਿੱਚ ਉਦਾਸੀਨ, ਨਿਰਮਲੇ, ਸੇਵਾ ਪੰਥੀ, ਦਮਦਮੀ ਟਕਸਾਲ, ਟਕਸਾਲ ਰਾੜਾ ਸਾਹਿਬ, ਨਾਨਕਸਰ ਕਾਰ ਸੇਵਾ ਇਤਿਆਦਿਕ ਸਾਰੀਆਂ ਸੰਪਰਦਾਵਾਂ ਦੇ ਮਹਾਪੁਰਸ਼ ਦਰਸ਼ਨ ਦੇਣਗੇ। ਸਟੇਜ ਤੇ ਵਿਚਾਰ ਰੱਖਣ ਵਾਲੇ ਸਾਰੇ ਮਹਾਪੁਰਸ਼ਾਂ ***"ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ"*** ਵਿਸ਼ੇ ਤੇ ਹੀ ਵੀਚਾਰ ਕਰਨਗੇ। ਸੰਤ ਸੰਮੇਲਨ ਦੀ ਪ੍ਰਧਾਨਗੀ ਸੰਤ ਬਾਬਾ ਠਾਕਰ ਸਿੰਘ ਜੀ ਕਰਨਗੇ।

**ਵਿਸਮਾਦੁ ਨਾਦ ਵਿਦਿਆਰਥੀ ਕੀਰਤਨ ਦਰਬਾਰ:** ਪੰਜਾਬ ਅਤੇ ਭਾਰਤ ਦੇ ਖਾਲਸਾ ਗੁਰਮਤਿ ਸੰਗੀਤ ਵਿਦਿਆਲੇ, ਸੰਸਥਾਵਾਂ ਵੱਲੋਂ ਤਿਆਰ ਕੀਤੇ ਵਿਦਿਆਰਥੀ ਪਿਛਲੇ ਸਾਲ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਹੋਏ 31 ਰਾਗਾਂ ਵਿੱਚ ਰਿਕਾਰਡ ਕੀਤੇ ਕੀਰਤਨ ਦੀਆਂ ਬਣੀਆਂ 16 ਕੈਸਟਾਂ ਦੇ ਆਧਾਰ 'ਤੇ ਕੀਰਤਨ ਕਰਨਗੇ। ਸਭ ਟੀਮਾਂ ਦਾ ਯੋਗ ਸਨਮਾਨ ਕੀਤਾ ਜਾਵੇਗਾ। ਪਹਿਲਾ, ਦੂਜਾ, ਤੀਜਾ ਇਨਾਮ ਵੀ ਦਿੱਤੇ ਜਾਣਗੇ।

**ਨਿਰਧਾਰਤ ਰਾਗਾਂ ਵਿੱਚ ਕੀਰਤਨ:** 8 ਤੋਂ 11 ਅਕਤੂਬਰ ਰਾਤ ਤੱਕ ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤੱਕ ਅਤੇ ਦੁਪਹਿਰ 3.30 ਵਜੇ ਤੋਂ ਰਾਤ 9 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਸਾਰੇ ਰਾਗ ਪ੍ਰਕਾਰਾਂ ਵਿੱਚ ਗੁਰਬਾਣੀ ਕੀਰਤਨ ਹੋਵੇਗਾ।

**ਆਸਾ ਦੀ ਵਾਰ:** ਪੰਜੇ ਦਿਨ ਅੰਮ੍ਰਿਤ ਵੇਲੇ 4.30 ਤੋਂ 7 ਵਜੇ ਤੱਕ ਸਿੱਖ ਪੰਥ ਦੇ ਮਹਾਨ ਵਿਦਵਾਨ ਰਾਗੀ ਸਿੰਘ ਗੁਰੂ ਘਰ ਦੀ ਮਰਿਯਾਦਾ ਅਨੁਸਾਰ ਆਸਾ ਦੀ ਵਾਰ ਦਾ ਕੀਰਤਨ ਕਰਨਗੇ।

**ਸੋਵੀਨਾਰ:** ਪਿਛਲੇ ਸਾਲ ਵਾਂਗ ਇਸ ਸਾਲ ਵੀ ਸੋਵੀਨਾਰ ਦੀ ਤਿਆਰੀ ਪ੍ਰਿੰ: ਸਤਿਬੀਰ ਸਿੰਘ ਜੀ ਅਤੇ ਡਾ: ਗੁਰਨਾਮ ਸਿੰਘ ਜੀ ਕਰ ਰਹੇ ਹਨ ਸੰਤ ਸੰਮੇਲਨ ਦੌਰਾਨ ਬਾਬਾ ਠਾਕਰ ਸਿੰਘ ਜੀ ਰਿਲੀਜ਼ ਕਰਨਗੇ।

**ਵਿਸਮਾਦੁ ਨਾਦ ਗੁਰਮਤਿ ਸੰਗੀਤ ਵਿਸ਼ੇਸ਼ ਪਤ੍ਰਿਕਾ:** ਹਰ ਚੌਥੇ ਮਹੀਨੇ ਵਿਸਮਾਦੁ ਨਾਦ ਪਰਚਾ ਛਾਪਿਆ ਜਾਵੇਗਾ। ਜਿਸ ਦਾ ਪਹਿਲਾ ਅੰਕ 'ਗੁਰਮਤਿ ਸੰਗੀਤ ਵਿਸ਼ੇਸ਼ ਪੱਤ੍ਰਿਕਾ' 7 ਅਕਤੂਬਰ ਨੂੰ ਰਿਲੀਜ਼ ਕੀਤਾ ਜਾਵੇਗਾ ਜਿਸ ਵਿੱਚ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਗੁਰਮਤਿ ਸੰਗੀਤ ਬਾਰੇ ਹੋਣਗੇ, ਸੰਗਤਾਂ ਵਿੱਚ ਘੱਟ ਕੀਮਤ 'ਤੇ ਦਿੱਤਾ ਜਾਵੇਗਾ।

**ਰਾਗ ਰਤਨ ਐਵਾਰਡ:** ਹਰ ਸਾਲ ਵਿਸਮਾਦੁ ਨਾਦ ਦੇ ਮੈਂਬਰਾਂ ਦਾ ਇੱਕ ਇਨਾਮ ਕੱਢਿਆ ਜਾਵੇਗਾ। ਰਬਾਬ, ਤਾਊਸ ਤੇ ਸਾਰੰਦਾ ਇਨਾਮ ਦਿੱਤੇ ਜਾਣਗੇ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਨੂੰ ਗੁਰੂ ਬਖਸ਼ੇ ਸਾਜ਼ ਰਬਾਬ, ਤਾਊਸ, ਸਾਰੰਦਾ ਆਦਿਕ ਲੱਭਣ ਲਈ ਭਾਰਤ ਦਾ ਕੋਨਾ-ਕੋਨਾ ਨਾ ਲੱਭਣਾ ਪਵੇ।



**ਗੁਰਮਤਿ ਸੰਗੀਤ ਐਵਾਰਡ:** ਇਹ ਵਿਚਾਰ ਕੀਤੀ ਗਈ ਹੈ ਕਿ ਹਰ ਸਾਲ ਇੱਕ ਯੋਗ ਰਾਗੀ ਸਿੰਘ ਨੂੰ ਵਿਸਮਾਦੁ ਨਾਦ ਗੁਰਮਤਿ ਸੰਗੀਤ ਐਵਾਰਡ ਦਿੱਤਾ ਜਾਵੇ ਤਾਂ ਕਿ ਰਾਗੀ ਸਿੰਘਾਂ ਵਿੱਚ ਗੁਰਮਤਿ ਸੰਗੀਤ ਵਿੱਚ ਮਿਹਨਤ ਕਰਨ ਦਾ ਚਾਅ ਉਪਜੇ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ। ਇਸ ਸਾਲ 2 ਐਵਾਰਡ 10 ਅਕਤੂਬਰ ਦੀ ਰਾਤ ਨੂੰ ਬਾਬਾ ਸਰਬਜੋਤ ਸਿੰਘ ਬੇਦੀ ਆਪਣੇ ਕਰ ਕਮਲਾਂ ਨਾਲ ਦੇਣਗੇ।

**ਗੁਰ ਸ਼ਬਦ ਸੰਗੀਤ ਅਕੈਡਮੀ ਦੇ ਵਿਦਿਆਰਥੀ:** ਹਰ ਰੋਜ਼ ਨਿਰਧਾਰਤ ਰਾਗਾਂ ਵਿੱਚ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਵਿਦਿਆਰਥੀ 'ਦੇਹਿ ਸ਼ਿਵਾ ਬਰ ਮੋਹਿ ਇਹੈ' ਦਾ ਗਾਇਨ ਕਰਨਗੇ। ਗੁਰ ਸ਼ਬਦ ਸੰਗੀਤ ਅਕੈਡਮੀ ਦੇ ਵਿਦਿਆਰਥੀ ਦੀਵਾਨਾਂ ਵਿੱਚ ਵੀ ਕੀਰਤਨ ਕਰਨਗੇ।

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਗੁਰ ਸ਼ਬਦ ਸੰਗੀਤ ਅਕੈਡਮੀ ਬੜੀ ਸਫਲਤਾ ਪੂਰਵਕ ਚੱਲ ਰਹੀ ਹੈ। ਪ੍ਰਿੰ: ਉਸਤਾਦ ਜਸਵੰਤ ਸਿੰਘ ਜੀ ਭੰਵਰਾ ਦਿਨ-ਰਾਤ ਇੱਕ ਕਰਕੇ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ। ਮਹਾਰਾਜ ਕਿਰਪਾ ਕਰਨ ਭੰਵਰਾ ਸਾਹਿਬ ਨੂੰ ਪੂਰਨ ਅਰੋਗਤਾ ਅਤੇ ਬਲ ਬਖ਼ਸ਼ਣ ਤਾਂ ਕਿ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੱਧ ਤੋਂ ਵੱਧ ਸੇਵਾ ਕਰ ਸਕਣ। ਪ੍ਰੋ: ਕਰਤਾਰ ਸਿੰਘ ਜੀ, ਪ੍ਰੋ: ਪਰਮਜੋਤ ਸਿੰਘ ਜੀ ਅਤੇ ਡਾ: ਗੁਰਨਾਮ ਸਿੰਘ ਪਟਿਆਲਾ ਵੀ ਪੂਰਨ ਸਹਿਯੋਗ ਦੇ ਰਹੇ ਹਨ।

**ਵਿਸਮਾਦੁ ਨਾਦ ਕੈਸਿਟਾਂ: 31 ਰਾਗਾਂ ਤੇ ਆਧਾਰਿਤ ਗੁਰਬਾਣੀ ਕੀਰਤਨ ਦੀਆਂ ਕੈਸਿਟਾਂ:** 16 ਕੈਸਿਟਾਂ ਦਾ ਸੈੱਟ ਸਬਸਿਡਾਈਜ਼ਡ ਰੇਟ 'ਤੇ ਦਿੱਤਾ ਜਾਵੇਗਾ। 16 ਕੈਸਿਟਾਂ ਦੇ ਸੈੱਟ ਦੀ ਕੀਮਤ ਕੇਵਲ 350 ਰੁਪਏ ਅਤੇ 4 ਕੈਸਿਟਾਂ ਦੇ ਸੈੱਟ ਦੀ ਕੀਮਤ ਕੇਵਲ 90 ਰੁਪਏ ਹੋਵੇਗੀ।

**ਵੀਡੀਓ ਕੈਸਿਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਛੇ ਰਾਗਾਂ ਦੇ ਆਧਾਰਿਤ 6 ਸ਼ਬਦਾਂ ਦੀ ਵੀਡੀਓ ਕੈਸਿਟ ਰਿਲੀਜ਼ ਕੀਤੀ ਜਾਵੇਗੀ। ਇਹ ਕੈਸਿਟ ਵੀ ਸਬਸਿਡਾਈਜ਼ਡ ਰੇਟ 'ਤੇ ਹੀ ਦਿੱਤੀ ਜਾਵੇਗੀ। ਇੱਕ ਕੈਸਿਟ ਦੀ ਕੀਮਤ ਕੇਵਲ 100 ਰੁਪਏ ਹੋਵੇਗੀ। ਕੈਸਿਟ ਸੰਤ ਬਾਬਾ ਜੋਗਿੰਦਰ ਸਿੰਘ ਜੀ ਮੋਨੀ ਰਿਲੀਜ਼ ਕਰਨਗੇ।

**ਕੀਰਤਨ ਰਿਕਾਰਡਿੰਗ:** ਪਿਛਲੇ ਸਾਲ ਦੇ ਤਜ਼ਰਬੇ ਦੇ ਆਧਾਰ 'ਤੇ ਇਸ ਵਾਰ ਫੈਸਲਾ ਕੀਤਾ ਗਿਆ ਹੈ ਕਿ ਸਾਰੇ ਸਮਾਗਮ ਦੀ ਪਿਛਲੇ ਸਾਲ ਵਾਂਗ ਆਡੀਓ ਅਤੇ ਵੀਡੀਓ ਰਿਕਾਰਡਿੰਗ ਕੀਤੀ ਜਾਵੇਗੀ। ਬਾਅਦ ਵਿੱਚ ਰਾਗ ਨਿਰਣਾਇਕ ਕਮੇਟੀ ਵੱਲੋਂ ਨਿਸ਼ਚਿਤ ਕੀਤੇ ਗਏ ਰਾਗਾਂ ਦੇ ਸਰੂਪਾਂ ਦੇ ਆਧਾਰਿਤ ਲੋੜ ਪੈਣ 'ਤੇ ਸ਼ਬਦਾਂ ਦੀ ਰਿਕਾਰਡਿੰਗ ਸਟੂਡੀਓ ਵਿੱਚ ਵੀ ਕੀਤੀ ਜਾਵੇਗੀ।

**ਸਨਮਾਨ ਸਮਾਰੋਹ:** 11 ਅਕਤੂਬਰ ਰਾਤ ਨੂੰ 'ਸਨਮਾਨ ਸਮਾਰੋਹ' ਸਮਾਗਮ ਹੋਵੇਗਾ। ਰਾਗੀ ਸਿੰਘਾਂ ਅਤੇ ਅਣਥੱਕ ਸੇਵਾਦਾਰ ਨੂੰ ਬਾਬਾ ਈਸ਼ਵਰ ਦਾਸ ਸ਼ਾਸਤਰੀ ਸਨਮਾਨਿਤ ਕਰਨਗੇ।

ਸਾਧ ਸੰਗਤ ਜੀਓ, ਐਡੇ ਵੱਡੇ ਕਾਰਜ ਵਿੱਚ ਆਪ ਦੇ ਹਰ ਪ੍ਰਕਾਰ ਦੇ ਸਹਿਯੋਗ ਦੀ ਪੂਰੀ-ਪੂਰੀ ਲੋੜ ਹੈ। ਲੰਗਰ, ਜੋੜੇਖਾਨਾ, ਜਲ ਸੇਵਾ, ਦੁੱਧ, ਦਾਲਾਂ, ਸਬਜ਼ੀ, ਬਾਲਣ,

ਲਿਟਰੇਚਰ, ਸਾਈਕਲ ਸਟੈਂਡ ਪਾਰਕਿੰਗ, ਰਿਹਾਇਸ਼, ਦੀਵਾਨ-ਪੰਡਾਲ, ਰਿਹਾਇਸ਼ੀ ਪੰਡਾਲ ਇਤਿਆਦਿ ਹਰ ਪ੍ਰਕਾਰ ਦੀਆਂ ਸੇਵਾਵਾਂ ਵਿੱਚ ਆਪ ਜੀਓ ਦੇ ਤਨ ਮਨ ਧਨ ਕਰਕੇ ਸਹਿਯੋਗ ਦੀ ਲੋੜ ਹੈ।

ਲੁਧਿਆਣੇ ਨੂੰ ਮਾਣ ਹੈ ਕਿਉਂਕਿ ਗੁਰੂ ਮਹਾਰਾਜ ਨੇ ਕਿਰਪਾ ਕਰਕੇ ਲੁਧਿਆਣੇ ਨਿਵਾਸੀਆਂ ਨੂੰ ਇਤਨੀ ਵੱਡੀ ਸੇਵਾ ਬਖ਼ਸ਼ੀ ਹੈ। ਵਿਸ਼ਵ ਭਰ 'ਚੋਂ ਸੰਗਤਾਂ, ਜ਼ਾਤ-ਪਾਤ, ਧਰਮ, ਫਿਰਕੇ ਤੋਂ ਰਹਿਤ ਹੋ ਜੀਵਨ ਦੀਆਂ ਘੜੀਆਂ ਦਾ ਆਨੰਦ ਮਾਣਨ ਲਈ 7 ਅਕਤੂਬਰ ਤੋਂ 11 ਅਕਤੂਬਰ 1992 ਤੱਕ ਮੰਤਰ ਮੁਗਧ ਹੋ ਕੇ ਕੀਰਤਨ ਸਰਵਣ ਕਰਨ ਲਈ ਆ ਰਹੀਆਂ ਹਨ। ਸਾਡਾ ਸਭ ਦਾ ਫਰਜ਼ ਬਣ ਜਾਂਦਾ ਹੈ ਕਿ ਨਿਰੋਲ ਧਾਰਮਿਕ ਪ੍ਰੋਗਰਾਮ ਵਿੱਚ ਆਈਆਂ ਸੰਗਤਾਂ ਦੀ ਹਰ ਪ੍ਰਕਾਰ ਦੀ ਅਦਬ ਪਿਆਰ ਨਾਲ ਸੇਵਾ ਕਰੀਏ। ਇਹ ਸਾਰਾ ਉੱਦਮ ਸਾਧ ਸੰਗਤ ਵੱਲੋਂ ਕੀਤਾ ਗਿਆ ਹੈ।

*(ਧੰਨਵਾਦ ਸਹਿਤ, ਅਕਾਲੀ ਪੱਤ੍ਰਿਕਾ: 8 ਅਕਤੂਬਰ, 1992)*

---

• *ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਸਫਲਤਾ ਪੂਰਨ ਸੰਪੂਰਨ ਇੱਕ ਵਿਸ਼ਵ ਵਿਆਪੀ ਧਾਰਮਿਕ, ਸੰਗੀਤਕ ਤੇ ਦੋਹਾਂ ਪਹਿਲੂਆਂ ਦੇ ਸੁਮੇਲ ਦੀ ਇੱਕ ਅਦੁੱਤੀ ਘਟਨਾ ਹੈ। ਸਿੱਖ ਇਤਿਹਾਸ ਵਿੱਚ ਇਹ ਸੰਮੇਲਨ ਸਦਾ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲ ਕੇ ਰੱਖੇ ਹੋਏ ਇਸ ਅਮੁੱਲੇ ਖ਼ਜ਼ਾਨੇ ਦੇ, ਸਰਬ ਸਾਧਾਰਨ ਨੂੰ ਆਪ ਨੇ ਪ੍ਰਤੱਖ ਦਰਸ਼ਨ ਕਰਵਾ ਕੇ ਮਨੁੱਖਵਾਦ ਤੇ ਬਹੁਤ ਅਹਿਸਾਨ ਕੀਤਾ ਹੈ, ਜਿਸ ਲਈ ਧਾਰਮਿਕ ਸੰਗੀਤ ਪ੍ਰੇਮੀ ਸਦਾ ਆਪਦੇ ਰਿਣੀ ਰਹਿਣਗੇ। ਵਰਤਮਾਨ ਵਿਗਿਆਨਕ ਯੁੱਗ ਵਿੱਚ ਇਹ ਸਿੱਧ ਹੋ ਚੁੱਕਾ ਹੈ ਕਿ ਸੰਗੀਤ ਕੇਵਲ ਮਨੁੱਖਤਾ ਲਈ ਹੀ ਸ਼ਾਂਤੀ ਤੇ ਅਧਿਆਤਮਕ ਦਾ ਸੁਖੈਨ ਸਾਧਨ ਨਹੀਂ, ਸਗੋਂ ਪਸ਼ੂ ਤੇ ਬਨਸਪਤੀ ਭੀ ਸੰਗੀਤ ਪ੍ਰੇਮੀ ਹਨ। ਇੰਨਾ ਵੱਡਾ ਸਮਾਗਮ ਬਗ਼ੈਰ ਕਿਸੇ ਸਰਕਾਰੀ ਤੰਤਰ ਜਾਂ ਪ੍ਰਬੰਧਕੀ ਢਾਂਚੇ ਦੇ ਕੀਤਾ ਜਾ ਸਕਦਾ ਹੈ, ਇਹ ਅੱਜ ਵੀ ਸਭ ਦੇ ਸਾਹਮਣੇ ਇੱਕ ਸਵਾਲੀਆ ਨਿਸ਼ਾਨ ਹੈ। ਆਪ ਦੇ ਪ੍ਰਬੰਧਕੀ ਕਾਬਲੀਅਤ, ਧਾਰਮਿਕ ਸਵੱਛਤਾ, ਸੰਗੀਤਕ ਪਿਆਰ, ਇੱਛਾ ਸ਼ਕਤੀ, ਸਰੀਰਕ ਖਸਮਤਾ ਅਤੇ ਉਦਾਰਤਾ ਇਸ ਸੰਮੇਲਨ ਵਿੱਚ ਉਭਰ ਕੇ ਸੰਗਤ ਦੇ ਸਾਹਮਣੇ ਆਏ ਹਨ। ਵਾਹਿਗੁਰੂ ਆਪ ਦੇ ਇਨ੍ਹਾਂ ਗੁਣਾਂ ਨੂੰ ਸਦੀਵੀ ਕਾਇਮ ਰੱਖ ਕੇ, ਕੌਮ ਅਤੇ ਮਨੁੱਖਤਾ ਦੀ ਸੇਵਾ ਸੰਭਾਲ ਦਾ ਬਲ ਬਖ਼ਸ਼ੇ।*

*ਗਿਆਨੀ ਅਜੀਤ ਸਿੰਘ*
*ਮੈਨੇਜਰ, ਪੰਜਾਬ ਐਂਡ ਸਿੰਧ ਬੈਂਕ, ਨਿਊ ਦਿੱਲੀ*

---

• *ਜੋ ਆਪ ਜੀ ਨੇ ਅਦੁੱਤੀ ਅਤੇ ਲਾਸਾਨੀ ਕੀਰਤਨ ਦਰਬਾਰ ਕਰਨ ਦਾ ਉਪਰਾਲਾ ਕੀਤਾ ਹੈ ਇਹ ਅਤਿਅੰਤ ਹੀ ਸ਼ਲਾਘਾਯੋਗ ਅਤੇ ਅਤੀ ਜ਼ਰੂਰੀ ਉੱਦਮ ਹੈ ਕਿਉਂਕਿ ਅੱਜ ਪੁਰਾਤਨ ਰੀਤਾਂ ਦਾ ਕੀਰਤਨ ਤਾਂ ਅਲੋਪ ਹੀ ਹੋ ਰਿਹਾ ਹੈ। ਵਾਹਿਗੁਰੂ ਤੁਹਾਨੂੰ ਚੜ੍ਹਦੀਆਂ ਕਲਾ ਬਖ਼ਸ਼ੇ.............*

*ਸ੍ਰ: ਨਰਿੰਦਰ ਸਿੰਘ*
*1851/1, ਫੇਸ-10 ਮੋਹਾਲੀ*



# ਗੁਰ ਸ਼ਬਦ ਸੰਗੀਤ ਸੰਮੇਲਨ

ਅਜੋਕੇ ਮਨੁੱਖ ਨੇ ਬਿਨਾਂ ਸ਼ੱਕ ਸਾਇੰਸ ਤੇ ਤਕਨਾਲੋਜੀ ਦੇ ਖੇਤਰ ਵਿੱਚ ਹੈਰਾਨੀਜਨਕ ਤਰੱਕੀ ਕੀਤੀ ਹੈ। ਬਿਜਲਈ ਸੰਚਾਰ ਸਾਧਨਾ ਦੇ ਆਉਣ ਅਤੇ ਕੰਪਿਊਟਰ ਦੀ ਈਜਾਦ ਨੇ ਤਾਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਤਬਦੀਲੀ ਲੈ ਆਂਦੀ ਹੈ। ਪੂਰੀ ਦੁਨੀਆਂ ਇੱਕ ਪਿੰਡ ਦੀ ਤਰ੍ਹਾਂ ਆਪਸ ਵਿੱਚ ਜੁੜ ਗਈ ਹੈ। ਘੰਟਿਆਂ ਵਿੱਚ ਹੋਣ ਵਾਲੇ ਕੰਮ ਸਕਿੰਟਾਂ ਵਿੱਚ ਹੋਣ ਲੱਗੇ ਹਨ। ਜ਼ਿੰਦਗੀ ਦੀ ਰਫਤਾਰ ਤੇਜ਼ ਹੋ ਗਈ ਹੈ। ਪਹਿਲਾਂ ਇੱਕ ਦੇਸ਼ ਤੋਂ ਕਿਸੇ ਦੂਰ-ਦੁਰਾਡੇ ਦੇਸ਼ ਜਾਣ ਲਈ ਪਾਣੀ ਵਾਲੇ ਜਹਾਜ਼ਾਂ ਵਿੱਚ ਮਹੀਨੇ ਲੱਗ ਜਾਂਦੇ ਸਨ ਪਰ ਹੁਣ ਘੰਟੇ ਹੀ ਲਗਦੇ ਹਨ। ਤੁਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਮਨੁੱਖ ਨਾਲ, ਇਥੋਂ ਤੱਕ ਕਿ ਪੁਲਾੜ ਵਿੱਚ ਉਪਗ੍ਰਹਾਂ ਵਿੱਚ ਸਫ਼ਰ ਕਰ ਰਹੇ ਹਨ ਮਨੁੱਖ ਨਾਲ ਗੱਲਾਂ ਕਰ ਸਕਦੇ ਹੋ ਤੇ ਗੱਲਾਂ ਕਰਦਿਆਂ ਉਹ ਤੁਹਾਡੀ ਸ਼ਕਲ ਦੇਖ ਸਕਦਾ ਹੈ ਤੇ ਤੁਸੀਂ ਉਸ ਦੀ ਸ਼ਕਲ ਦੇਖ ਸਕਦੇ ਹੋ। ਤੁਸੀਂ ਸਿਰਫ਼ ਗੱਲਾਂ ਹੀ ਨਹੀਂ ਕਰ ਸਕਦੇ, ਜੇਕਰ ਤੁਸੀਂ ਉਸ ਤੱਕ ਲਿਖਤੀ ਰੂਪ 'ਚ ਕੋਈ ਕਾਗਜ਼ ਜਾਂ ਫੋਟੋ ਭੇਜਣਾ ਚਾਹੋ ਤਾਂ ਉਹ ਵੀ ਭੇਜ ਸਕਦੇ ਹੋ। ਮਨੁੱਖ ਨੇ ਕਈ ਲਾ-ਇਲਾਜ ਬਿਮਰੀਆਂ ਦੇ ਇਲਾਜ ਲੱਭ ਲਏ ਹਨ ਤੇ ਕਈਆਂ ਦੇ ਲੱਭਣ ਲਈ ਉਹ ਸੰਘਰਸ਼ ਕਰ ਰਿਹਾ ਹੈ।

ਤਸਵੀਰ ਦੇ ਇਸ ਰੌਸ਼ਨ ਪੱਖ ਦਾ ਦੂਜਾ ਹਨੇਰਾ ਪੱਖ ਵੀ ਹੈ। ਜ਼ਿੰਦਗੀ ਦੀ ਅੰਨ੍ਹੀ ਦੌੜ ਭਾਵ ਵੱਧ ਤੋਂ ਵੱਧ ਮਾਇਆ ਜਾਂ ਪਦਾਰਥ ਹਾਸਲ ਕਰਨ ਦੀ ਮਨੁੱਖ ਦੀ ਰੁਚੀ ਨੇ ਉਸ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਉਹ ਮੁੜ ਉਸੇ ਤਰ੍ਹਾਂ ਦਾ ਹੈਵਾਨ ਬਣਦਾ ਜਾ ਰਿਹਾ ਹੈ ਜਿਸ ਤਰ੍ਹਾਂ ਦਾ ਉਹ ਅਜੋਕੇ ਵਿਕਾਸ ਤੋਂ ਪਹਿਲਾਂ ਜੰਗ ਯੁੱਧ ਵਿੱਚ ਸੀ। ਉਸ ਨੂੰ ਵੱਧ ਤੋਂ ਵੱਧ ਮਾਇਆ ਤੇ ਪਦਾਰਥ ਚਾਹੀਦੇ ਹਨ। ਚਾਹੇ ਇਸ ਲਈ ਉਸ ਨੂੰ ਖੂਨ ਬਹਾਉਣਾ ਪਵੇ, ਝੂਠ ਬੋਲਣਾ ਪਵੇ, ਚਾਹੇ ਰਿਸ਼ਵਤ ਖਾਣੀ ਪਵੇ, ਚਾਹੇ ਜੰਗਲ ਕਟ ਕੇ ਧਰਤੀ ਨੂੰ ਰੁੰਡ-ਮੁੰਡ ਕਰਨਾ ਪਵੇ, ਚਾਹੇ ਸਨਅਤੀ ਰਹਿੰਦ-ਖੂੰਹਦ ਤੇ ਕਚਰੇ ਨਾਲ ਦਰਿਆ ਤੇ ਸਮੁੰਦਰ ਹੀ ਪਲੀਤ ਕਿਉਂ ਨਾ ਹੋ ਜਾਣ। ਚਾਹੇ ਆਪਣੇ ਹੀ ਲੋਕਾਂ ਨੂੰ ਮਿਲਾਵਟੀ ਚੀਜ਼ਾਂ ਹੀ ਕਿਉਂ ਨਾ ਖੁਆਉਣੀਆਂ ਪੈਣ। ਗੱਲ ਕੀ ਉਸ ਨੂੰ ਹਰ ਕੀਮਤ 'ਤੇ ਹਰ ਢੰਗ ਨਾਲ ਪੈਸਾ ਤੇ ਐਸ਼-ਆਰਾਮ ਦੀਆਂ ਵਸਤਾਂ ਚਾਹੀਦੀਆਂ ਹਨ।

ਸਮਾਜਵਾਦੀ ਵਿਚਾਰ ਦੇ ਧਾਰਨੀ ਲੋਕ ਇਸ ਸੰਬੰਧੀ ਇਹ ਵੀ ਆਖਦੇ ਹਨ ਕਿ ਇਹ ਸੰਤਾਪ ਪੂੰਜੀਵਾਦੀ ਸਮਾਜਿਕ ਪ੍ਰਬੰਧ ਨੇ ਹੀ ਪੈਦਾ ਕੀਤਾ ਹੈ।ਦੁਨੀਆਂ ਵਿੱਚ ਸਮਾਜਵਾਦੀ ਸਮਾਜਿਕ ਪ੍ਰਬੰਧ ਦੀ ਸਥਾਪਨਾ ਨਾਲ ਅਜਿਹੇ ਨਵੇਂ ਮਨੁੱਖ ਦੀ ਸਿਰਜਣਾ ਹੋਵੇਗੀ ਜਿਹੜਾ ਮਾਇਆ ਤੇ ਐਸ਼ ਦੀ ਵਸਤਾਂ ਪਿੱਛੇ ਪਾਗਲ ਹੋਇਆ ਨਹੀਂ ਫਿਰੇਗਾ। ਇੱਕ ਦੂਜੇ ਦੇ ਗਲੇ ਨਹੀਂ ਕੱਟੇਗਾ। ਭ੍ਰਿਸ਼ਟਾਚਾਰੀ ਨਹੀਂ ਹੋਵੇਗਾ, ਹੇਰਾਫੇਰੀ ਨਹੀਂ ਕਰੇਗਾ। ਉਹੀ ਸਹੀ ਅਰਥਾਂ ਵਿੱਚ ਆਦਰਸ਼ਕ ਮਨੁੱਖ ਹੋਵੇਗਾ। ਪਰ ਸੋਵੀਅਤ ਯੂਨੀਅਨ ਅਤੇ ਹੋਰ ਸਮਾਜਵਾਦੀ ਦੇਸ਼ਾਂ ਵਿੱਚ ਲੰਮਾਂ ਸਮਾਂ ਸਮਾਜਵਾਦੀ ਪ੍ਰਬੰਧ ਰਹਿਣ ਤੋਂ ਬਾਅਦ ਸਮਾਜਵਾਦੀ ਪ੍ਰਬੰਧ ਢਹਿ ਢੇਰੀ ਹੋਣ ਦੇ ਨਾਲ ਇਹ ਹਕੀਕਤ ਵੀ ਸਾਹਮਣੇ ਆ ਗਈ ਹੈ ਕਿ ਸਮਾਜਵਾਦੀ ਸਮਾਜਿਕ ਪਰਬੰਧ ਵੀ ਨਵਾਂ ਆਦਰਸ਼ਕ ਮਨੁੱਖ ਸਿਰਜਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਇਸ ਪ੍ਰਬੰਧ ਦੇ ਅਸਫਲ ਹੋਣ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਅਸਫਲਤਾ ਹੈ। ਪਰ ਇਸ ਅਸਫਲਤਾ ਨੇ ਕੁਝ ਸਬਕ ਵੀ ਦਿੱਤੇ ਹਨ ਕਿ ਮਨੁੱਖ ਆਪਣੇ ਧਰਮ ਤੇ ਸੱਭਿਆਚਾਰ ਨਾਲ ਜੁੜ ਕੇ ਹੀ ਆਪਣੀਆਂ ਵਿਨਾਸ਼ਕਾਰੀ ਮਾਇਆਵਾਦੀ ਰੁਚੀਆਂ 'ਤੇ ਕਾਬੂ ਪਾ ਸਕਦਾ ਹੈ। ਸੁਚੱਜੀ ਜੀਵਨ ਜਾਂਚ ਸਿੱਖ ਸਕਦਾ ਹੈ, ਸਾਵੀਂ ਪੱਧਰੀ ਜ਼ਿੰਦਗੀ ਬਸਰ ਕਰ ਸਕਦਾ ਹੈ।

ਨਿਰੋਲ ਰਾਜਨੀਤਿਕ ਸਿਧਾਂਤ, ਨਿਰੋਲ ਸਾਇੰਸ ਤੇ ਤਕਨਾਲੋਜੀ ਦੀ ਤਰੱਕੀ ਨਾਲ ਉਸ ਨੂੰ ਜੀਵਨ ਦਾ ਸੁੱਖ, ਸ਼ਾਂਤੀ ਤੇ ਸੰਤੁਸ਼ਟੀ ਨਹੀਂ ਮਿਲ ਸਕਦੀ। ਸ਼ਾਇਦ ਇਸੇ ਲਈ ਸਮਾਜਵਾਦੀ ਸਮਾਜਿਕ ਪ੍ਰਬੰਧ ਦੀ ਅਸਫਲਤਾ ਤੋਂ ਬਾਅਦ ਉਨ੍ਹਾਂ ਦੇਸਾਂ ਦੇ ਲੋਕਾਂ ਦਾ ਧਰਮ ਵੱਲ ਵਧੇਰੇ ਰੁਝਾਨ ਹੋ ਰਿਹਾ ਹੈ।

ਇਸੇ ਸੰਦਰਭ ਵਿੱਚ ਅਸੀਂ ਆਪਣੇ ਦੇਸ਼ ਦੇ ਸਮਾਜ ਨੂੰ ਵੀ ਦੇਖਦੇ ਹਾਂ। ਇਥੇ ਚਾਹੇ ਆਪੋ-ਆਪਣੇ ਧਰਮ ਦੀ ਪਾਲਣਾ ਕਰਨ 'ਤੇ ਸਮਾਜਵਾਦੀ ਦੇਸ਼ਾਂ ਵਾਂਗ ਰੁਕਾਵਟ ਨਹੀਂ ਸੀ ਪਰ ਫਿਰ ਵੀ ਸਮਾਜ ਵਿੱਚ ਮਾਇਆਵਾਦੀ ਰੁਚੀਆਂ ਬਹੁਤ ਭਾਰੂ ਹੋ ਗਈਆਂ ਹਨ। ਇਨ੍ਹਾਂ ਰੁਚੀਆਂ ਨੇ ਸਾਡੇ ਸਾਰੇ ਸਮਾਜ ਨੂੰ ਅੰਦਰੋਂ-ਅੰਦਰੀਂ ਘੁਣ ਵਾਂਗ ਖਾ ਕੇ ਖੋਖਲਾ ਕਰ ਦਿੱਤਾ ਹੈ। ਭ੍ਰਿਸ਼ਟਾਚਾਰ, ਹੇਰਾਫੇਰੀ ਤੇ ਹਿੰਸਾ ਤੋਂ ਜ਼ਿੰਦਗੀ ਦਾ ਕੋਈ ਵੀ ਖੇਤਰ ਨਹੀਂ ਬਚਿਆ। ਅਸੀਂ ਲਗਾਤਾਰ ਨਿਘਾਰ ਵੱਲ ਜਾ ਰਹੇ ਹਾਂ।

ਪਰ ਇਸ ਸਥਿਤੀ ਵਿੱਚ ਵੀ ਕੁਝ ਯਤਨ ਹੋ ਰਹੇ ਹਨ ਕਿ ਮਨੁੱਖ ਨੂੰ ਮਾਨਵੀਂ ਕਦਰਾਂ-ਕੀਮਤਾਂ ਨਾਲ ਜੋੜਿਆ ਜਾਵੇ। ਧਰਮ ਤੇ ਸੱਭਿਆਚਾਰ ਦੀਆਂ ਚੰਗੀਆਂ ਤੇ ਪ੍ਰਾਸੰਗਿਕ ਗੱਲਾਂ ਸੰਬੰਧੀ ਉਸ ਵਿੱਚ ਮੁੜ ਤੋਂ ਚੇਤਨਾ ਪੈਦਾ ਕੀਤੀ ਜਾਵੇ। ਅੰਨ੍ਹੀ ਮਾਇਆ ਦੀ ਦੌੜ ਵਿੱਚੋਂ ਉਸ ਨੂੰ ਕੱਢਿਆ ਜਾਵੇ। ਲੁਧਿਆਣਾ ਵਿੱਚ ਪਿਛਲੇ ਕੁਝ ਸਾਲ ਤੋਂ ਹੋ ਰਹੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿੱਚ ਹੋ ਰਹੇ ਅਦੁੱਤੀ ਗੁਰ ਸ਼ਬਦ ਸੰਗੀਤ ਸੰਮੇਲਨ ਨੂੰ ਵੀ ਅਸੀਂ ਇਨ੍ਹਾਂ ਯਤਨਾਂ ਦੀ ਕੜੀ ਵਜੋਂ ਦੇਖਦੇ ਹਾਂ। ਸੰਤ ਬਾਬਾ ਸੁੱਚਾ ਸਿੰਘ ਅਤੇ ਉਨ੍ਹਾਂ ਨਾਲ ਜੁੜੇ ਹੋਰ ਵਿਦਵਾਨਾਂ ਦਾ ਇਹ ਉੱਦਮ ਸ਼ਲਾਘਾਯੋਗ ਹੈ। ਇਸ ਵਾਰ ਤੀਸਰਾ ਸੰਮੇਲਨ ਹੋ ਰਿਹਾ ਹੈ। ਇਸ ਤੋਂ ਪਹਿਲਾਂ ਦੋ ਸੰਮੇਲਨ ਹੋ ਚੁੱਕੇ ਹਨ। ਪਹਿਲਾਂ ਇਨ੍ਹਾਂ ਸੰਮੇਲਨਾਂ ਦਾ ਮੰਤਵ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਗੁਰੂ ਸਾਹਿਬਾਨ ਵੱਲੋਂ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਵਾਉਣਾ ਸੀ। ਇਸ ਉੱਦਮ ਨੂੰ ਲੋਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਪ੍ਰਬੰਧਕਾਂ ਨੇ ਇਨ੍ਹਾਂ ਸੰਮੇਲਨਾਂ ਸਮੇਂ ਦੇਸ਼ ਦੇ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ ਕੀਤੇ ਕੀਰਤਨ ਦੀਆਂ ਕੈਸਿਟਾਂ ਦੇਸ਼-ਵਿਦੇਸ਼ ਵਿੱਚ ਰਹਿੰਦੇ ਲੋਕਾਂ ਤੱਕ ਵੀ ਪਹੁੰਚਾਈਆਂ। ਆਪਣੇ ਇਸ ਉਪਰਾਲੇ ਨੂੰ ਹੋਰ ਅੱਗੇ ਵਧਾਉਂਦਿਆਂ ਇਸ ਵਾਰ ਦੇ ਸੰਮੇਲਨ ਵਿੱਚ ਤਿੰਨ ਦਿਨਾਂ ਤੱਕ ਕੀਰਤਨ ਪ੍ਰਵਾਹ ਚਲਾਉਣ ਤੋਂ ਇਲਾਵਾ ' ਗੁਰੂ ਗ੍ਰੰਥ ਸਾਹਿਬ ਦੀ ਮਾਨਵਤਾ ਨੂੰ ਦੇਣ' ਵਿਸ਼ੇ 'ਤੇ ਇੱਕ ਉੱਚ ਪੱਧਰ ਦਾ ਸੈਮੀਨਾਰ ਵੀ ਰੱਖਿਆ ਗਿਆ। ਇਸ ਵਿੱਚ ਦੇਸ਼ ਵਿਦੇਸ਼ ਤੋਂ ਦਰਜਨਾਂ ਵਿਦਵਾਨ ਹਿੱਸਾ ਲੈ ਰਹੇ ਹਨ। ਆਪਣੇ ਧਰਮ, ਆਪਣੇ ਵਿਰਸੇ ਨੂੰ ਜਾਨਣ, ਸਮਝਣ ਤੇ ਇਸਦਾ ਪ੍ਰਕਾਸ਼ ਕਰਨ ਦਾ ਇੱਕ ਬਹੁਤ ਵੱਡਾ ਤੇ ਸ਼ਲਾਘਾਯੋਗ ਉਪਰਾਲਾ ਹੈ। ਪ੍ਰਬੰਧਕਾਂ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਇਸ ਸੈਮੀਨਾਰ ਵਿੱਚ ਪੜ੍ਹੇ ਜਾਣ ਵਾਲੇ ਖੋਜ ਪੱਤਰਾਂ ਤੇ ਹੋਣ ਵਾਲੀਆਂ ਵਿਚਾਰਾਂ ਨੂੰ ਲੋਕਾਂ ਤੀਕ ਪਹੁੰਚਾਉਣ ਲਈ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ।

ਅਸੀਂ ਆਸ ਕਰਦੇ ਹਾਂ ਕਿ ਇਸ ਸੰਮੇਲਨ ਦੌਰਾਨ ਚੱਲਣ ਵਾਲਾ ਕੀਰਤਨ-ਪ੍ਰਵਾਹ ਤੇ ਹੋਣ ਵਾਲਾ ਸੈਮੀਨਾਰ ਸਾਡੇ ਮਨਾਂ ਦੀਆਂ ਹਨੇਰੀਆਂ ਨੁੱਕਰਾਂ ਨੂੰ ਰੁਸ਼ਨਾਏਗਾ। ਅਸੀਂ ਆਪਣੇ ਧਰਮ ਤੇ ਵਿਰਸੇ ਨਾਲ ਨਾ ਕੇਵਲ ਵਧੇਰੇ ਜੁੜਾਂਗੇ ਸਗੋਂ ਅਜਿਹੀਆਂ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਵੀ ਗ੍ਰਹਿਣ ਕਰਾਂਗੇ ਜਿਹੜੀਆਂ ਸਾਡੇ ਜੀਵਨ ਨੂੰ ਸੁਚੱਜਾ ਤੇ ਸੰਤੁਲਿਤ ਬਣਾਉਣਗੀਆਂ। ਅਸੀਂ ਇਹ ਵੀ ਆਸ ਕਰਦੇ ਹਾਂ ਕਿ ਇਸ ਸੰਮੇਲਨ ਦੇ ਪ੍ਰਬੰਧਕ ਨਾ ਕੇਵਲ ਇਸ ਸਿਲਸਿਲੇ ਨੂੰ ਜਾਰੀ ਰੱਖਣਗੇ ਸਗੋਂ ਇਸ ਨੂੰ ਹੋਰ ਵੀ ਸਾਰਥਿਕਤਾ ਪ੍ਰਦਾਨ ਕਰਨਗੇ।

*(ਧੰਨਵਾਦ ਸਹਿਤ, ਅਜੀਤ: 7 ਨਵੰਬਰ, 1993)*



## ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 92

ਕੀਰਤਨ ਸ਼ਬਦ ਨਿਰੋਲ ਸਿੱਖ ਪ੍ਰੀਭਾਸ਼ਿਕ ਸ਼ਬਦਾਵਲੀ ਦੀ ਦੇਣ ਹੈ ਅਤੇ ਇਸ ਦੇ ਅਰਥ ਵੀ ਸਿੱਖ ਪ੍ਰੰਪਰਾ ਨਾਲ ਹੀ ਜੁੜੇ ਹੋਏ ਹਨ। ਕੀਰਤ ਦਾ ਭਾਵ ਜੱਸ ਵਡਿਆਈ ਹੈ। ਇਸੇ ਤੋਂ ਰਾਗ-ਸਹਿਤ ਕਰਤਾਰ ਦੇ ਗੁਣ ਗਾਉਣ ਨੂੰ ਕੀਰਤਨ ਕਿਹਾ ਗਿਆ ਹੈ। ਕਰਤਾਰ ਦੇ ਜੱਸ ਦਾ ਸਰੂਪ ਗੁਰੂ ਸ਼ਬਦ ਜਾਂ ਗੁਰਬਾਣੀ ਹੈ। ਗੁਰੂ ਜੀ ਨੇ ਇਸ ਨਾਲ ਰਾਗ ਦੀ ਅਧਿਆਤਮਿਕ ਸੂਖਮਤਾ ਨੂੰ ਰਲਾ ਕੇ ਕੀਰਤਨ ਪ੍ਰੰਪਰਾ ਦੀ ਨੀਂਹ ਰੱਖੀ। ਜਿਸ ਰਾਗ ਦੇ ਮਾਧਿਅਮ ਨਾਲ ਗੁਰੂ ਸ਼ਬਦ ਦਾ ਗਾਇਨ ਕਰਕੇ ਚੰਚਲ ਮਨੁੱਖੀ ਮਨ ਦੀਆਂ ਸੂਖਮ ਤੇ ਨਰੋਈਆਂ ਭਾਵਨਾਵਾਂ ਨੂੰ ਟੁੰਬਿਆ ਤੇ ਕੀਲਿਆ ਜਾ ਸਕੇ, ਉਹੀ ਰਾਗ ਗੁਰਮਤਿ ਵਿੱਚ ਪ੍ਰਵਾਨ ਚੜ੍ਹਿਆ ਹੈ। ਇਸੇ ਲਈ ਗੁਰਬਾਣੀ ਰਚਨਾ ਲਈ ਗੁਰੂ ਜੀ ਨੇ ਮੇਘ ਤੇ ਦੀਪਕ ਵਰਗੇ ਹੋਰ ਕਈ ਰਾਗਾਂ ਦੀ ਵਰਤੋਂ ਨਹੀਂ ਕੀਤੀ। ਇਸ ਪ੍ਰਕਾਰ ਕੀਰਤਨ ਸਿੱਖ ਧਰਮ ਦੀ ਮੁੱਢਲੀ ਪ੍ਰੰਪਰਾ ਹੈ ਜੋ ਸਿੱਖ ਸਮਾਜੀ ਢਾਂਚੇ ਦਾ ਧੁਰਾ ਹੈ ਅਤੇ ਹਰੇਕ ਸਿੱਖ ਦੀ ਰੋਜ਼ਾਨਾ ਧਾਰਮਿਕ ਕਿਰਿਆ ਦਾ ਅਨਿੱਖੜਾਂ ਅੰਗ ਹੈ। ਗੁਰੂ ਜੀ ਨੇ ਆਪ ਹੀ ਗੁਰਬਾਣੀ ਵਿੱਚ ਕੀਰਤਨ ਦਾ ਮਹੱਤਵ ਦਰਸਾਇਆ ਹੈ। ***'ਕੀਰਤਨੁ ਨਿਰਮੋਲਕ ਹੀਰਾ' 'ਕਲਜੁਗ ਮਹਿ ਕੀਰਤਨੁ ਪਰਧਾਨਾ ॥'*** ਅਤੇ ***'ਤਹਾ ਬੈਕੁੰਠੁ ਜਹ ਕੀਰਤਨੁ ਤੇਰਾ'*** ਕਹਿ ਕੇ ਉਨ੍ਹਾਂ ਨੇ ਸਿੱਖਾਂ ਨੂੰ ਕੀਰਤਨ ਦੀ ਕਿਰਿਆ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹ ਦਿੱਤਾ ਤੇ ਕਿਹਾ: 'ਕਰਿ ਕੀਰਤਨੁ ਹੋਰਿ ਉਧਾਰੁ'। ਸਿੱਖ ਧਰਮ ਵਿੱਚ ਕੀਰਤਨ ਪ੍ਰੰਪਰਾ ਦੇ ਮਹੱਤਵ ਨੂੰ ਇਸ ਤੱਥ ਤੋਂ ਵੀ ਲਿਖਿਆ ਜਾ ਸਕਦਾ ਹੈ ਕਿ ਗੁਰੂ ਜੀ ਨੇ ਸਾਰੀ ਬਾਣੀ ਰਾਗ-ਵਿਧੀ ਵਿਧਾਨ ਅਨੁਸਾਰ ਰਚੇ ਅਤੇ ਕੇਵਲ ਨਿਰੋਲ ਗੁਰਬਾਣੀ ਗਾਇਨ ਕਰਨ ਲਈ ਹੀ ਕੀਰਤਨ ਸ਼ਬਦ ਦੀ ਵਰਤੋਂ ਕੀਤੀ ਗਈ।

ਪਰ ਬਦਲਦੀਆਂ ਪ੍ਰਸਥਿਤੀਆਂ ਅਤੇ ਸੰਚਾਰ ਸਾਧਨਾਂ ਦੇ ਵਿਕਾਸ ਨਾਲ ਪ੍ਰਭਾਵਿਤ ਹੋਈਆਂ ਲੋਕ ਰੁਚੀਆਂ ਕਾਰਨ ਸਾਡੇ ਕੀਰਤਨੀਏ ਕੀਰਤਨ ਪ੍ਰੰਪਰਾ ਦੇ ਮੂਲ ਸਿਧਾਂਤਾਂ ਤੋਂ ਲਾਂਭੇ ਜਾਣ ਲੱਗ ਪਏ। ਤਕਨੀਕੀ ਕਾਢਾਂ ਨੇ ਅੰਤਰ ਪ੍ਰਭਾਵਾਂ ਦੇ ਵਸੀਲੇ ਇਤਨੇ ਪੈਦਾ ਕਰ ਦਿੱਤੇ ਹਨ ਕਿ ਕੀਰਤਨ ਦੇ ਅਸਲ ਸਰੂਪ ਦੇ ਅਲੋਪ ਹੋ ਜਾਣ ਦਾ ਵੀ ਡਰ ਸੀ। ਹੁਣ ਤੱਕ ਸਮੂਹਕ ਤੌਰ 'ਤੇ ਪੰਥ ਇਸ ਪੱਖੋਂ ਅਵੇਸਲਾ ਹੀ ਰਿਹਾ ਹੈ। ਪਿਛਲੇ ਲਗਭਗ ਤਿੰਨ ਜਾਂ ਚਾਰ ਦਹਾਕਿਆਂ ਤੋਂ ਕੀਰਤਨ ਦਰਬਾਰਾਂ ਦੀ ਪ੍ਰਾਪਟੀ ਤਾਂ ਉੱਭਰ ਕੇ ਸਾਹਮਣੇ ਆਈ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਰਾਗਾਂ ਦੀ ਵਿਧੀ ਵਿਧਾਨ ਅਨੁਸਾਰ ਗੁਰਬਾਣੀ ਗਾਇਨ ਦੀ ਪ੍ਰੰਪਰਾ ਨੂੰ ਪੁਨਰ ਸੁਰਜੀਤ ਕਰਨ ਵੱਲ ਧਿਆਨ ਨਹੀਂ ਖਿੱਚਿਆ ਗਿਆ। ਸ਼ਾਇਦ ਇਹ ਕਾਰਜ ਸਤਿਗੁਰੂ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ (ਲੁਧਿਆਣਾ) ਵਾਲਿਆਂ ਲਈ ਹੀ ਰਾਖਵਾਂ ਰੱਖ ਲਿਆ ਸੀ। ਸੰਗਤਾਂ ਦੀ ਬੇਨਤੀ 'ਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਥਾਪਤ ਕਰਨ ਤੋਂ ਜਲਦੀ ਹੀ ਪਿੱਛੋਂ ਉਨ੍ਹਾਂ ਨੇ ਕੀਰਤਨ ਪ੍ਰੰਪਰਾ ਦੇ ਨਿਰੋਲ ਸਿੱਖੀ ਸਰੂਪ ਦੀ ਸੰਭਾਲ ਅਤੇ ਰਾਗਾਂ ਵਿੱਚ ਗੁਰਬਾਣੀ ਗਾਇਨ ਦੀ ਪੱਧਤੀ ਨੂੰ ਪੁਨਰ-ਸੁਰਜੀਤ ਕਰਨ ਦਾ ਬੀੜਾ ਚੁੱਕ ਲਿਆ। ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਪਾਸੋਂ ਦ੍ਰਿੜ ਨਿਸ਼ਚੈ ਅਤੇ ਦ੍ਰਿੜ ਸੰਕਲਪ ਦੀ ਦਾਤ ਮਿਲੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਧਾਰਨਾ ***'ਸੁਭ ਕਰਮਨ ਤੇ ਕਬਹੂੰ ਨ ਟਰੋਂ'*** ਉਨ੍ਹਾਂ ਨੂੰ ਅਸਲੋਂ ਪ੍ਰਾਪਤ ਹੈ। ਮੁੱਢਲੇ ਕਦਮ ਵਜੋਂ ਪਿਛਲੇ ਸਾਲ ਉਨ੍ਹਾਂ ਨੇ ਆਪਣੇ ਅਣਥੱਕ ਸੇਵਕਾਂ ਤੇ ਨਿਰਛਲ ਤੇ ਨਿਸ਼ਕਾਮ ਸਲਾਹਕਾਰਾਂ ਦੇ ਜੱਥੇ ਨਾਲ ਇੱਕ ਅਦੁੱਤੀ ਗੁਰਮਤਿ

ਸੰਗੀਤ ਸੰਮੇਲਨ ਰਚਾਉਣ ਦਾ ਨਿਸ਼ਚਾ ਕਰ ਲਿਆ ਜਿਸਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਦੀ ਵਿਧੀ ਅਨੁਸਾਰ ਗੁਰਬਾਣੀ ਗਾਇਨ ਕਰਨ ਦੀ ਰੀਤੀ ਨੂੰ ਪੁਨਰ ਸੁਰਜੀਤ ਕਰਨਾ ਸੀ। ਇਹ ਸਮਾਗਮ ਜੋ 9, 10, 11, 12, 13 ਅਕਤੂਬਰ 1991 ਨੂੰ ਹੋਇਆ ਇੱਕ ਚਮਤਕਾਰੀ ਪ੍ਰਭਾਵ ਛੱਡ ਗਿਆ। ਵੱਡੀ ਸਫਲਤਾ ਇਹ ਸੀ ਕਿ ਧਾਰਮਿਕ ਮਿਸ਼ਨ ਨਿਰੋਲ ਧਾਰਮਿਕ ਬਣ ਕੇ ਹੀ ਨਿਬੜਿਆ। ਪੰਥ ਹਿਤੈਸ਼ੀਆਂ ਨੇ ਇਸ ਨੂੰ ਇੱਕ ਲਹਿਰ ਦਾ ਰੂਪ ਦੇਣ ਦੇ ਸੁਝਾਅ ਦਿੱਤੇ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸੰਗਤਾਂ ਦੇ ਉਤਸ਼ਾਹ ਨੂੰ ਦੇਖ ਕੇ ਸਿੱਖੀ ਪ੍ਰੰਪਰਾਵਾਂ ਦੇ ਅਨੁਕੂਲ ਕੀਰਤਨ ਦੇ ਮਾਧਿਅਮ ਰਾਹੀਂ ਹੀ ਗੁਰਬਾਣੀ ਉਪਦੇਸ਼ਾਂ ਦੇ ਪ੍ਰਸਾਰ ਦਾ ਬੀੜਾ ਚੁੱਕਿਆ ਹੈ। ਇਸੇ ਲਈ ਉਨ੍ਹਾਂ ਨੇ ਗੁਰਮਤਿ ਸੰਗੀਤ ਸੰਮੇਲਨ ਨੂੰ ਵਾਰਸ਼ਕ ਸਮਾਗਮ ਦਾ ਰੂਪ ਦੇਣ ਦਾ ਫੈਸਲਾ ਕਰ ਲਿਆ ਹੈ। ਇਸ ਸਾਲ ਸੰਮੇਲਨ ਲਈ 7, 8, 9, 10 ਅਤੇ 11 ਅਕਤੂਬਰ ਦੀਆਂ ਤਾਰੀਖਾਂ ਮਿੱਥੀਆਂ ਗਈਆਂ ਹਨ।

ਸੰਤ ਬਾਬਾ ਸੁੱਚਾ ਸਿੰਘ ਜੀ ਦਾ ਵਿਚਾਰ ਹੈ ਕਿ ਸਿੱਖ ਸਮਾਜ ਦੀਆਂ ਨਿੱਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸਮੁੱਚੇ ਸਿੱਖੀ ਜੀਵਨ ਤਰਜ਼ ਦੇ ਪਤਨ ਨੂੰ ਠੱਲ੍ਹ ਪਾਉਣਾ ਸਮੇਂ ਦੀ ਅਤਿਅੰਤ ਲੋੜ ਹੈ। ਇਸ ਲਈ ਸਿੱਖ ਸਦਾਚਾਰ ਤੇ ਵਿਸ਼ੇਸ਼ ਕਰਕੇ ਗੁਰਮਤਿ ਗਾਡੀ ਰਾਹ ਦੀ ਪਹਿਚਾਨ ਗੁਰਬਾਣੀ ਸੰਗੀਤ ਸੰਮੇਲਨ ਵਿੱਚ ਗੁਰ-ਸ਼ਬਦ ਰਾਹੀਂ ਸਿੱਖ ਸਦਾਚਾਰ ਨੂੰ ਉਜਾਗਰ ਕਰਨ ਦਾ ਫੈਸਲਾ ਕੀਤਾ ਹੈ। ਜਿਵੇਂ ਪਹਿਲੇ, ਗੁਰਮਤਿ ਸੰਗੀਤ ਸੰਮੇਲਨ ਵਿੱਚ ਗੁਰਬਾਣੀ ਦੇ ਤਤਕਰੇ ਦੇ 31 ਸ਼ੁੱਧ ਮੁੱਖ ਰਾਗਾਂ ਵਿੱਚ ਗੁਰਮਤਿ ਕੀਰਤਨ ਦੀ ਪੱਧਤੀ ਨੂੰ ਪੁਨਰ ਸੁਰਜੀਤ ਕੀਤਾ ਹੈ, ਉਸੇ ਪ੍ਰਕਾਰ ਇਹ ਸੰਮੇਲਨ ਸਿੱਖ ਜੀਵਨ ਦੇ ਨਾਲ ਸੰਬੰਧਤ ਘੋੜੀਆਂ (ਵਡਹੰਸ), ਅਲਾਹੁਣੀਆਂ (ਵਡਹੰਸ), ਲਾਵਾਂ (ਸੂਹੀ), ਸੱਦ (ਰਾਕਮਲੀ) ਦਾ ਗਾਇਨ ਹੋਵੇਗਾ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸਮੂਹ ਰਾਗ ਪ੍ਰਕਾਰਾਂ (ਗਉੜੀ ਗੁਆਰੇਰੀ, ਗਉੜੀ ਪੂਰਬੀ, ਗਉੜੀ ਚੇਤੀ, ਗਉੜੀ ਪੂਰਬੀ ਦੀਪਕੀ, ਆਸਾਵਰੀ, ਬਸੰਤ ਹਿੰਡੋਲ ਆਦਿਕ 30 ਪ੍ਰਕਾਰ) ਵਿੱਚ ਗੁਰਬਾਣੀ ਹੀ ਆਤਮਿਕ ਗਿਆਨ ਦਾ ਤੱਤ ਤੇ ਸਾਰੰਸ਼ ਹੈ। ਇਸੇ ਦੇ ਸ਼ਬਦਾਂ ਦੀਆਂ ਧੁਨੀਆਂ ਹੀ ਸੰਸਾਰ ਦਾ ਵਾਯੂ ਮੰਡਲ ਵਿੱਚ ਠੰਡ ਵਰਤਾ ਸਕਦੀਆਂ ਹਨ। ਸਿੱਖ ਇਤਿਹਾਸ ਅਨੁਸਾਰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਸੁਲਤਾਨਪੁਰ ਲੋਧੀ ਵਿਖੇ ਰਚੀ ਅਤੇ ਇਥੇ ਹੀ ਮਰਦਾਨੇ ਨੇ ਰਬਾਬ ਦੀ ਤਾਨ ਨਾਲ ਪਹਿਲੀ ਵੇਰ ਕੀਰਤਨ ਕੀਤਾ। ਇਸੇ ਲਈ ਹੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦੂਸਰਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਸਮਰਪਿਤ ਕਰਨਾ ਉੱਚਿਤ ਜਾਣਿਆ ਹੈ।

*(ਧੰਨਵਾਦ ਸਹਿਤ,ਚੜ੍ਹਦੀ ਕਲਾ: 7 ਸਤੰਬਰ, 1992)*

- *ਮੈਂ ਆਪ ਦਾ ਇੱਕ ਤੁੱਛ ਸ਼ਰਧਾਲੂ ਬੇਨਤੀ ਕਰ ਰਿਹਾ ਹਾਂ ਕਿ ਆਪ ਜੀ ਨੇ ਜੋ ਕੀਰਤਨ ਦਾ ਮਹਾਨ ਉੱਦਮ ਕੀਤਾ ਹੈ। ਉਹ ਇੱਕ ਅਦੁੱਤੀ ਕੌਤਕ ਸੀ। ਇਹ ਵਾਕਿਆ ਹੀ ਸਵਰਗ ਦੇ ਝੂਟੇ ਮਾਨਣ ਵਾਲੀ ਅਨੋਖੀ ਗੱਲ ਸੀ। ਆਪ ਜੀ ਨੇ ਬੜੇ ਉੱਚ ਕੋਟੀ ਦੇ ਰਾਗੀ ਜਥੇ ਬੁਲਾਏ ਜਿਨ੍ਹਾਂ ਨੇ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਕੀਰਤਨ ਕੀਤਾ .......*

*ਸ੍ਰ: ਤਾਰਾ ਸਿੰਘ ਧੁੰਨਾ*
*ਪਾਲ ਮੈਡੀਕੋ (ਅੰਗਰੇਜ਼ੀ ਦਵਾਈਆਂ ਵਾਲੇ) ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ*



# ਸੰਤ ਸੁੱਚਾ ਸਿੰਘ ਜਵੱਦੀ

ਪ੍ਰਗਟ ਸਿੰਘ ਗਰੇਵਾਲ, ਹਰਵਿੰਦਰ ਸਿੰਘ ਦਹੇਲੇ

ਜਦੋਂ ਵੀ ਸਮਾਜ ਵਿੱਚ ਬਦੀ ਦੀ ਚੜ੍ਹ ਮੱਚੀ ਤਾਂ ਮਨੁੱਖੀ ਮਨ ਨੂੰ ਨੇਕੀ ਦੀ ਲੋੜ ਵੀ ਮਹਿਸੂਸ ਹੋਣ ਲੱਗੀ। ਨਤੀਜਾ ਕੀ ਹੋਇਆ, ਜਦੋਂ ਵੀ ਸੰਸਾਰ ਵਿੱਚ ਬਦੀ ਦਾ ਜ਼ੋਰ ਹੋਇਆ ਤੇ ਨਤੀਜਾ ਜ਼ਬਰ ਜ਼ੁਲਮ ਵਿੱਚ ਨਿਕਲਿਆ ਤਾਂ ਨਾਲ ਹੀ ਨੇਕੀ ਨੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਹੋਂਦ ਦਰਸਾਈ ਹੈ। ਦੋ ਪ੍ਰਤੀਬਿੰਬ ਨੇਕੀ ਤੇ ਬਦੀ ਦੇ ਦੁਨੀਆਂ ਸਾਹਮਣੇ ਆਏ, ਨੇਕੀ ਦੇ ਰੂਪ ਨੂੰ ਦੇਵਤਾ ਕਿਹਾ ਜਾਣ ਲੱਗਿਆ ਤੇ ਬਦੀ ਦੇ ਰੂਪ ਨੂੰ ਰਾਕਸ਼।ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਤਾਂ ਹੀ ਤਾਂ ਲਿਖਿਆ ਹੈ:-

***ਸਾਧ ਕਰਮ ਜੋ ਪੁਰਖ ਕਮਾਵੈ, ਨਾਮ ਦੇਵਤਾ ਜਗਤ ਸਦਾਵੈ***
***ਕੁਕਰਿਤ ਕਰਮ ਜੇ ਕੋ, ਕਰਹੀ ਨਾਮ ਅਸੁਰ ਉਸਹੀ ਜਗ ਧਰਹੀ॥***

ਭਾਵ ਸਾਧ ਕਰਮ ਜਾਂ ਚੰਗੇ ਕਰਮ ਕਰਨ ਵਾਲੇ ਨੂੰ ਸੰਸਾਰ ਦੇਵਤਾ ਕਹਿੰਦਾ ਹੈ ਤੇ ਮਾੜੇ ਕੰਮ ਕਰਨ ਵਾਲੇ ਨੂੰ ਰਾਕਸ਼ ਜਾਂ ਦੈਂਤ। ਸਮੇਂ ਨਾਲ ਦੇਵਤਿਆਂ ਨੂੰ ਲੋਕ ਸਵਰਗ ਲੋਕ ਜਾਂ ਦੂਜੇ ਸੰਸਾਰ ਦੇ ਵਾਸੀ ਸਮਝਣ ਲੱਗੇ ਤਾਂ ਦੁਨੀਆਂ ਵਿੱਚ ਸੰਤ ਨਾਮ ਦੇ ਸ਼ਬਦ ਦੀ ਉਤਪਤੀ ਹੋਈ। ਜਿੱਥੇ ਦੇਵਤੇ ਅਦਿੱਖ ਸੰਸਾਰ ਦੇ ਵਾਸੀ ਉਥੇ ਸੰਤ, ਮਹਾਤਮਾ, ਮਹਾਪੁਰਸ਼, ਸਮਾਜੀ ਜੀਵਾਂ ਵਿੱਚ ਹੋਣ ਕਰਕੇ ਇਸ ਸੰਸਾਰ ਦੇ ਵਾਸੀ ਹਨ ਤੇ ਉਹ ਲੋਕਾਂ ਵਿੱਚੋਂ ਹੀ ਉੱਠ ਕੇ ਆਪਣੇ ਕੀਤੇ ਕੰਮਾਂ ਰਾਹੀਂ ਸਮਾਜ ਵਿੱਚ ਸੰਤ ਦੀ ਪਦਵੀ ਤੱਕ ਪਹੁੰਚੇ ਹਨ।

ਇਸ ਸੰਸਾਰ ਵਿੱਚ ਸ਼ਾਸਤਰਾਂ, ਵੇਦਾਂ, ਈਸਾਈ ਧਰਮ ਤੇ ਇਸਲਾਮ ਤੋਂ ਬਾਅਦ ਸੰਤ ਮੱਤ ਨੇ ਜਨਮ ਲਿਆ। ਜਿਨ੍ਹਾਂ ਨੇ ਆਪਣੇ ਸੰਸਾਰ ਵਿੱਚ ਅਨੇਕਾਂ ਮਹਾਪੁਰਸ਼ਾਂ ਤੇ ਸਾਧੂਆਂ ਨੂੰ ਜਨਮ ਦਿੱਤਾ। ਇਨ੍ਹਾਂ ਵਿੱਚੋਂ ਪ੍ਰਮੁੱਖ ਬਾਬਾ ਫਰੀਦ ਜੀ ਸ਼ਕਰਗੰਜ, ਹਜ਼ਰਤ ਨਿਜ਼ਾਮੁਦੀਨ ਔਲੀਆਂ, ਸੰਤ ਰਾਮਾਨੰਦ, ਸੰਤ ਕਬੀਰ, ਸੰਤ ਰਵਿਦਾਸ ਮੱਧ ਕਾਲ ਵਿੱਚ ਹੋਏ। ***ਪਰ ਇਸ ਵੀਹਵੀਂ ਸਦੀ ਵਿੱਚ ਪੰਜਾਬ ਵਿੱਚ ਕੁਝ ਪ੍ਰਮੁੱਖ ਸੰਤ ਰੂਪੀ ਸ਼ਖ਼ਸੀਅਤਾਂ ਹੋਈਆਂ ਹਨ ਜਿਨ੍ਹਾਂ ਨੇ ਆਪਣੇ ਕਰਮਾਂ ਰਾਹੀਂ ਸੰਸਾਰ ਵਿੱਚ ਨੇਕੀ ਦਾ ਝੰਡਾ ਸਮੇਂ-ਸਮੇਂ ਬੁਲੰਦ ਕੀਤਾ ਹੈ। ਜਿਨ੍ਹਾਂ ਵਿੱਚ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ, ਸੰਤ ਈਸ਼ਰ ਸਿੰਘ ਕਲੇਰਾਂ ਤੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਇਨ੍ਹਾਂ ਮਹਾਪੁਰਖਾਂ ਦੀ ਸੰਗਤ ਦੁਆਰਾ ਵਰੋਸਾਏ ਹੋਏ ਹਜ਼ਾਰਾਂ ਵਿਅਕਤੀਆਂ ਅੱਜ ਵੀ ਤੁਹਾਨੂੰ ਮਿਲ ਸਕਦੇ ਹਨ ਜੋ ਕਿ ਉਨ੍ਹਾਂ ਵੱਲੋਂ ਕੀਤੀਆਂ ਕਰਨੀਆਂ ਤੇ ਸਮਾਜ ਉਦਾਰ ਦੇ ਅਨੇਕਾਂ ਕੰਮ ਤੁਹਾਨੂੰ ਖੜ੍ਹੇ ਪੈਰ ਗਿਣਵਾ ਸਕਦੇ ਹਨ। ਹੁਣ ਜਦ ਕਿ ਵੀਹਵੀਂ ਸਦੀ ਦਾ ਅਖੀਰਲਾ ਦਹਾਕਾ ਚੱਲ ਰਿਹਾ ਹੈ ਤਾਂ ਇਨ੍ਹਾਂ ਹੀ ਮਹਾਪੁਰਖਾਂ ਦੀ ਲੜੀ ਵਿੱਚ ਵਰਤਮਾਨ ਸਮੇਂ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਜੀ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਾਲਿਆਂ ਨੇ ਵੀ ਨਾਂ ਦਰਜ ਕਰਵਾ ਲਿਆ ਹੈ।***

ਸੰਤ ਬਾਬਾ ਸੁੱਚਾ ਸਿੰਘ ਜੀ ਦੇ ਨਿਸ਼ਾਨੇ ਤੇ ਕਰਮ ਆਪ ਹੀ ਲੋਕਾਂ ਨੂੰ ਇਨ੍ਹਾਂ ਵੱਲ ਖਿੱਚ ਰਹੇ ਹਨ। ਇੱਕ ਵਾਰ ਕਹਿਣ ਲੱਗੇ ਮੈਨੂੰ ਕਿਸੇ ਪਿੰਡ ਦੀ ਪੰਚਾਇਤ ਨੇ 30 ਕਿੱਲੇ ਜ਼ਮੀਨ ਦਿੱਤੀ ਹੈ ਤੇ ਮੇਰਾ ਫੁਰਨਾ ਇਸ ਵਿੱਚ ਅਜਿਹੀ ਵਿੱਦਿਅਕ ਸੰਸਥਾ ਖੋਲ੍ਹਣਾ ਹੈ ਜਿਸ ਵਿੱਚ ਪਾਸ ਹੋ ਕੇ ਨੌਜਵਾਨਾਂ ਨੂੰ ਆਪਣਾ ਜੀਵਨ ਨਿਰਬਾਹ ਕਰਨ ਲਈ ਕੰਮ ਮਿਲ ਸਕੇ। ਹੈ ਕੋਈ ਇਸ ਵਕਤ ਐਸਾ ਮਹਾਤਮਾ ਜੋ ਗਰੀਬਾਂ ਪ੍ਰਤੀ ਐਸੀ ਭਾਵਨਾ ਰੱਖ ਸਕਦਾ ਹੋਵੇ?

ਦੂਜੀ ਵਾਰ ਇੱਕ ਜਗ੍ਹਾ ਹੋਰ ਦਿਖਾ ਕੇ ਕਹਿਣ ਲੱਗੇ ਕਿ ਇਸ ਜਗ੍ਹਾ ਮੈਂ ਇੱਕ ਹਸਪਤਾਲ ਬਣਾਉਣਾ ਚਾਹੁੰਦਾ ਹਾਂ ਜਿਸ ਵਿੱਚ ਅਸਾਧ ਰੋਗਾਂ ਦੇ ਮਸ਼ਹੂਰ ਡਾਕਟਰਾਂ ਰਾਹੀਂ ਗੰਭੀਰ ਬੀਮਾਰੀਆਂ ਦਾ ਇਲਾਜ ਹੋ ਸਕੇ।

ਮੇਰੀ ਇਨ੍ਹਾਂ ਨਾਲ ਬਾਹਲੀ ਨੇੜਤਾ ਵੀ ਨਹੀਂ ਤੇ ਮੈਂ ਕਦੇ ਇਨ੍ਹਾਂ ਨੂੰ ਮਿਲਿਆ ਵੀ ਨਹੀਂ ਪਰ ਪਤਾ ਉਦੋਂ ਲੱਗਿਆ ਜਦੋਂ ਇਨ੍ਹਾਂ ਨੇ ਪਿਛਲੇ ਪੰਜ ਸੌ ਸਾਲ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਸ਼ਾਸਤਰੀ ਸੰਗੀਤ ਦਾ ਮਹਾਨ ਯੱਗ ਰੱਖ ਦਿੱਤਾ ਤੇ ਆਪਣੇ ਮਨ ਦੀ ਗੱਲ ਦੁਨੀਆਂ ਸਾਹਮਣੇ ਜ਼ਾਹਰੀ ਕਲਾ ਰਾਹੀਂ ਦਿਖਾ ਦਿੱਤੀ।

ਜਦ ਇਹ ਸਮਾਗਮ ਰੱਖਿਆ ਤਾਂ ਕੋਈ ਇਹ ਸੋਚ ਨਹੀਂ ਸੀ ਸਕਦਾ ਕਿ ਇਹ ਏਡਾ ਵੱਡਾ ਹੋਏਗਾ ਤੇ ਨਿਰਵਿਘਨ ਸਿਰੇ ਚੜ੍ਹੇਗਾ ***ਪਰ 9 ਅਕਤੂਬਰ ਤੋਂ 13 ਅਕਤੂਬਰ, 1991 ਤੱਕ ਜੋ ਪ੍ਰੋਗਰਾਮ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਵਿੱਚ ਚੱਲਿਆ ਤੇ ਸਿਰੇ ਚੜ੍ਹਿਆ। ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਸੰਤ ਕਾ ਮਾਰਗ ਕੀ ਹੁੰਦਾ ਹੈ ਤੇ ਕਿਸਨੂੰ ਨਸੀਬ ਹੁੰਦਾ ਹੈ ਜਿਸ ਤਰ੍ਹਾਂ ਗੁਰਬਾਣੀ ਵਿੱਚ ਆਉਂਦਾ ਹੈ। 'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥' ਸੋ ਅੱਜ ਸੱਚਮੁੱਚ ਹੀ ਇਹ ਮਾਰਗ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਹਿੱਸੇ ਆਇਆ ਹੈ ਤੇ ਉਹ ਇਕ ਮਨ, ਇਕ ਚਿਤ ਹੋ ਕੇ ਇਸ 'ਤੇ ਪਹਿਰਾ ਦੇ ਰਹੇ ਹਨ। ਉਨ੍ਹਾਂ ਵੱਲੋਂ ਸ਼ਾਸਤਰੀ ਸੰਗੀਤ ਦਾ ਰਚਿਆ ਮਹਾਨ ਯੱਗ ਜਾਂ ਕੁੰਭ ਨੇ ਇੱਕ ਨਵੀਂ ਲਹਿਰ ਤੇ ਚੇਤਨਾ ਪੈਦਾ ਕੀਤੀ ਹੈ ਕਿ ਸਮੇਂ ਦਾ ਰਾਗ ਸਮੇਂ ਸਿਰ ਹੀ ਗਾਇਆ ਜਾਵੇ ਤੇ ਇਸਦੀ ਸ਼ੁੱਧਤਾ ਵੱਲ ਧਿਆਨ ਕਰਕੇ ਹੀ ਇਸ ਸੰਗੀਤ ਦਾ ਲਾਹਾ ਖੱਟਿਆ ਜਾ ਸਕਦਾ ਹੈ। ਇਹ ਸੰਗੀਤ ਦੀਆਂ ਧੁੰਨਾਂ ਹੀ ਹਨ ਜੋ ਕਿ ਸ਼ੈਤਾਨ ਮਨੁੱਖੀ ਮਨ ਨੂੰ ਕੀਲ ਸਕਦੀਆਂ ਹਨ ਤੇ ਉਸ ਦੀ ਮੈਲ ਸਾਫ ਕਰਕੇ ਉਸਨੂੰ ਨੇਕੀ ਦੇ ਰਾਹ ਵੱਲ ਤੋਰ ਸਕਦੀਆਂ ਹਨ।***

***(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ: 22 ਜਨਵਰੀ 1993)***

---

• *ਬਾਬਾ ਜੀ ਬੜੀ ਖੁਸ਼ੀ ਹੋਈ ਹੈ ਜੋ ਸੰਗੀਤ ਸੰਮੇਲਨ ਆਪ ਜੀ ਨੇ ਕਰਵਾਇਆ ਉਸ ਦੀ ਸਮਾਪਤੀ ਬੜੇ ਚੰਗੇ ਢੰਗ ਨਾਲ ਹੋਈ ਹੈ। ਇਸ ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਉਤਨੀ ਹੀ ਥੋੜੀ ਹੈ। ਪੰਜ ਰੋਜ਼ਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਆਏ ਰਾਗੀਆਂ ਤੇ ਹੋਰ ਸੰਗਤਾਂ ਦਾ ਜੋ ਆਪ ਨੇ ਪ੍ਰਬੰਧ ਕੀਤਾ ਦਾਸ ਨੇ ਆਪਣੀ ਅੱਖੀਂ ਵੇਖਿਆ ਮਨ ਬਹੁਤ ਹੀ ਪ੍ਰਸੰਨ ਹੋਇਆ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਾਹਿਗੁਰੂ ਇਹੋ ਜਿਹੇ ਪ੍ਰੋਗਰਾਮ ਕਰਾਉਣ ਦਾ ਬਲ ਬਖ਼ਸ਼ੀ ਰੱਖਣ .........*

*ਸ੍ਰ: ਰਣਜੀਤ ਸਿੰਘ ਸ਼ਾਦ*
*ਪੱਤਰ ਪ੍ਰੇਰਕ, ਅੱਡਾ ਮਹਿਤਪੁਰ ਚੌਂਕ, ਨਕੋਦਰ*

---

• *ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਸਫਲਤਾ ਦੇ ਲਈ ਦਾਸ ਵੱਲੋਂ ਹਾਰਦਿਕ ਵਧਾਈ ਪ੍ਰਵਾਨ ਕਰਨੀ ਜੀ। ਸੇਵਾ ਸਤਿਕਾਰ, ਪ੍ਰਬੰਧਕੀ ਆਯੋਜਨ, ਵਿਸ਼ਾਲ ਇੱਕਠ ਅਤੇ ਗਾਇਕੀ ਦੇ ਪੱਖ ਤੋਂ ਅਤੇ (31) ਰਾਗਾਂ ਦੀ ਉਚ ਪੱਧਰੀ ਗਾਇਕੀ ਦੇ ਪੱਖ ਤੋਂ ਇਹ ਸਮਾਗਮ ਸਹੀ ਅਰਥਾਂ ਵਿੱਚ ਅਦੁੱਤੀ ਹੀ ਸੀ।*

*ਡਾ: ਦਰਸ਼ਨ ਸਿੰਘ ਨਰੂਲਾ*
*ਮੁਖੀ, ਡਿਪਾਰਟਮੈਂਟ ਆਫ ਮਿਊਜ਼ਿਕ, ਡੀ ਏ ਵੀ ਕਾਲਜ, ਮਲੋਟ, ਫਰੀਦਕੋਟ*



# ਦੂਜਾ ਅਦੁੱਤੀ ਕੀਰਤਨ ਸੰਮੇਲਨ

ਬਲਵਿੰਦਰ ਸਿੰਘ, ਲੁਧਿਆਣਾ

ਜਵੱਦੀ, ਜੋ ਕਿ ਨਾਂ ਬਹੁਤੀ ਜਾਣੀ ਜਾਂਦੀ ਸੀ ਨਾ ਕਿਸੇ ਬਹੁਤੀ ਵਦੀ, ਕਿਸੇ ਨੂੰ ਪਤਾ ਸੀ ਕਿ ਇੱਥੇ ਗੁਰਸਿੱਖਾਂ ਦੀ ਪਵਿੱਤਰ ਭੀੜ ਜਿਵੇਂ ਨਦੀ ਵਾਂਗ ਇਕੱਤਰ ਹੋ ਵਿਸ਼ਾਲ ਪੰਡਾਲ ਰੂਪੀ ਸਾਗਰ ਵਿਚ ਸਮਾ ਜਾਏਗੀ, ਕੀਰਤਨ ਸੁਣਨ ਲਈ, ਕੀਰਤਨ ਵੀ ਰਾਗਾਂ 'ਤੇ ਆਧਾਰਿਤ।

***ਸ਼ਬਦ ਨਾਦ ਦਾ ਆਦਿ ਤੋਂ ਆਪਣਾ ਇੱਕ ਵਿਸਮਾਦ ਹੈ। ਇਹ ਗੱਲ ਸਮਝ ਆਈ ਸਾਨੂੰ ਸਾਰਿਆਂ ਨੂੰ ਬੜੀ ਦੇਰ ਬਾਅਦ। ਦਾਦ ਦੇਣੀ ਬਣਦੀ ਹੈ ਕਿ ਸੰਤ ਸੁੱਚਾ ਸਿੰਘ ਜੀ ਨੂੰ ਜਿਨ੍ਹਾਂ ਨੇ ਇਹ ਗੱਲ ਮਹਿਸੂਸ ਕੀਤੀ ਕਿ ਸ਼ਬਦ ਕੀਰਤਨ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਆਦੇਸ਼ਾਂ ਅਨੁਸਾਰ ਹੀ ਕੀਤਾ ਜਾਏ। ਪਹਿਲਾਂ-ਪਹਿਲਾਂ ਇਹ ਗੱਲ ਜਿੰਨੀ ਔਖੀ ਲਗਦੀ ਸੀ ਹੁਣ ਓਨੀ ਹੀ ਸੌਖੀ ਲੱਗਣ ਲਗ ਪਈ ਤੇ ਉਦੂੰ ਵੱਧ ਭਾਵਪੂਰਤ।***

ਪਿਛਲੀ ਵਾਰ ਵਾਂਗੂੰ ਇਸ ਵਾਰ ਵੀ ਇਹ ਮਹਾਨ ਕੀਰਤਨ ਸਮਾਗਮ 7 ਅਕਤੂਬਰ ਤੋਂ 11 ਅਕਤੂਬਰ ਤੱਕ ਪੰਜਾਂ ਦਿਨਾਂ ਲਈ ਚੱਲਿਆ। ਪਹਿਲੇ ਸਮਾਗਮ ਦਾ ਨਾਮਕਰਨ ਠੀਕ ਕੀਤਾ ਸੀ ਸੰਤ ਜੀ ਨੇ, "ਅਦੁੱਤੀ ਕੀਰਤਨ ਸਮਾਗਮ" ਪਰ ਇਸ ਵਾਰ ਇਹ ਅਦੁੱਤੀ ਨਹੀਂ ਰਿਹਾ, ਇਸ ਕਰਕੇ ਨਹੀਂ ਕਿ ਇਸ ਵਰ੍ਹੇ ਇਹ ਦੂਜੀ ਵਾਰ ਹੋਇਆ ਹੈ ਸਗੋਂ ਇਹ ਹੁਣ ਇੱਕ ਲਹਿਰ ਬਣ ਗਈ ਹੈ ਜੋ ਸੂਝਵਾਨਾਂ ਤੇ ਵਿਦਵਾਨਾਂ ਤੋਂ ਇਲਾਵਾ ਸਰਬੱਤ ਸਮਗਤ ਦੇ ਮਨ ਵਿੱਚ ਘਰ ਕਰ ਗਈ ਹੈ।

***ਗੱਲ ਇੰਞ ਹੋਈ ਹੈ, ਜਿਵੇਂ ਖੇਤੀਬਾੜੀ ਯੂਨੀਵਰਸਿਟੀ ਵਿੱਚ ਲੱਖਾਂ ਨਹੀਂ, ਕਰੋੜਾਂ ਰੁਪਏ ਖਰਚ ਕੇ ਖੋਜਾਂ, ਪੜਤਾਲਾਂ ਤੇ ਤਜ਼ਰਬੇ ਕਰ-ਕਰ ਕੇ ਵਿਦਵਾਨਾਂ ਨੇ ਉੱਤਮ ਕਿਸਮ ਦੇ ਥੋੜ੍ਹੇ ਜਿਹੇ ਬੀਜ ਪੈਦਾ ਕੀਤੇ ਜੋ ਹੌਲੀ-ਹੌਲੀ ਹਰ ਕਿਸਾਨ ਕੋਲ ਪੁੱਜੇ। ਉਨ੍ਹਾਂ ਦੇ ਖੇਤਾਂ ਵਿੱਚ ਬੀਜੇ ਗਏ ਤੇ ਕਿਸਾਨਾਂ ਦੀ ਸਖ਼ਤ ਮਿਹਨਤ ਤੇ ਲਗਨ ਨਾਲ ਇੰਨੀ ਭਰਪੂਰ ਫ਼ਸਲ ਹੋਈ ਤੇ ਇਸ ਸਾਰੇ ਵਾਰਤਾ ਨੂੰ ਹਰਾ ਇਨਕਲਾਬ ਨਾਂ ਦੇ ਇੱਕ ਅੱਖਰ ਵਿੱਚ ਦਰਸਾਇਆ ਜਾ ਸਕਦਾ ਹੈ। ਬਿਲਕੁਲ ਇਸੇ ਤਰ੍ਹਾਂ ਜਵੱਦੀ ਦੀ ਧਰਤੀ 'ਤੇ ਗੁਰੂ ਦੀ ਮਤਿ ਅਨੁਸਾਰ ਤਜ਼ਰਬਾ ਕੀਤਾ ਗਿਆ ਕਿ ਸ਼ਬਦ ਨੂੰ ਰਾਗ ਵਿੱਚ ਹੀ ਗਾਇਆ ਜਾਵੇ ਤਾਂ ਬਾਣੀ ਦੇ ਅਣਿਆਲੇ ਬਾਣਾਂ ਦੀ ਅਣੀ ਮਨੁੱਖੀ ਹਿਰਦੇ ਵਿੱਚ ਡੂੰਘੀ ਉੱਤਰ ਕੇ ਵਧੇਰੇ ਕਲਿਆਣਕਾਰੀ ਸਿੱਧ ਹੋਵੇ।***

ਪਹਿਲੇ ਸਮਾਗਮ ਤੋਂ ਪਹਿਲਾਂ ਇਹ ਵਿਚਾਰਾਂ ਹੋ ਰਹੀਆਂ ਸਨ ਤਾਂ ਮੇਰੇ ਵਰਗੇ ਕੁਝ ਵਿਚਾਰਿਆਂ ਨੇ ਇਹ ਗੱਲ ਸੋਚੀ ਕਿ ਲੱਖਾਂ ਰੁਪਏ ਦਾ ਖਰਚ, ਦਰਜਨਾਂ ਰਾਗੀ, ਕੀਰਤਨੀਏ ਤੇ ਹੋਰ ਸਾਰੇ ਇੰਤਜ਼ਾਮ ਉੱਤੇ ਖੇਚਲ ਬਹੁਤ ਹੋਵੇਗੀ ਤੇ ਲਾਭ ਘੱਟ। ਬਹੁਤੇ ਜਿਹੜੇ ਫਿਲਮੀ ਤਰਜ਼ਾਂ ਦੇ ਚਾਹਕ ਤੇ ਪ੍ਰਸ਼ੰਸਕ ਹਨ ਉਨ੍ਹਾਂ ਵਾਸਤੇ ਤਾਂ ਇਹ ਫ਼ਾਰਸੀ ਸੀ। ਪਰ ਹੁਣ ਇਹ ਗੱਲ ਆਰਸੀ ਬਣ ਕੇ ਨਿੱਬੜੀ ਹੈ। ਗੁਰਮਤਿ ਦੀ ਵਿਚਾਰਧਾਰਾ ਤੇ ਉਸਦੀ ਪ੍ਰਬਲਤਾ ਨੁਮਾਇਆ ਹੋ ਕੇ ਸਾਹਮਣੇ ਆਈ ਹੈ ਕਿ ਸ਼ਬਦ ਰਾਗ ਵਿਚ ਹੀ ਗਾਇਆ ਜਾਵੇ ਤਾਂ ਉਹ ਵਧੇਰੇ ਅਸਰਦਾਇਕ ਹੁੰਦਾ ਹੈ।

ਇਹ ਸਾਰੀ ਮਿਹਨਤ, ਖਰਚ, ਤਸ਼ੱਦਦ, ਇੰਤਜ਼ਾਮ ਬਿਲਕੁਲ ਇੰਞ ਹੀ ਹੈ ਜਿਵੇਂ ਇੱਥੇ ਇਸ ਵਿਚਾਰ ਦਾ ਬੀਜ ਤਿਆਰ ਕਰ ਦਿੱਤਾ ਗਿਆ ਹੋਵੇ। ਇਸ ਨੂੰ ਅਸੀਂ ਜਸ ਗਾਇਨ ਇਨਕਲਾਬ ਕਹਿ ਸਕਦੇ ਹਾਂ। ਇਸ ਸਮਾਗਮ ਤੋਂ ਬਾਅਦ ਰਾਗੀ, ਕੀਰਤਨੀਏ

ਤੇ ਗਾਇਕ ਇਸ ਗੱਲ ਵਿੱਚ ਗੌਰਵ ਮਹਿਸੂਸ ਕਰ ਰਹੇ ਹਨ ਕਿ ਸਾਡਾ ਰਾਗਬੱਧ ਕੀਰਤਨ ਸੁਣਿਆ ਗਿਆ ਹੈ। ਸਿੱਖ ਸੰਗਤ ਅਤੇ ਸਰੋਤੇ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਇਹ ਉਹੀ ਖੂਬੀ ਹੈ ਜਿਸ ਦਾ ਆਦੇਸ਼ ਗੁਰੂ ਨਾਨਕ ਦੇਵ ਮਹਾਰਾਜ ਨੇ ਭਾਈ ਮਰਦਾਨਾ ਜੀ ਨੂੰ ਕੀਤਾ। ਆਪ ਨਾਰਾਇਣ ਕਲਾਧਾਰ, ਬਾਬਾ ਨਾਨਕ ਦੇਵ ਮਹਾਰਾਜ ਜੀ ਨੇ ਮਰਦਾਨੇ ਨੂੰ ਕਿਹਾ: ਮਰਦਾਨਿਆ ਰਬਾਬ ਛੇੜ ਕਾਈ ਸਿਫ਼ਤ ਖ਼ੁਦਾ ਦੀ ਕਰੀਏ।

ਸਮਾਗਮ ਬੇਸ਼ੱਕ ਸਾਲ ਵਿੱਚ ਇੱਕ ਵਾਰੀ ਹੀ ਹੁੰਦਾ ਹੈ ਪਰ ਉਸ ਖਿਆਲ ਦਾ ਲਾਲਨ-ਪਾਲਨ ਗੁਰਮਤਿ ਸੰਗੀਤ ਅਕੈਡਮੀ ਕਰਦੀ ਰਹੇਗੀ ਤੇ ਇੱਥੋਂ ਇਹ ਸੁਰਬੱਧ ਬਲਵਾਨ ਆਵਾਜ਼ ਨਿਕਲਦੀ ਰਹੇਗੀ ਤੇ ਜਿੱਥੇ-ਜਿੱਥੇ ਇਹ ਵਿਚਾਰ ਜਾਏਗਾ ਉਹ ਅੱਗੋਂ ਹੋਰ ਲੋਕਾਂ ਨੂੰ ਆਪਣੇ ਪਵਿੱਤਰ ਘੇਰੇ ਵਿੱਚ ਲੈਂਦਾ ਜਾਵੇਗਾ ਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿੱਚ ਕੀਤੀ ਘਾਲ ਹੋਰ ਰੰਗ ਲਿਆਏਗੀ। ***ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥***

ਇਸ ਵਾਰ ਦੇ ਸੰਮੇਲਨ ਬਾਰੇ ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਸੌ ਦੇ ਕਰੀਬ ਰਾਗੀਆਂ ਅਤੇ ਦਸ ਕੁ ਲੱਖ ਆਈ ਸੰਗਤ ਇੱਕ ਅਦੁੱਤੀ ਰੰਗ ਵਿੱਚ ਰੰਗੀ ਹੋਈ ਪਿਆਰ ਨਾਲ ਸਰਸ਼ਾਰ ਹੋ-ਹੋ ਜਾਂਦੀ ਸੀ। ਕਾਰਾਂ, ਸਕੂਟਰਾਂ ਦੀ ਪਾਰਕਿੰਗ, ਸਾਈਕਲ ਸਟੈਂਡ ਦਾ ਇੰਤਜ਼ਾਮ, ਸੰਗਤਾਂ ਦੇ ਜੋੜਿਆਂ ਦੀ ਸੇਵਾ, ਡਾਕਟਰੀ ਸੇਵਾ ਆਦਿ ਇੰਨੇ ਸੁਯੋਜਿਤ ਢੰਗ ਨਾਲ ਕੀਤੀ ਗਈ ਸੀ ਜੋ ਇਸ ਗੱਲ ਦੀ ਲਖਾਇਕ ਸੀ ਕਿ ਇਸ ਸਾਰੇ ਪਿੱਛੇ ਮਹੀਨਿਆਂ ਦੀ ਦਿਨ ਰਾਤ ਦੀ ਕੀਤੀ ਤਪੱਸਿਆ ਸੀ। ***ਇਸ ਵਾਰ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਕੋਈ ਗੁਰਮੁਖ ਸੰਤ ਸੁੱਚਾ ਸਿੰਘ ਜੀ ਨੂੰ ਕਹਿ ਰਿਹਾ ਸੀ, "ਇਸ ਵਾਰ ਸਮਾਗਮ ਸਮਾਪਤ ਹੋਣ ਉਪਰੰਤ ਤੁਸੀਂ ਕੁਝ ਇਨ ਆਰਾਮ ਕਰਨਾ, ਬੜੀ ਖੇਚਲ ਹੋਈ ਹੈ, ਤੁਹਾਨੂੰ", ਤਾਂ ਉਹ ਹੱਸ ਕੇ ਕਹਿਣ ਲੱਗੇ, ਖੇਚਲ ਤਾਂ ਗੁਰੂ ਕੇ ਪਿਆਰੇ ਕਰ ਰਹੇ ਹਨ, ਸੰਗਤ ਕਰ ਰਹੀ ਹੈ ਮੈਂ ਤਾਂ ਅਗਲੇ ਸਮਾਗਮ ਦੀ ਤਿਆਰੀ ਬਾਰੇ ਸੋਚ ਰਿਹਾ ਹਾਂ। ਬਸ ਇਹੀ ਹੈ ਇਨ੍ਹਾਂ ਸਮਾਗਮਾਂ ਦੀ ਕਾਮਯਾਬੀ ਦਾ ਰਾਜ਼। ਸਦਾ ਪਹਿਰੇ 'ਤੇ ਰਹਿਣਾ ਜਾਂ ਗੁਰਮਤਿ ਅਨੁਸਾਰ ਕਮਰਕੱਸਾ ਢਿੱਲਾ ਨਹੀਂ ਹੋਣ ਦੇਣਾ।***

ਪੰਡਾਲ ਵਿੱਚ, ਜਿੱਥੇ ਪ੍ਰੈਸ ਅਨੁਸਾਰ 50 ਹਜ਼ਾਰ ਬੰਦਾ ਇਕੋ ਸਮੇਂ ਬੈਠ ਕੇ ਕੀਰਤਨ ਸੁਣ ਸਦਾ ਹੈ ਉਥੇ ਮੁਹਾਵਰੇ ਦੇ ਤੌਰ 'ਤੇ ਨਹੀਂ ਸਗੋਂ ਸੱਚੀ ਮੁੱਚੀ ਕੀਰਤਨ ਤੋਂ ਇਲਾਵਾ ਕਿਸੇ ਨੂੰ ਚੂੰ ਤੱਕ ਦੀ ਆਵਾਜ਼ ਨਹੀਂ ਸੀ ਸੁਣਾਈ ਦੇ ਰਹੀ। ਇੰਨੀ ਸ਼ਾਂਤੀ ਸੀ, ਸੰਗਤਾਂ ਆਉਂਦੀਆਂ, ਸਤਿਕਾਰ ਨਾਲ ਮੱਥਾ ਟੇਕਦੀਆਂ ਤੇ ਸਜ ਜਾਂਦੀਆਂ। ਆਮ ਕਰਕੇ ਸਾਨੂੰ ਅੱਗੇ ਪਿੱਛੇ ਬਹਿਣ ਦਾ ਫਿਕਰ ਹੁੰਦਾ ਹੈ। ਇਹ ਫਿਕਰ ਵੀ ਕੱਢ ਦਿੱਤਾ ਗਿਆ ਸੀ। ਏਕਾਸਟਿਕ ਸਾਊਂਡ ਸਿਸਟਮ (acoustic sound system) ਭਾਵ ਜਿਹੋ ਜਿਹੀ ਆਵਾਜ਼ ਸਟੇਜ ਉੱਤੇ ਆਏਗੀ ਉਹ ਪਹਿਲੀ ਪੰਗਤੀ ਵਿੱਚ ਬੈਠਿਆਂ ਹੋਇਆਂ ਨੂੰ, ਉਹੀ ਮੱਧ ਵਿੱਚ ਬੈਠਿਆਂ ਹੋਇਆਂ ਤੇ ਬਿਲਕੁਲ ਵੈਸੀ ਹੀ ਆਵਾਜ਼ ਪੰਡਾਲ ਦੇ ਅੰਦਰ ਦਾਖ਼ਲ ਹੋਣ ਲੱਗਿਆਂ।

ਇੱਕ ਗੱਲ ਹੋਰ ਬੜੀ ਪਿਆਰੀ ਜਾਪ ਰਹੀ ਸੀ। ਉਹ ਇਹ ਕਿ ਸੜਕ ਰਤਾ ਕੁ ਉੱਚੀ ਸੀ ਤੇ ਦੀਵਾਨ ਅਸਥਾਨ ਨੀਵਾਂ। ਇੰਝ ਲਗਦਾ ਸੀ ਐ ਮੇਰੇ ਮਨ ਜੇ ਕੀਰਤਨ ਵਿੱਚ ਦਿੱਤੇ ਗੁਰੂ ਵਿਚਾਰ ਨੂੰ ਭਲੀ ਪਰਕਾਰ ਸਮਝਣਾ ਚਾਹੁੰਦਾ ਹੈਂ ਤਾਂ ਜ਼ਰਾ ਨਿਮਰਤਾ ਵਿੱਚ ਆ, ਨੀਵੇਂ ਥਾਂ ਖਲੋ। ਅਹੰਕਾਰ ਦੇ ਕਿੰਗਰੇ ਤੋਂ ਉੱਤਰ। ਅੰਦਰ ਸ਼ਬਦ ਵੀ ਇਸੇ ਪ੍ਰਕਾਰ



ਪਿਆਰ ਤੇ ਸ਼ਰਧਾ ਨਾਲ ਗਾਏ ਜਾ ਰਹੇ ਸਨ। ਜਿਹੜਾ ਆਮ ਇਲਜ਼ਾਮ ਹੈ ਰਾਗੀਆਂ 'ਤੇ ਬਈ ਕੀਰਤਨ ਤੇ ਕਰਦੇ ਨੇ ਅੱਧਾ ਘੰਟਾ ਤੇ ਸਾਜ਼ ਸੁਰ ਕਰਦੇ ਨੇ ਪੂਰਾ ਘੰਟਾ, ਉਹ ਕਿਸੇ ਨੂੰ ਵੀ ਵੇਖਣ ਨੂੰ ਨਹੀਂ ਮਿਲਿਆ। ਸਾਜ਼ ਕਿਧਰੋਂ ਹੋਰ ਹੀ ਸੁਰ ਹੋ ਕੇ ਆਉਂਦੇ ਸਨ। ਤਾਨਪੁਰਾ ਪੂਰੇ ਤਾਨ ਨਾਲ ਤਾਨ ਪੂਰ ਰਿਹਾ ਸੀ। ***ਦਿਲਰੁਬਾ ਰਾਗ ਦੀ ਦਿਲਰੁਬਾਈ ਕਰਦਾ ਹੋਇਆ, ਕੀਰਤਨ ਦੀ ਜਿਵੇਂ ਸਵਾਰੀ ਬਣਿਆ ਹੋਇਆ ਸੀ ਸ਼ਹਿਨਾਈ ਆਪਣੇ ਸਾਰੇ ਛੇਕਾਂ ਦੇ ਬਾਵਜੂਦ ਸ਼ਬਦਤੇ ਰਾਗ ਦਾ ਪਵਿੱਤਰ ਸੁਮੇਲ ਕਰਾ ਰਹੀ ਸੀ। ਤਬਲਾ, "ਅਬ, ਓਬ, ਜਬ, ਕਬ, ਤੂਹੀ, ਤੂਹੀ" ਦਾ ਨਾਦ ਦੇ ਰਿਹਾ ਸੀ। ਲਗਦਾ ਸੀ ਜਿਸ ਤਰ੍ਹਾਂ ਮੜ੍ਹੀ ਹੋਈ ਮੋਈ ਖੱਲ ਵਿੱਚ ਜਾਨ ਪਈ ਹੋਵੇ। ਸਾਰੰਗੀ ਉਸੇ ਰੰਗ ਵਿੱਚ ਰੰਗੀ ਹੋਈ ਸੀ। ਜਿਸ ਰੰਗ ਵਿੱਚ ਸ਼ਬਦ ਗੁਰੂ ਸਾਡੇ ਹਿਰਦਿਆਂ ਨੂੰ ਰੰਗਣਾ ਚਾਹੁੰਦੇ ਹਨ। ਸਾਰੇ ਸਾਜ਼ ਸਾਰੇ ਨਖਰੇ ਨਾਜ਼ ਭੁੱਲ ਕੇ ਬਾਣੀ ਦੀ ਭਾਵਨਾ ਦੀ ਨਾਜ਼ ਬਰਾਬਰੀ ਕਰ ਰਹੇ ਸਨ ਅਤੇ ਸੁਰ ਮੰਡਲ ਸਾਰੇ ਮੰਡਲ ਨੂੰ ਸੁਰਮਈ ਕਰੀ ਜਾ ਰਿਹਾ ਸੀ। ਪੜਤਾਲ ਗਾਈ ਜਾ ਰਹੀ ਸੀ। ਲਗਦਾ ਸੀ ਕਿ ਉੱਖੜੇ ਭਟਕੇ ਮਨ ਸ਼ਬਦ ਦੇ ਅਡੋਲ ਤਾਲ ਨਾਲ ਤਾਲ ਵਿੱਚ ਆ ਰਹੇ ਸਨ। ਪਾੜੇ ਮਿਲ ਰਹੇ ਸਨ। ਸ਼ਬਦ ਗੁਰੂ ਸਾਨੂੰ ਮਨਾਂ ਦੀ ਪੜਤਾਲ ਲਈ ਪ੍ਰੇਰ ਰਿਹਾ ਸੀ ਕਿ ਅਸੀਂ ਖੁੰਝੇ ਕਿੱਥੋਂ ਹਾਂ। ਬਾਣੀ ਗੁਰੂ ਹੈ, ਬਾਣੀ ਪੂਜਯ ਹੈ, ਸਾਰੇ ਸ਼ਬਦ ਕਾਬਲੇ ਏਹਤਰਾਮ ਹਨ, ਸ਼ਬਦ ਚੋਣ ਬਹੁਤ ਧਿਆਨ ਨਾਲ ਕੀਤੀ ਗਈ ਸੀ, ਗਿਆਨ ਨਾਲ ਕੀਤੀ ਗਈ ਸੀ, ਈਮਾਨ ਨਾਲ ਕੀਤੀ ਗਈ ਸੀ। "ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥", "ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥", "ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥"*** ਇਹ ਸਭ ਗੁਰਮਤਿ ਦੇ ਸਿਧਾਤਾਂ ਦੀ ਆਤਮਾ ਨੂੰ ਦਰਸਾ ਰਹੇ ਸਨ। ਇਸ ਵਾਰ ਰਾਗ ਮਿਸ਼ਰਤ ਗਾਏ ਜਾ ਰਹੇ ਸਨ। ਜਿਵੇਂ ਬਸੰਤ ਹਿੰਡੋਲ, ਗਉੜੀ ਦੇ ਸਾਰੇ ਅੰਗ, ਗੁਆਰੇਰੀ ਚੇਤੀ, ਮਾਲਾ, ਸੁਲੱਖਣੀ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਸਭੇ ਪਵਿੱਤਰ ਅੰਗ। ਗਉੜੀ ਦੀਪਕੀ ਤੇ ਗਉੜੀ ਪੂਰਬੀ ਦੀਪਕੀ, ਦਾ ਮਿਸ਼ਰਨ ਕੰਨਾਂ ਵਿੱਚ ਮਿਸ਼ਰੀ ਘੋਲ ਰਿਹਾ ਸੀ।

ਇਹ ਹੁਕਮ ਸੱਚ ਹੈ ਕਿ ਨਾਮ ਰਤੇ ਵਡਹੰਸ ਹਨ। ਗੁਰੂ ਦੇਵ ਪਿਤਾ ਨੇ ਉਨ੍ਹਾਂ ਹੰਸਾਂ ਤੇ ਵਡਹੰਸਿਆਂ ਦੀ ਮਹਿਮਾ ਜਿ ਪੂਜਾਯੋਗ ਢੰਗ ਨਾਲ ਦੱਸੀ ਹੈ ਉਹੀ ਦਰਸਾਈ ਜਾ ਰਹੀ ਸੀ। ਇਹ ਕਮਾਲ, ਬਾ-ਕਮਾਲ ਢੰਗ ਨਾਲ ਗੁਰਸਿੱਖਾਂ 'ਤੇ ਵਿਦਿਤ ਕੀਤਾ ਜਾ ਰਿਹਾ ਸੀ। ***ਅਲ੍ਹਾਉਣੀਆਂ ਵੀ ਵਡਹੰਸ ਰਾਗ ਵਿੱਚ ਹਨ ਤੇ ਘੋੜੀਆਂ ਵੀ ਵਡਹੰਸ ਰਾਗ ਵਿੱਚ ਹਨ। ਸੰਸਾਰਕ ਦ੍ਰਿਸ਼ਟੀ ਵਿੱਚ ਅਲ੍ਹਾਉਣੀ ਮੌਤ 'ਤੇ ਲਈ ਜਾਂਦੀ ਹੈ ਤੇ ਘੋੜੀ ਵਿਆਹ 'ਤੇ ਗਾਈ ਜਾਂਦੀ ਹੈ। ਦਿਬ-ਦ੍ਰਿਸ਼ਟੀ ਵਾਲੇ ਪੁਰਸ਼ਾਂ ਵਾਸਤੇ ਇਹ ਦੋਵੇਂ ਹੀ ਮਿਲਾਪ ਦੇ ਸੋਮੇ ਹਨ। ਮੌਤ ਵਿੱਚ ਆਤਮਾ ਦਾ ਪ੍ਰਮਾਤਮਾ ਨਾਲ ਵਿਆਹ ਵਿੱਚ ਸੁਆਣੀ ਦਾ ਕੰਤ ਨਾਲ ਮੇਲ ਹੁੰਦਾ ਹੈ। ਇਹ ਗੱਲ ਜਿਸ ਨੇ ਸਮਝ ਲਈ ਹੈ ਉਹ ਇਸ ਮਹਾਂਵਾਕ, "ਨਾਮ ਰਤੇ ਵਡਹੰਸ ਹੈ" ਅਨੁਸਾਰ ਵਡਹੰਸ ਹੋਇਆ। ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ! ਧੰਨ ਗੁਰੂ ਰਾਮਦਾਸ!!***

ਗੁਰੂ ਕਾ ਲੰਗਰ ਅਤੁੱਟ ਵੀ ਵਰਤ ਰਿਹਾ ਸੀ ਤੇ ਲਗਾਤਾਰ ਵੀ। ਮੈਨੂੰ ਤਾਂ ਲੰਗਰ ਦੇ ਭਾਵਾਤਮਕ ਤੇ ਸ਼ਬਦੀ ਅਰਥ ਨਿਖਰ ਕੇ ਆਏ ਸਾਫ ਮਹਿਸੂਸ ਹੋਏ। ਜਦੋਂ ਜਹਾਜ਼ ਸਾਗਰ ਦੀਆਂ ਲਹਿਰਾਂ 'ਤੇ ਚਲਦਾ ਹੈ, ਆਪਣੀ ਮੰਜ਼ਲ ਵੱਲ ਵਧਦਾ ਹੈ ਤਦ ਉਹ ਕਿਤੇ-ਕਿਤੇ ਬੰਦਰਗਾਹ ਤੇ ਲੰਗਰ ਅੰਦਾਜ਼ ਹੋ ਕੇ ਸਾਰਾ ਲੋੜੀਂਦਾ ਸਮਾਨ ਜ਼ਹਾਜ਼ ਵਿੱਚ ਭਰ ਕੇ ਫਿਰ ਆਪਣੀ ਯਾਤਰਾ 'ਤੇ ਚੱਲ ਪੈਂਦਾ ਹੈ। ਇੱਥੇ ਵੀ ਇੰਝ ਹੀ ਹੋ ਰਿਹਾ ਸੀ ਗੁਰਾਂ ਦਾ ਬਾਣੀ ਦਾ ਬੋਹਿਥ ਜਦੋਂ ਸੰਗੀਤ ਦੀਆਂ ਲਹਿਰਾਂ ਤੇ ਸੰਸਾਰੀ ਰੀਤ ਦੇ ਵਿਪਰੀਤ, ਮਹਾਂਪ੍ਰੀਤ

ਦੀ ਨਿਤਨਵੀਂ ਨੀਤ ਨਾਲ ਮੰਜ਼ਲ ਵੱਲ ਵੱਧ ਰਿਹਾ ਹੁੰਦਾ ਸੀ ਤਾਂ ਸੰਗਤ ਆਪਣੀ ਯਾਤਰਾ ਥੋੜ੍ਹੀ ਰੋਕ ਕੇ, ਲੰਗਰ ਅੰਦਾਜ਼ ਹੋ, ਲੰਗਰ ਪਾ ਫਿਰ ਪੰਡਾਲ ਵਿੱਚ ਆ ਜਾਂਦੀ ਸੀ, ਜਿਵੇਂ ਯਾਤਰੀ ਮੁੜ ਬੋਹਿਥ ਵਿੱਚ ਸਵਾਰ ਹੋ ਜਾਂਦੇ ਹਨ। ਰੌਲਾ-ਗੌਲਾ ਨਾ ਲੰਗਰ ਵਿੱਚ ਸੀ ਨਾ ਪੰਡਾਲ ਵਿੱਚ। ਇੱਕ ਸੁਚੇਤ ਵਾਤਾਵਰਨ ਸੀ ਜੋ ਮੂਕ ਹੁੰਦਿਆਂ ਹੋਇਆਂ ਵੀ ਅਮੂਕ ਸੀ ਤੇ ਹਰ ਕੋਈ ਜਾਗਰੂਕ ਸੀ। ***ਗੁਰਸਿਖ ਜੋਗੀ ਜਾਗਦੇ*** ........" ਵਾਂਗ।

ਇੱਕ ਗੱਲ ਤਕਰੀਬਨ ਛੋਟੇ ਵੱਡੇ ਸਮਾਗਮਾਂ ਵਿੱਚ ਤੇ ਗੁਰਪੁਰਬਾਂ ਵਿੱਚ ਖਾਸ ਕਰਕੇ ਦੇਖਣ ਨੂੰ ਆਈ ਹੈ ਕਿ ਸਿੱਖ ਸੰਗਤ ਇਨ੍ਹਾਂ ਇਕੱਠਾਂ ਵਿੱਚ ਇੱਕ-ਇੱਕ ਕਰਕੇ ਆਉਂਦੀ ਹੈ ਤੇ ਮੱਥਾ ਟੇਕ ਕੇ ਕਿਤੇ ਨਾ ਕਿਤੇ ਨਿਕਲ ਜਾਂਦੀ ਹੈ। ਸੰਗਤ ਬਣਦੀ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗੁਰੂ ਦਰਬਾਰ ਵਿੱਚ ਕੋਈ-ਕੋਈ ਟਿਕਦਾ ਹੈ, ਕਬੀਰ ਜੀ ਦੀ ਰਾਮ ਕਸੌਟੀ ਵਾਂਗ। ਪਰ ਲੰਗਰ ਵੇਲੇ ਪਤਾ ਨਹੀਂ ਕਿੱਥੋਂ ਭੀੜ ਆ ਜਾਂਦੀ ਹੈ। ਮੈਂ ਇਹਨੂੰ ਭੀੜ ਕਹਿਣ ਦੀ ਗੁਸਤਾਖ਼ੀ ਕਹਿ ਰਿਹਾ ਹਾਂ, ਸੰਗਤ ਤਾਂ ਬਣਦੀ ਉਦੋਂ ਹੈ ਜਦੋਂ ਗੁਰੂ ਦੇ ਹਜ਼ੂਰ ਬੈਠੇ ਜਾਂ ਗੁਰੂ ਮਨ ਵਿੱਚ ਹੋਵੇ। ਗੁਰੂ ਸਾਡੀ ਕਾਰ ਵਿੱਚ ਹੋਵੇ, ਵਿਹਾਰ ਵਿੱਚ ਹੋਵੇ, ਵਿਚਾਰ ਵਿੱਚ ਹੋਵੇ, ਕਿਰਦਾਰ ਵਿੱਚ ਹੋਵੇ, ਨਹੀਂ ਤਾਂ ਭੀੜ ਹੀ ਹੈ। ਪਰ ਜਵੱਦੀ ਦੇ ਇਸ ਸਮਾਗਮ ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਸੀ ਪਰ ਭੀੜ ਕਿਤੇ ਨਹੀਂ ਬਣੀ। ਆਉਣਾ-ਜਾਣਾ ਇੰਝ ਹੀ ਸੀ ਜਿਸ ਤਰ੍ਹਾਂ ਨਾਲੇ ਨਹਿਰਾਂ ਵਿੱਚ, ਨਹਿਰਾਂ ਨਦੀਆਂ ਵਿੱਚ, ਨਦੀਆਂ ਦਰਿਆਵਾਂ ਵਿੱਚ ਤੇ ਦਰਿਆ ਚੁੱਪਚਾਪ ਸਮੁੰਦਰ ਵਿੱਚ ਜਾ ਸਮਾਂਦੇ ਹਨ।

ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਉਹ ਸਾਰੇ ਉੱਤਮਕੋਟੀ ਦੇ ਗਾਇਕ ਤੇ ਸੰਗੀਤਕਾਰ ਸਨ ਪਰ ਗੁਰੂ ਸੰਵਾਰੇ ਗੁਰੂ ਦਰ ਦੇ ਕੀਰਤਨੀਏ, ਗੁਰੂ ਘਰ ਦੇ ਢਾਡੀ ਸੱਤਾ ਜੀ ਤੇ ਬਲਵੰਤ ਜੀ ਦੀ ਵਾਰ ਵਿੱਚ ਦਿੱਤੇ ਹੋਏ ਪਵਿੱਤਰ ਵਿਚਾਰ ਇੱਕ ਵਾਰ ਇੱਥੇ ਫਿਰ ਸਾਕਾਰ ਨਜ਼ਰ ਆਏ, ***ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥*** ਲੰਗਰ ਵਿੱਚ ਸੱਚਮੁੱਚ (9 ਅਕਤੂਬਰ ਨੂੰ ਛੱਡ ਕੇ) ਸਭੇ ਦਿਨ ਰਸਦਾਇਕ ਲੰਗਰ ਦੇ ਨਾਲ ਖੀਰ ਦਾ ਲੰਗਰ ਅਤੁੱਟ ਵਰਤਦਾ ਰਿਹਾ ਪਰ ਜਿਵੇਂ ਆਮ ਇਕਠਾਂ ਵਿੱਚ ਸ਼ਬਦ ਦਾ ਲੰਗਰ ਅਤੁੱਟ ਵਰਤਦਾ ਰਿਹਾ ਪਰ ਜਿਵੇਂ ਆਮ ਇਕੱਠਾਂ ਵਿੱਚ ਸ਼ਬਦ ਦਾ ਲੰਗਰ ਚਲਦਾ ਤਾਂ ਅਰੋਕ, ਅਤੁੱਟ ਤੇ ਲਗਾਤਾਰ ਹੈ ਪਰ ਛਕਦਾ ਕੋਈ-ਕੋਈ ਹੈ।ਇੱਥੇ ***ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥*** ਸ਼ਬਦ ਦਾ ਲੰਗਰ ਵੀ ਅਤੁੱਟ ਵਰਤ ਰਿਹਾ ਸੀ ਸੰਗਤ ਉਸ ਨੂੰ ਮਾਣਦੀ ਖੀਵੀ ਹੁੰਦੀ ਜਾ ਰਹੀ ਸੀ। ਮਾਤਾ ਖ਼ੀਵੀ ਜੀ ਦੇ ਘਿਆਲੀ ਖੀਰ ਵਾਲੇ ਲੰਗਰ ਵਾਂਗ।ਸਦਾ ਰੱਜਿਆ ਗੁਰੂ ਸਿੱਖਾਂ ਨੂੰ ਰੱਜ ਕੇ ਖਵਾ ਰਿਹਾ ਸੀ ਸ਼ਬਦ ਦਾ ਲੰਗਰ।ਖਸਮ ਦੀ ਦਾਤ ਨਿਤ ਸਵਾਈ ਹੋ ਕੇ ਨਿਬੜ ਰਹੀ ਸੀ ਤੇ ਜਾਗਤ ਜੋਤਿ ਦਸਾਂ ਗੁਰੂਆਂ ਦੇ ਆਤਮਿਕ ਸਰੂਪ ਜੁਗੋਜੁਗ ਅਟੱਲ ਕਲਯੁਗ ਦਾ ਬੋਹਿਥ ਸ਼ਬਦਾਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੂਰੀ ਝਲਕਾਰੇ ਅਰਸੋਂ ਨੂਰ ਦੀ ਬਾਰਿਸ਼ ਕਰ ਰਹੇ ਸਨ ਤੇ ਸਾਡੇ ਮਨਾਂ ਦੀ ਮਣਾਂ ਮੂੰਹੀ ਮੈਲ ਧੋਪਦੀ ਜਾ ਰਹੀ ਸੀ। ***ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*** ਖਸਮ ਦੀ ਸਿਫਤ ਜੋ ਹੋ ਰਹੀ ਸੀ ਸੱਚੇ ਪਾਤਸ਼ਾਹ ਦੀ ਸਲਾਹੁਣਾ ਹੋ ਰਹੀ ਸੀ ਤੇ ਸਦਾ ਸਿਫਤ ਸਲਾਹ ਹੀ ਨਾਮ ਮਨ ਵਸਾਂਦੀ ਹੈ।

ਇਸ ਸਾਰੇ ਮਹਾਨ ਉੱਦਮ ਤੇ ਸ਼ਰਧਾ ਸੰਗ ਕੀਤੇ ਸਮਾਗਮ ਦਾ ਇੱਕ ਹੋਰ ਪਿਆਰਾ



ਅੰਗ ਇਹ ਸੀ ਕਿ ਜਿਨ੍ਹਾਂ ਪ੍ਰੇਮੀਆਂ ਨੇ ਵੀ ਇਸ ਵਿੱਚ ਹਿੱਸਾ ਪਾਇਆ ਹੈ, ਭਾਵੇਂ ਗਾਇਨ ਕਰਕੇ, ਵਾਦਨ ਕਰਕੇ, ਸਰੀਰ ਕਰਕੇ। ਉਨ੍ਹਾਂ ਸਾਰੇ ਸਿਫਤੀ ਵਾਲਿਆਂ ਦੀ ਸਿਫ਼ਤ ਵਜੋਂ ਉਨ੍ਹਾਂ ਨੂੰ ਸਨਮਾਨਿਤ, ਪੁਰਸਕਾਰਿਤ ਤੇ ਉਤਸ਼ਾਹਿਤ ਕੀਤਾ ਗਿਆ ਤਾਂ ਜੋ ਇਹ ਲਹਿਰ ਪ੍ਰਬਲ ਹੋ ਕੇ ਸਭਨੀ ਥਾਂਈਂ ਪੁੱਜੇ। ਵਡਿਆਈ ਤਾਂ ਹਰਿ ਜੀ ਦੀ ਹੋਵੇ ਪਰ ਉਹਦੇ ਜਨਾਂ ਦਾ ਜੈ-ਜੈ ਕਾਰ ਹੋਵੇ ਉਨ੍ਹਾਂ ਲਈ ਵੀ ਜੈਕਾਰੇ ਲਾਏ ਜਾਣ। ਐਸਾ ਵਾਤਾਵਰਨ ਤੇ ਸੁਭਾਅ ਬਣ ਜਾਏ ਸਾਡਾ ਕਿ, "***ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ॥***" ਦਾ ਮਹਾਂਵਾਕ ਸਰਬਸਤਿ, ਸੂਬਤਰ ਸੱਚ ਹੋ ਕੇ ਨਿਬੜੇ।

---

• *ਸੁਤਿਗੁਰੂ ਸੱਚੇ ਪਾਤਸ਼ਾਹ ਦੀ ਅਪਾਰ ਕਿਰਪਾ ਨਾਲ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਆਪ ਜੀ ਤੇ ਹੋਰ ਪ੍ਰਬੰਧਕਾਂ ਦੇ ਉੱਦਮ ਨਾਲ ਆਯਜਿਤ ਕੀਤਾ ਗਿਆ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਬੜੀ ਹੀ ਸਫਲਤਾ ਨਾਲ ਸੰਪੂਰਨ ਹੋਇਆ ਹੈ। ਮੈਂ ਇਸ ਸਫਲਤਾ ਲਈ ਆਪ ਜੀ ਅਤੇ ਹੋਰ ਸਿੱਖ ਸੰਗਤਾਂ ਪ੍ਰਤੀ ਹਾਰਦਿਕ ਵਧਾਈ ਭੇਜਦਾ ਹਾਂ। ਮੈਨੂੰ ਪਤਾ ਲੱਗਾ ਹੈ ਕਿ ਆਪ ਜੀ ਨੇ ਇਸ ਹੋਏ ਮਹਾਨ ਸੰਮੇਲਨ ਦੇ ਸਬੰਧ ਵਿੱਚ ਸੋਵੀਨਾਰ ਛਾਪਿਆ ਹੈ। ਇਹ ਹੋਰ ਵੀ ਸ਼ਲਾਘਾਯੋਗ ਉੱਦਮ ਹੈ, ਇਸ ਰਾਹੀਂ ਗੁਰੂ ਘਰ ਦੇ ਸ਼ਰਧਾਲੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਬਾਰੇ ਜਾਣਕਾਰੀ ਮਿਲੇਗੀ।*

*ਸ੍: ਮਨਜੀਤ ਸਿੰਘ*

*ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਸਾਹਿਬ*

---

• *9 ਤੋਂ 13 ਅਕਤੂਬਰ 1991 ਤਕ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਚੜ੍ਹਦੀ ਕਲਾ ਸੰਪੂਰਨਤਾ ਹੋਈ ਹਰ ਇੱਕ ਪਾਸਿਓਂ ਇਸ ਨੂੰ ਪੂਰਨ ਸ਼ਲਾਘਾ ਮਿਲੀ ਹੈ। ਅਸੀਂ ਅਕਾਲ ਪੁਰਖ ਦੇ ਰਿਣੀ ਹਾਂ ਕਿ ਗੁਰੂ ਮਹਾਰਾਜ ਜੀ ਨੇ ਆਪ ਪਾਸੋਂ ਇਹ ਸੇਵਾ ਕਾਰਵਾਈ ਆਪ ਜੀ ਦੀ ਇਸ ਸਮਾਗਮ ਪ੍ਰਤੀ ਸੇਵਾ ਨਾ ਭੁੱਲਣਯੋਗ ਹੈ। ਸਰਬੱਤ ਦਾ ਭਲਾ ..........।*

*ਡਾ: ਚਰਨ ਕਮਲ ਸਿੰਘ*

*ਡਿਪਟੀ ਚੀਫ਼ ਸੈਕਟਰੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ।*

---

• *ਜੋ ਤੁਸੀਂ ਰਾਗ ਪ੍ਰਤੀਯੋਗਤਾ (ਕੀਰਤਨ) ਦਾ ਆਯੋਜਨ ਕੀਤਾ ਹੈ। ਇਹ ਸਭ ਕਾਬਲ ਏ ਤਾਰੀਫ਼ ਹੈ। ਇਸ ਸੰਬੰਧ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਬਰੋਸ਼ਰ ਆਪਣੇ ਆਪ ਵਿੱਚ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਕਿ ਸਾਂਭਣ ਯੋਗ ਹੈ। ਪੰਜਾਬੀ ਲੇਖਕ ਸਭਾ ਦੇ ਸਮੂਹ ਮੈਂਬਰਾਂ ਵੱਲੋਂ ਸ਼ੁਭ ਇਛਾਵਾਂ ਤੇ ਵਧਾਈਆਂ ਕਬੂਲ ਕਰਨੀਆਂ ਜੀ .........*

*ਡਾ: ਮਨਜੀਤ ਸਿੰਘ*

*ਜਨਰਲ ਸਕੱਤਰ ਪੰਜਾਬੀ ਲੇਖਕ ਸਭਾ, ਬੀ-60 ਫਤਿਹ ਨਗਰ, ਨਵੀਂ ਦਿੱਲੀ*

# ਗੁਰਮਤਿ ਸੰਗੀਤ : ਵਿਸ਼ੇਸ਼ ਪ੍ਰਾਪਤੀਆਂ

ਹਰਵਿੰਦਰ ਸਿੰਘ ਦਹੇਲੇ

ਗੁਰੂ ਨਾਨਕ ਦੁਆਰਾ ਵਰੋਸਾਈ ਸੰਗੀਤ ਪ੍ਰੰਪਰਾ ਦਾ ਸਿਧਾਂਤਕ ਤੇ ਵਿਵਹਾਰਕ ਸਰੂਪ ਨਿਰੰਤਰ ਤੌਰ ਤੇ ਮੌਲ ਤੇ ਵਿਗਸ ਰਿਹਾ ਹੈ। 'ਗੁਰ-ਸ਼ਬਦ' ਦੀ ਗਾਇਕ ਪ੍ਰਸਤੁਤੀ ਲਈ ਸਿਰਜਿਆ ਗਿਆ ਸੁਦ੍ਰਿੜ ਤੇ ਸਥਾਪਿਤ 'ਸੁਰ-ਸ਼ਬਦ' ਦਾ ਨਾਦਾਤਮਕ ਸੁਮੇਲ 'ਗੁਰਮਤਿ ਸੰਗੀਤ' ਹੁਣ ਆਪਣੀ ਸੁਤੰਤਰ ਪਹਿਚਾਣ ਲਈ ਕਿਸੇ ਦਾ ਮੁਹਤਾਜ਼ ਨਹੀਂ ਰਿਹਾ। ਭਾਵੇਂ ਵਿਵਹਾਰਕ ਰੂਪ ਵਿੱਚ ਇਸ ਸੰਗੀਤ ਪ੍ਰਵਾਹ ਦੀ ਧਾਰਾ ਨਿਰੰਤਰ ਪ੍ਰਵਤਿ ਰਹੀ ਹੈ ਪਰ ਇਸਦੀ ਪਹਿਚਾਣ ਹਿਤ ਤੁਰੇ ਕਾਫਲੇ ਨੇ ਚਿੰਨ੍ਹ ਉਘਾੜਨ ਤੇ ਨਿਖ਼ਾਰਨ ਵਿੱਚ ਭਰਪੂਰ ਯੋਗਦਾਨ ਪਾਇਆ। ਇਸ ਪ੍ਰੰਪਰਾ ਹਿੱਤ ਕਾਰਜਸ਼ੀਲ ਵਿਦਵਾਨਾਂ, ਸੰਗੀਤ, ਗੁਰਮਤਿ ਸੰਗੀਤ ਪ੍ਰੇਮੀਆਂ ਦਾ ਵਡੇਰਾ ਯੋਗਦਾਨ ਰਿਹਾ ਹੈ। ਵਿਭਿੰਨ ਕੀਰਤਨ ਟਕਸਾਲਾਂ ਨੇ ਸੀਨਾ-ਬ-ਸੀਨਾ ਸਿੱਖਿਆ ਨੂੰ ਆਉਣ ਵਾਲੀ ਪੀੜ੍ਹੀ ਦੇ ਕੰਨਾਂ ਤੇ ਸਿਮਰਤੀਆਂ ਵਿੱਚ ਵਸਾਇਆ ਹੈ ਜਿਸਦਾ ਪ੍ਰਾਰੰਭ ਗੁਰੂ ਸਾਹਿਬਾਨ (ਵਿਸ਼ੇਸ਼ ਗੁਰੂ ਅਰਜਨ ਦੇਵ ਜੀ) ਦੇ ਕਾਲ ਤੋਂ ਹੀ ਹੋ ਚੁੱਕਾ ਸੀ। ਸਾਨੂੰ ਮਾਣ ਹੈ ਕਿ ਸਾਡੀ ਸਦੀ ਦੇ ਸਿੱਖ ਵਾਰਿਸਾਂ ਨੇ ਆਪਣਾ ਮੂਲ ਤੇ ਵਿਰਸਾ ਪਛਾਣਨ ਲਈ ਜਿਹੜੇ-ਜਿਹੜੇ ਵੀ ਹੰਭਲੇ ਮਾਰੇ, ਉਨ੍ਹਾਂ ਵਿੱਚੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਹੋਈਆਂ ਹਨ, ਜਿਨ੍ਹਾਂ ਸਾਂਹਵੇਂ ਨਤ-ਮਸਤਕ ਹੋਣਾ ਸਾਡਾ ਸੁਭਾਗ ਹੈ। ਭਾਈ ਮਰਦਾਨਾ ਤੋਂ ਵਰਤਮਾਨ ਕਾਲ ਦੇ ਸਮੂਹ ਰਾਗੀ, ਰਾਗੀ, ਰਬਾਬੀਆਂ, ਕੀਰਤਨ ਕਰ ਰਹੇ ਟਕਸਾਲੀ-ਉਸਤਾਦਾਂ, ਗੁਰਮਤਿ ਸੰਗੀਤ ਲਿਪੀਕਾਰਾਂ, ਬੰਦਿਸ਼ਕਾਰਾਂ, ਸਾਜ਼ੰਦਿਆਂ ਤੋਂ ਇਲਾਵਾ ਮਹੰਤ ਗੱਜਾ ਸਿੰਘ, ਭਈ ਚਰਨ ਸਿੰਘ, ਭਾਈ ਵੀਰ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਦਾ ਯੋਗਦਾਨ ਵਿਸਾਰਿਆ ਨਹੀਂ ਜਾ ਸਕਦਾ।

ਗੁਰਮਤਿ ਸੰਗੀਤ ਦੇ ਖੋਜਕਾਰਾਂ ਵਿੱਚੋਂ ਗਿਆਨੀ ਗਿਆਨ ਸਿੰਘ ਐਬਟਾਬਾਦ, ਭਾਈ ਜਵਾਲਾ ਸਿੰਘ ਦੀ ਪ੍ਰੰਪਰਾ ਦੇ ਵਾਰਿਸ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਮਤਿ ਸੰਗੀਤਾਚਾਰੀਆ, ਪ੍ਰੋ: ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ: ਦਿਆਲ ਸਿੰਘ ਵਰਗੇ ਗੁਰਮਤਿ ਸੰਗੀਤ ਦੇ ਬੰਧਸ਼ਕਾਰ ਤੇ ਸਵਰ ਲਿਪੀਕਾਰ ਇਸੇ ਪ੍ਰੰਪਰਾ ਦੇ ਚਮਕਦੇ ਅਟੱਲ ਸਿਤਾਰੇ ਹਨ।

ਪਿਛਲੇ ਦਹਾਕੇ ਦੇ ਆਰੰਭ ਵਿੱਚ ਗੁਰਮਤਿ ਸੰਗੀਤ ਇੱਕ ਲਹਿਰ ਦੇ ਰੂਪ ਵਿੱਚ ਪ੍ਰਾਰੰਭ ਹੋਇਆ। ਪੰਜਾਬੀ ਯੂਨੀਵਰਸਿਟੀ ਦੀਆਂ ਪੁਸਤਕਾਂ, ਸੰਗੀਤ ਸੰਮੇਲਨ ਰਿਕਾਰਡਿੰਗਜ਼ ਦੇ ਰੂਪ ਵਿੱਚ ਵਿਸ਼ੇਸ਼ ਯਤਨ ਰਹੇ ਹਨ। 1985 ਵਿੱਚ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਵੱਲੋਂ ਗੁਰਮਤਿ ਸੰਗੀਤ ਤੇ ਵਿਸ਼ਾਲ ਸੈਮੀਨਾਰ ਦੇ ਗਾਇਨ ਸਵ. ਪ੍ਰੋ: ਤਾਰਾ ਸਿੰਘ ਜੀ ਦਾ ਵਿਸ਼ੇਸ਼ ਵਿਖਿਆਨ ਉਨ੍ਹਾਂ ਦੇ ਵਿਦਿਆਰਥੀਆਂ 'ਚੋਂ ਲੇਖਕ ਤੇ ਪ੍ਰੋ: ਜਗਜੀਤ ਕੌਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦਾ ਇੱਕੋ ਬੈਠਕ 'ਚ ਨਿਰੰਤਰ ਗਾਇਨ ਸਾਡੀ ਇੱਕ ਅਹਿਮ ਪ੍ਰਾਪਤੀ ਰਹੀ ਹੈ।

ਇਸੇ ਲੜੀ 'ਚ ਪੰਜਾਬੀ ਯੂਨੀਵਰਸਿਟੀ ਵਿੱਚ ਪਹਿਲਾਂ ਗੁਰਮਤਿ ਸੰਗੀਤ ਸੰਬੰਧੀ ਯੂ.ਜੀ.ਸੀ. ਸੈਮੀਨਾਰ ਇਸ ਵਿਸ਼ੇ ਨੂੰ ਅਕਾਦਮਿਕ ਖੇਤਰ ਵਿੱਚ ਪ੍ਰਵੇਸ਼ ਕਰਾਉਣ ਲਈ ਉੱਤਮ ਪ੍ਰੇਰਕ (catalyst) ਸਾਬਤ ਹੋਇਆ।



ਅਤਿ ਮਹੱਤਵਪੂਰਨ ਇਤਿਹਾਸਿਕ ਉਪਲਬਧੀ ਵਜੋਂ ਗੁਰੂ ਕਿਰਪਾ ਦੁਆਰਾ ਸੰਤ ਬਾਬਾ ਸੁੱਚਾ ਸਿੰਘ ਜੀ ਤੇ ਸਮੂਹ ਸੰਗਤਾਂ ਦੇ ਭਰਪੂਰ ਸਹਿਯੋਗ ਦੁਆਰਾ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' 1991 ਅਤੇ 1992 ਪ੍ਰਕਾਸ਼ ਵਿੱਚ ਆਇਆ। ਵਿਸ਼ਵ ਤੇ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਇਹ ਕ੍ਰਿਸ਼ਮਾ ਵਾਪਰਿਆ ਜਦੋਂ 80 ਤੋਂ ਵਧੇਰੇ ਕੀਰਤਨੀਏ ਰਾਗੀਆਂ ਨੇ ਤੇ ਵਿਸ਼ਵ ਵਿਖਿਆਤ ਸੰਗੀਤਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਕਾਰਾਂ, ਗਾਇਨ ਰੂਪਾਂ ਦਾ ਸ਼ੁੱਧ ਗੁਰਮਤਿ ਸੰਗੀਤਕ ਅੰਦਾਜ਼ ਵਿੱਚ ਗਾਇਨ ਕੀਤਾ। ਇਸ ਅਵਸਰ ਤੇ ਗੁਰਮਤਿ ਸੰਗੀਤ ਸੈਮੀਨਾਰ ਤੋਂ ਇਲਾਵਾ ਪ੍ਰਿੰ: ਸਤਿਬੀਰ ਸਿੰਘ ਸ: ਅਮਰਜੀਤ ਸਿੰਘ ਗਰੇਵਾਲ, ਡਾ: ਗੁਰਮੀਤ ਸਿੰਘ ਅਟਵਾਲ, ਡਾ: ਗੁਰਨਾਮ ਸਿੰਘ ਦੇ ਉੱਦਮਾਂ ਨਾਲ 'ਵਿਸਮਾਦੁ ਨਾਦ' ਪੱਤ੍ਰਿਕਾ ਦਾ ਆਰੰਭ ਪ੍ਰਾਪਤੀਆਂ ਦੀ ਵਿਸ਼ੇਸ਼ ਕੜੀ ਸੀ, ਜਿਸਦਾ 'ਗੁਰਮਤਿ ਸੰਗੀਤ' ਵਿਸ਼ੇਸ਼ ਅੰਕ 'ਤੇ 'ਸ਼ਬਦ-ਵਿਸ਼ੇਸ਼ ਅੰਕ' ਕਿਸੇ ਪਹਿਚਾਣ ਜਾਂ ਪ੍ਰਸੰਸਾ ਦਾ ਮੁਹਥਾਜ ਨਹੀਂ। ਉਪਰੋਕਤ ਯਤਨਾਂ ਦੇ ਸਿੱਟੇ ਵਜੋਂ ਵਿਸ਼ੇਸ਼ ਉਪਲਬਧੀਆਂ ਸੁਨਹਿਰੀ ਅੱਖਰਾਂ ਵਿੱਚ ਲਿਖੀਆਂ ਜਾਣ ਵਾਲੀਆਂ ਹਨ:

1 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10+1 ਤੇ 10+2 ਵਿੱਚ ਗੁਰਮਤਿ ਸੰਗੀਤ (ਗੁਰਬਾਣੀ ਸੰਗੀਤ) ਨੂੰ ਵਿਸ਼ੇ ਵਜੋਂ ਲਾਗੂ ਕਰਨ ਵਿੱਚ ਸਫਲ ਰਹੇ।

2 ਪੰਜਾਬੀ ਯੂਨੀਵਰਸਿਟੀ ਵਿੱਚ ਡਾ: ਜੋਗਿੰਦਰ ਸਿੰਘ ਪੁਆਰ ਤੇ ਡਾ: ਗੁਰਨਾਮ ਸਿੰਘ ਨੇ ਸਮੂਹ ਗੁਰਮਤਿ ਸੰਗੀਤ ਪ੍ਰੇਮੀਆਂ ਦੇ ਉੱਦਮਾਂ ਤੇ ਸਹਿਯੋਗ ਨਾਲ ਸਿੰਡੀਕੇਟ 'ਚੋਂ ਪ੍ਰਵਾਨਗੀ ਲਈ।

3 ਇਸ ਸਦੀ ਦੀ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਹੋਰ ਵਿਸ਼ੇਸ਼ ਪ੍ਰਾਪਤੀ ਪ੍ਰੋ. ਗੁਰਦੀਪ ਸਿੰਘ ਰੰਧਾਵਾ ਵਾਈਸ ਚਾਂਸਲਰ ਦੀ ਸਰਪ੍ਰਸਤੀ ਅਧੀਨ ਡਾ: ਗੁਰਨਾਮ ਸਿੰਘ, ਪ੍ਰੋ: ਜਗਜੀਤ ਕੌਰ, ਡਾ: ਐੱਸ. ਪੀ. ਸਿੰਘ ਵਰਗੇ ਸੁਹਿਰਦ ਵਿਅਕਤੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਾਠ ਕ੍ਰਮ ਦਾ ਅਨਿੱਖੜ ਅੰਗ ਬਣਾਇਆ, ਜਿਸ ਵਿੱਚ ਬੀ.ਏ. ਤੇ ਐਮ.ਏ. ਦੇ ਪਾਠਕ੍ਰਮ ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਤੇ ਲਾਜ਼ਮੀ ਸਥਾਨ ਦਿੱਤਾ ਗਿਆ ਹੈ।

4 ਸੰਗੀਤ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਈ ਗਈ "ਗੁਰਮਤਿ ਸੰਗੀਤ ਟੀਚਿੰਗ ਵਰਕਸ਼ਾਪ' ਵਿੱਚ ਸੰਗੀਤ ਅਧਿਆਪਕਾਵਾਂ, ਵਿਦਵਾਨਾਂ, ਗੁਰਮਤਿ ਸੰਗੀਤ ਪ੍ਰੇਮੀਆਂ ਦੇ ਭਰਪੂਰ ਹੁੰਗਾਰੇ ਨੇ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਅਕਾਦਮਿਕ ਪ੍ਰਵਾਨਗੀ ਦੇ ਪ੍ਰਮਾਣਿਕਤਾ ਦੀ ਮੋਹਰ ਲਗਾਈ!

5 ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅੰਮ੍ਰਿਤ ਕੀਰਤਨ (ਆਨਰੇਰੀ ਸੰਪਾਦਕ ਡਾ: ਜਗੀਰ ਸਿੰਘ) ਵਿਸਮਾਦੁ ਨਾਦ (ਅਮਰਜੀਤ ਸਿੰਘ,) ਗੁਰਮਤਿ ਸੰਗੀਤ ਸੰਦਰਭ ਕੋਸ਼ (ਸੰਪਾਦਕ ਡਾ: ਗੁਰਨਾਮ ਸਿੰਘ ਤੇ ਪ੍ਰੋ: ਜਗਜੀਤ ਕੌਰ) ਵੱਲੋਂ ਤਿਆਰ ਹੋ ਰਿਹਾ ਅਧਿਐਨ-ਅਧਿਆਪਕ ਖੋਜ ਖ਼ਜ਼ਾਨਾ ਆਕਰਸ਼ਕ ਚਾਹੁੰਦਾ ਹੈ।

6 ਇਸੇ ਵਿਸ਼ੇ 'ਤੇ ਐਮ.ਫਿਲ., ਪੀ.ਐੱਚ.ਡੀ. ਕਰ ਰਹੇ ਵਿਦਿਆਰਥੀ ਤੁਹਾਡੀ ਪ੍ਰਸੰਸਾ ਦੇ ਹੱਕਦਾਰ ਹਨ।

7 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਪ੍ਰਿੰ: ਸਤਿਬੀਰ ਸਿੰਘ, ਮਨਜੀਤ ਸਿੰਘ ਕਲਕੱਤਾ ਤੇ ਸਿੰਘ ਸਾਹਿਬ ਜਥੇਦਾਰ ਪ੍ਰੋ: ਮਨਜੀਤ

ਸਿੰਘ ਜੀ ਗੁਰਮਤਿ ਸੰਗੀਤ ਅਕੈਡਮੀ, ਗੁਰਮਤਿ ਸੰਗੀਤ ਸੰਗ੍ਰਹਿਾਲਿਆ, ਗੁਰਮਤਿ ਸੰਗੀਤ ਵਜ਼ੀਫਿਆਂ, ਤੰਤੀ ਸਾਜ਼ਾਂ ਦੇ ਪ੍ਰਚੱਲਨ ਤੇ ਕੀਰਤਨ ਚੌਂਕੀਆਂ ਦੀ ਪ੍ਰਸਤੁਤੀ ਨੂੰ ਪੁਨਰ-ਸੁਰਜੀਤ ਕਰਨ ਲਈ ਕਾਰਜਸ਼ੀਲ ਹਨ, ਖੁਸ਼ੀ ਹੈ!

8 ਗੁਰਮਤਿ ਸੰਗੀਤ ਸੰਬੰਧੀ ਯਤਨਾਂ ਨੂੰ ਭਰਪੂਰ ਸਹਿਯੋਗ, ਸਮਰਥਨ ਤੇ ਸੁਦ੍ਰਿੜ੍ਹਤਾ ਪ੍ਰਦਾਨ ਕਰਨ ਲਈ ਸੰਤ ਬਾਬਾ ਸੁੱਚਾ ਸਿੰਘ ਜੀ, 'ਵਿਸਮਾਦੁ ਨਾਦ' ਗੁਰਦੁਆਰਾ ਗੁਰੁ ਗਿਆਨ ਪ੍ਰਕਾਸ਼ ਦੀਆਂ ਸਮੂਹ ਸੰਗਤਾਂ ਤਤਪਰ ਤੇ ਵਚਨਬੱਧ ਹਨ।

ਪਰ ਅਜੇ ਅਸੀਂ ਬਹੁਤ ਥੋੜ੍ਹਾ ਕੀਤਾ ਹੈ। ਇਹ ਬਹੁਤ ਪ੍ਰਾਪਤੀ ਉਸ ਅਖੁੱਟ ਖ਼ਜ਼ਾਨੇ ਸਾਹਵੇਂ ਕਾਫੀ ਅਲਪ ਹੈ, ਅਜੇ ਵੀ ਤਨ, ਮਨ, ਧਨ ਨਾਲ ਸੇਵਾ, ਸ਼ਿਰਕਤ, ਸਹਿਯੋਗ ਦੀ ਅਤਿ ਲੋੜ ਹੈ। ***(ਧੰਨਵਾਦ ਸਹਿਤ, ਚੜ੍ਹਦੀ ਕਲਾ: 5 ਨਵੰਬਰ, 1993)***

## All religion seminar from Nov 5

Indian Express: 2 Nov., 1993

An all religion seminar on the contribution of Guru Granth Sahib to humanity will be held at gurdwara Gur Gian Parkash from Nov. 5 to 7.

Noted journalist Kuldip Nayar will inagurate the seminar in which about 100 scholars of all religions, sects and from various universities across the country shall participate.

Swami Ram from the International Yoga Science and Philosophy Institute, United States who translated the holy granth into English, Swami Bhavhar Anand, head of the Ramakrishna Mission at Bombay, Aryavansh Nayakl Mahantheru, president of the Maha Budhist Society, Khwaja Hasan Sani Nizami, a descendent of Baba Farid, Lama Dobum Tulku, who is second to Dalai Lama, Swami Indervesh Bishop Anand C. Lal and Swami Keerti of Osho International will be the main speakers during the seminar, said Baba Sucha Singh, the organiser.

Delhi University, Jawahar Lal Nehru University, Punjab University, Punjabi University, Guru Nanak Dev university, Punjab Agricultural University, Kurukshetra University and several other universities and organisations having chairs on religion would be sending their scholars for participation. The seminar would only be a part of the third Aduti Gur Shabad Sangeet Sammelan being held here in which a total of about ten lakh persons of all faiths are expected to participate as in previous years.

Over 40 ragis of calibre would recite Gurbani Kirtan in classical ragas during the sammelan. Elaborate arrangements for the function, including food and stay of lakhs of people are being made. About 5000 volunteers would be on duty to look after these arrangements.



# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-96

ਡਾ: ਜਤਿੰਦਰਪਾਲ ਸਿੰਘ ਜੌਲੀ

ਅੱਜ ਇਸ ਗੱਲ ਦੀ ਬੜੀ ਤੀਬਰਤਾ ਨਾਲ ਲੋੜ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਨੂੰ ਉਨ੍ਹਾਂ ਨਿਰਧਾਰਤ ਰਾਗਾਂ ਵਿੱਚ ਹੀ ਗਾਇਆ ਤੇ ਸੁਣਿਆ ਜਾਵੇ, ਜਿਨ੍ਹਾ ਰਾਗਾਂ ਵਿੱਚ ਗੁਰੂ ਸਾਹਿਬਾਨ ਨੇ ਉਨ੍ਹਾਂ ਸ਼ਬਦਾਂ ਨੂੰ ਖੁਦ ਉਲੀਕਿਆ ਤੇ ਗਾਵਿਆ ਹੈ।

ਸੰਤ ਬਾਬਾ ਸੁੱਚਾ ਸਿੰਘ ਇਸ ਕਾਰਜ ਨੂੰ ਨੇਪਰੇ ਚਾੜ੍ਹ ਕੇ ਰੱਬ ਸੱਚੇ ਦੀ ਸੱਚੀ-ਸੁੱਚੀ ਖੁਸ਼ੀ ਹਾਸਲ ਕਰਕੇ, ਨਦਰੀ ਨਦਰਿ ਨਿਹਾਲ ਹੋ ਅਤੇ ਕਰ ਰਹੇ ਹਨ। ਨਿਰਸੰਦੇਹ ਇਹ ਇੱਕ ਸ਼ਲਾਘਾਯੋਗ ਉੱਦਮ ਹੈ ਕਿ 'ਰੱਬ ਦੇ ਗੀਤ ਉਸੇ ਦੀ ਪ੍ਰੀਤ ਧੁਨ ਵਿੱਚ ਗਾਏ ਜਾਣ। ਸੰਸਾਰਕ ਤੇ ਵਿਉਪਾਰਕ ਧੁਨਾਂ ਵਿੱਚ ਨਹੀਂ।

ਉਪਰੋਕਤ ਵਿਚਾਰ ਚਰਚਾ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਬੀਤੇ ਦਿਨੀਂ ਆਯੋਜਿਤ ਹੋਏ 'ਛੇਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਵਿੱਚ ਕਹੇ। ਇਸੇ ਸਮਾਗਮ ਵਿੱਚ ਆਪਣੇ ਵਿਚਾਰ ਰੱਖਦਿਆਂ ਸਿੰਘ ਸਾਹਿਬ ਭਾਈ ਹਰਭਜਨ ਸਿੰਘ ਖਾਲਸਾ (ਯੋਗੀ) ਜੀ ਨੇ ਕਿਹਾ ਕਿ ***ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਨਿਰਧਾਰਿਤ ਰਾਗਾਂ ਵਿੱਚ ਬਾਣੀ ਗਾਇਨ ਕਰਨ ਦੀ ਪਰੰਪਰਾ ਨੂੰ ਪੁਨਰ-ਸੁਰਜੀਤ ਕਰਕੇ ਸਿੱਖ ਕੌਮ ਨੂੰ ਪੁਨਰ-ਜਾਗ੍ਰਿਤ ਕਰਨ ਦਾ ਜੋ ਵਿਸ਼ੇਸ਼ ਉੱਦਮ ਹੋ ਰਿਹਾ ਹੈ, ਇਸ ਦੀ ਜਿੰਨੀ ਪ੍ਰਸੰਸ਼ਾ ਕੀਤੀ ਜਾਵੇ, ਥੋੜ੍ਹੀ ਹੈ। ਸੌ ਦੇ ਕਰੀਬ ਅਮਰੀਕਨ ਸਿੰਘਾਂ ਨਾਲ ਉਚੇਚੇ ਤੌਰ 'ਤੇ ਅਮਰੀਕਾ ਤੋਂ ਆ ਕੇ ਇਸ ਸੰਮੇਲਨ ਵਿੱਚ ਸ਼ਾਮਿਲ ਹੋਣ ਵਾਲੇ ਸਿੰਘ ਸਾਹਿਬ ਨੇ ਬੜੇ ਭਾਵੁਕ ਅੰਦਾਜ਼ ਵਿੱਚ ਸਿੱਖ ਰਹੁ-ਰੀਤਾਂ ਦੀ ਗੱਲ ਕਰਦਿਆਂ ਕਿਹਾ ਕਿ ਖਾਲਸਾ ਪੰਥ ਧੰਨਤਾ ਦੇ ਯੋਗ ਹੈ, ਜਿਹੜਾ ਗੁਰੂ ਦੀਆਂ ਅਪਾਰ ਬਖ਼ਸ਼ਿਸ਼ਾਂ ਤੇ ਰਹਿਤ ਮਰਿਯਾਦਾ ਦੀ ਨਿਵੇਕਲੀ ਅਮੀਰੀ ਨਾਲ ਮਾਲਾਮਾਲ ਹੈ ਪਰ ਉਸ ਵੱਲੋਂ ਆਪਣੇ ਇਸ ਅਮੀਰ ਵਿਰਸੇ ਨੂੰ ਭੁੱਲਣਾ, ਉਹਦੀ ਬੌਧਿਕ ਗਰੀਬੀ ਦਾ ਪ੍ਰਗਟਾਵਾ ਹੈ।*** ਉਨ੍ਹਾਂ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਅਪੀਲ ਕੀਤੀ ਕਿ ਓਹ ਆਉਂਦੇ ਸਮੇਂ ਵਿੱਚ ਪੱਛਮੀ ਮੁਲਕਾਂ ਵਿੱਚ ਵਸਦੇ ਗੁਰਸਿੱਖਾਂ ਨੂੰ ਵੀ ਅਦੁੱਤੀ-ਸੰਗੀਤ ਦੇ ਇਸ ਵਿਰਸੇ ਨਾਲ ਜੋੜਨ ਅਤੇ ਅਗਲਾ ਸੰਗੀਤ ਸੰਮੇਲਨ ਅਮਰੀਕਾ ਵਿੱਚ ਆਯੋਜਿਤ ਕਰਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਗੁਰਤਾ-ਗੱਦੀ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਦਿਹਾੜਿਆਂ ਦੌਰਾਨ ਫੈਲੇ ਇਸ ਪੰਜ-ਰੋਜ਼ਾ ਸੰਮੇਲਨ ਦਾ ਆਰੰਭ ਪੰਜ ਪਿਆਰਿਆਂ ਵੱਲੋਂ ਕੀਤੀ ਅਰਦਾਸ ਨਾਲ ਹੋਇਆ।

ਨਿਰਧਾਰਤ ਸਮੇਂ ਦੌਰਾਨ ਨਿਰਧਾਰਤ ਰਾਗਾਂ ਵਿੱਚ ਗਾਏ ਸ਼ਬਦਾਂ ਦੇ ਇਸ ਪੰਜ-ਰੋਜ਼ਾ ਸੰਮੇਲਨ ਦਾ ਇੱਕ ਦਿਨ ਸਿਰਫ ਸ੍ਰੀ ਦਸਮ ਗ੍ਰੰਥ ਬਾਣੀ ਦੇ ਗਾਇਨ ਨੂੰ ਸਮਰਪਿਤ ਹੋਇਆ, ਜਿਸ ਵਿੱਚ ਪ੍ਰੋ: ਪਿਆਰਾ ਸਿੰਘ ਪਦਮ, ਡਾ: ਜੋਧ ਸਿੰਘ ਤੇ ਡਾ: ਧਰਮ ਸਿੰਘ 'ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸ੍ਰੀ ਦਸਮ ਗ੍ਰੰਥ ਬਾਬਤ ਵੀ ਵਿਚਾਰ-ਵਟਾਂਦਰਾ ਕੀਤਾ। ਜਤਿੰਦਰਪਾਲ ਸਿੰਘ ਜੌਲੀ, ਗਿ: ਭਾਈ ਸਾਹਿਬ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ, ਗਿ: ਅਮੀਰ ਸਿੰਘ, ਡਾ: ਬੀ.ਐੱਸ. ਰਤਨ, ਦਿੱਲੀ ਅਤੇ ਭਾਈ ਬਖਸ਼ੀਸ਼ ਸਿੰਘ

ਨੰਦੇੜ ਨੇ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਦੀ ਸਟੇਜ ਸੇਵਾ ਭਾਈ ਗੁਰਚਰਨ ਸਿੰਘ ਸੰਘਾ, ਸੰਪਾਦਕ 'ਸੱਚਖੰਡ ਪੱਤਰ' ਨੰਦੇੜ ਨੇ ਨਿਭਾਈ।

ਹਿੰਦੁਸਤਾਨ ਦੇ ਸੰਗੀਤ ਸਮਰਾਟ ਸਿੰਘ ਬੰਧੂ, ਭਾਈ ਤੇਜਪਾਲ ਸਿੰਘ ਤੇ ਸੁਰਿੰਦਰ ਸਿੰਘ ਤੋਂ ਇਲਾਵਾ ਦਿੱਲੀ ਤੋਂ ਭਾਈ ਬਲਜੀਤ ਸਿੰਘ, ਗੁਰਮੀਤ ਸਿੰਘ (ਦਿੱਲੀ), ਬੀਬੀ ਜਸਵਿੰਦਰ ਕੌਰ (ਦਿੱਲੀ), ਭਾਈ ਬਲਬੀਰ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਨਰਿੰਦਰ ਸਿੰਘ ਅੰਮ੍ਰਿਤਸਰ, ਭਾਈ ਸਰਬਜੀਤ ਸਿੰਘ ਰੰਗੀਲਾ (ਦੁਰਗ), ਸੰਤ ਨਿਰਮਲ ਸਿੰਘ (ਹਾਪੁੜ), ਭਾਈ ਗੁਰਦੇਵ ਸਿੰਘ (ਆਸਟ੍ਰੇਲੀਆ), ਪ੍ਰੋ: ਕਰਤਾਰ ਸਿੰਘ ਲੁਧਿਆਣਾ, ਭਾਈ ਗੁਰਵਿੰਦਰ ਪਾਲ ਸਿੰਘ, ਭਾਈ ਸੁਖਵੰਤ ਸਿੰਘ (ਜਵੱਦੀ ਕਲਾਂ), ਭਾਈ ਇੰਦਰਜੀਤ ਸਿੰਘ ਨੂਰ (ਦਿੱਲੀ), ਸੰਤ ਸਤਿਨਾਮ ਸਿੰਘ (ਜਲੰਧਰ), ਪ੍ਰੋ: ਕੁਲਵਿੰਦਰ ਸਿੰਘ (ਜਲੰਧਰ), ਪਿਆਰਾ ਸਿੰਘ ਪਦਮ ਗੁਹਾਟੀ, ਭਾ: ਕੁਲਜੀਤ ਸਿੰਘ, ਭਾ: ਗੁਰਚਰਨ ਸਿੰਘ (ਬਟਾਲਾ), ਗਿ: ਰਾਜਿੰਦਰ ਸਿੰਘ (ਲੁਧਿਆਣਾ), ਸ: ਦਲਬੀਰ ਸਿੰਘ (ਬੰਬਈ), ਸ੍ਰ: ਬਲਬੀਰ ਸਿੰਘ ਪ੍ਰ: ਗੁ: ਨਾਨਕ ਝੀਰਾ (ਹੈਦਰਾਬਾਦ), ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਭਾਈ ਰਾਜਿੰਦਰ ਸਿੰਘ ਤੇ ਬੀਬੀ ਗੁਰਪ੍ਰੀਤ ਕੌਰ ਨੰਦੇੜ ਤੋਂ ਇਲਾਵਾ ਸਥਾਨਕ ਕਲਾਕਾਰ ਪ੍ਰੋ: ਸ੍ਰੀ ਸ਼ਾਮ ਗੂੰਜਕਰ ਨੇ ਵੀ ਨਿਰਧਾਰਤ ਰਾਗਾਂ ਵਿਚਲੇ ਕੀਰਤਨ ਦਰਬਾਰ ਵਿੱਚ ਸ਼ਮੂਲੀਅਤ ਕੀਤੀ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵੱਲੋਂ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਅਤੇ ਯੋਗੀ ਹਰਭਜਨ ਸਿੰਘ ਖਾਲਸਾ ਨੂੰ ਸਨਮਾਨਿਤ ਕਰਨ ਤੋਂ ਇਲਾਵਾ ਸਮੂਹ ਪ੍ਰਚਾਰਕਾਂ ਅਤੇ ਰਾਗੀ ਜਥਿਆਂ ਨੂੰ ਵੀ ਸਿਰੋਪਾਓ, ਦੁਸ਼ਾਲੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਵੇਕਲੀ ਪੇਂਟਿੰਗ ਅਤੇ ਹੋਰ ਭੇਟਾਵਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਸੱਚਖੰਡ ਬੋਰਡ ਨੇ ਸ੍ਰੀ ਹਜ਼ੂਰ ਸਾਹਿਬ ਦੀ ਪਾਵਨ ਧਰਤੀ ਉੱਤੇ ਪਹਿਲੀ ਵਾਰ ਨਿਰਧਾਰਤ ਰਾਗਾਂ ਵਿੱਚ ਆਯੋਜਨ ਹੋਏ ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸੰਯੋਜਕ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਤਖ਼ਤ ਸਾਹਿਬ ਅੰਤਰ ਪੂਰਨ ਮਰਿਯਾਦਾ ਅਨੁਸਾਰ ਸਨਮਾਨਿਤ ਕਰਦਿਆਂ ਪੰਜ ਸ਼ਸਤਰ: ਸ੍ਰੀ ਸਾਹਿਬ, ਤੀਰ, ਖੰਡਾ, ਚੱਕਰ ਅਤੇ ਕਟਾਰ ਬਖ਼ਸ਼ਿਸ ਕੀਤੇ। ***(ਧੰਨਵਾਦ ਸਹਿਤ, ਅਜੀਤ: 10 ਜਨਵਰੀ, 1997)***

ਛਾਪਕ ਤੇ ਪ੍ਰਕਾਸ਼ਕ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਸਵਾਮੀ ਪ੍ਰਿੰਟਰਜ਼ ਹੈਬੋਵਾਲ, ਲੁਧਿਆਣਾ ਤੋਂ ਛਪਵਾ ਕੇ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਜਵੱਦੀ ਟਕਸਾਲ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ। ਦਸੰਬਰ 2006-ਜਨਵਰੀ 2007



# ਗੁਰਮਤਿ ਦੇ ਖੋਜ ਕੇਂਦਰ ਵਜੋਂ ਉੱਭਰਿਆ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼

ਚਰਨਜੀਤ ਸਿੰਘ ਸਲੂਜਾ

ਗੱਲ ਪਿੰਡ ਜਵੱਦੀ ਦੀ ਹੈ। ਸਨਅਤੀ ਸਹਿਰ ਲੁਧਿਆਣੇ ਦੇ ਮੌਲ ਰਹੇ ਅੰਗਾਂ ਵਿੱਚ ਸੰਮਿਲਤ ਹੋ ਰਿਹਾ ਪੁਰਾਤਨ ਘੁੱਗ ਵਸਦਾ ਜਵੱਦੀ ਪਿੰਡ। ਸ਼ਾਇਦ ਕੇਵਲ ਏਸੇ ਹੀ ਪਿੰਡ ਨੂੰ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ' ਵਾਲਾ ਪਿੰਡ ਕਹਿਲਾਉਣ ਦਾ ਮਾਣ ਪ੍ਰਾਪਤ ਹੋਇਆ ਹੈ। ਸਮੁੱਚੇ ਪੰਜਾਬ ਜਾਂ ਕੇਵਲ ਹਿੰਦੁਸਤਾਨ ਹੀ ਨਹੀਂ, ਬਲਕਿ ਪਰਦੇਸਾਂ ਤੋਂ ਆਉਣ ਵਾਲੀ ਸੰਗਤ ਵੀ 'ਅਦੁੱਤੀ ਸੰਮੇਲਨ' ਵਾਲੇ ਪਿੰਡ ਦਾ ਸਿਰਨਾਵਾਂ ਪੁੱਛ ਕੇ ਇੱਥੇ ਪਹੁੰਚ ਜਾਂਦੀ ਹੈ। ਪਹੁੰਚੇ ਵੀ ਕਿਉਂ ਨਾ? ਜਿਸ ਪਿੰਡ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਵੇ ਅਤੇ ਜਿੱਥੇ ਗੁਰੂ ਸਾਹਿਬ ਦੇ ਅਨਿੰਨ ਸੇਵਕ ਭਾਈ 'ਜਵੰਦਾ' ਜੀ ਟਿਕੇ ਹੋਣ, ਕਿਵੇਂ ਸੰਸਾਰਕ ਖਾਕੇ ਵਿੱਚ ਵਿਸ਼ੇਸ਼ ਰੂਪ 'ਚ ਨਾ ਉੱਘੜੇ ਉਹ ਅਸਥਾਨ? ***'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥'*** ਕੀ ਹੋਇਆ ਜੇ ਰਾਮਰਈਆਂ ਦੇ ਅਧਰਮੀ ਪ੍ਰਚਾਰ ਅਤੇ ਮੁਗਲਾਂ ਦੇ ਤਸ਼ੱਦਦ ਨੇ ਜੱਸੋਵਾਲ, ਜਸਪਾਲਾਂ ਅਤੇ ਜਵੱਦੀ ਦੇ ਕੁਝ ਅਣਮੱਤੀ ਲੋਕਾਂ ਨੂੰ ਸਿੱਖੀ ਦੇ ਅਗਾਧ ਬੋਧ ਸਮੁੰਦਰ ਵਿੱਚ ਚੁੱਭੀ ਲਾ ਕੇ ਮਨ ਪਵਿੱਤਰ ਕਰਨ ਤੋਂ ਕੁਝ ਸਮੇਂ ਲਈ ਰੋਕੀਂ ਰੱਖਿਆ, ਪਰ ਹੁਣ ਇਸੇ ਹੀ ਇਲਾਕੇ ਦੇ ਲੋਕ ਦੁਨੀਆਂ ਭਰ ਦੀ ਵਿਦਵਤਾ, ਗੁਰਮਤਿ, ਬਾਣੀ ਤੇ ਬਾਣੇ ਦੀ ਪ੍ਰਪੱਕਤਾ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਦੀਆਂ ਬੂੰਦਾਂ ਦੀ ਛਹਿਬਰ ਨਾਲ ਆਪਣਾ ਜੀਵਨ ਹੀ ਸਰਸ਼ਾਰ ਨਹੀਂ ਕਰ ਰਹੇ, ਬਲਕਿ ਸਮੁੱਚੀ ਲੋਕਾਈ ਲਈ ਵੀ ਪ੍ਰੇਰਨਾ ਸ੍ਰੋਤ ਬਣ ਰਹੇ ਹਨ।

ਜਵੱਦੀ ਪਿੰਡ ਦੀ ਖੱਬੀ ਵੱਖੀ 'ਤੇ ਗੋਬਿੰਦ ਸਾਗਰ ਵਿੱਚੋਂ ਨਿਕਲੀ ਪਾਣੀ ਦੀ ਵਚਿੱਤਰ ਨਹਿਰ ਦੀ ਨਿਰੰਤਰ ਮੰਦ-ਮੰਦ ਵਗ ਰਹੀ ਹੈ ਅਤੇ ਸੱਜੀ ਵੱਖੀ ਤੋਂ ਗੁਰ-ਗਿਆਨ ਪ੍ਰਕਾਸ਼ ਸਾਗਰ ਵਿਚੋਂ ਨਿਕਲੀ ਇਲਾਹੀ ਬਾਣੀ ਦੀ ਪਵਿੱਤਰ ਲਹਿਰ ਰੂਪੀ ਗੰਗਾ ਵੀ ਇਸਦੇ ਸੰਗ ਵਗ ਰਹੀ ਹੈ।ਮਸ਼ਹੂਰ ਪੱਖੋਵਾਲ ਰੋਡ ਅਖਵਾਉਂਦੀ ਕਿਤੇ ਸਿੱਧੀ ਤੇ ਕਿਤੇ ਛੋਟੇ-ਮੋਟੇ ਵਲ ਖਾਂਦੀ ਪੱਕੀ ਲੁਕ ਵਾਲੀ ਸੜਕ 'ਤੇ ਤੁਰਦਿਆਂ ਨਹਿਰ ਦਾ ਪੁਲ ਪਾਰ ਕਰ ਲਉ। ਨਹਿਰ ਦੇ ਨਾਲ-ਨਾਲ ਜਵੱਦੀ ਪਿੰਡ ਦੇ ਉੱਚੇ-ਨੀਵੇਂ ਹਰੇ-ਹਰੇ ਅਤੇ ਰਿਜ਼ਕ ਨਾਲ ਭਰੇ ਖੇਤਾਂ ਦਾ ਨਿਪਟਾਰਾ ਕਰ ਕੇ ਪਿੰਡ ਦੀਆਂ ਪੱਕੀਆਂ ਗਲੀਆਂ ਵਿੱਚ ਪੈਰ ਧਰ ਲਵੋ, ਅੱਗੇ-ਅੱਗੇ ਅਤੇ ਹੋਰ ਵਧਦੇ ਜਾਉ।ਕੇਵਲ ਦਸ-ਪੰਦਰਾਂ ਵਿੱਚ ਹੀ ਕੁਝ ਗਲੀਆਂ ਤੇ ਮੋੜ ਕੱਟ ਕੇ ਆਖਰਕਾਰ ਏਕੜਾਂ ਵਿੱਚ ਫੈਲੇ ਨਿਵਾਣ ਦੇ ਐਨ ਮੱਧ ਵਿੱਚ ਧੁਰ ਅਕਾਸ਼ ਵਿੱਚ ਝੂਲਦੇ ਨਿਸ਼ਾਨ ਸਾਹਿਬ ਦੀ ਨੂਰਾਨੀ ਝਲਕ ਦੇਖ ਪਾਉਗੇ ਤੇ ਕੁਝ ਹੀ ਪਲਾਂ ਵਿੱਚ ਜਿਸ ਦਵਾਰੇ ਦੀ ਸਰਦਲ ਉੱਤੇ ਆਪਣਾ ਮਸਤਕ ਝੁਕਿਆ ਹੋਇਆ ਪਾਉਗੇ, ਉਹੀ ਹੈ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਜਿੱਥੇ ਗੁਰਮਤਿ ਰੂਪੀ ਵਿੱਦਿਆ ਦਾ ਗਿਆਨ ਪ੍ਰਕਾਸ਼ ਹੈ।

ਮਾਲਵੇ ਨੂੰ ਉਂਝ ਵੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੀਆਂ ਖਾਸ ਬਖ਼ਸ਼ਿਸ਼ਾਂ ਹਨ। ਇਸੇ ਲਈ ਇਸ ਨੂੰ 'ਗੁਰੂ ਕਾ ਮਾਲਵਾ' ਕਰਕੇ ਜਾਣਿਆ ਜਾਂਦਾ ਹੈ। ਪੱਖ ਤੋਂ ਰਹਿਤ ਬਜ਼ੁਰਗਾਂ ਦਾ ਅਖਾਣ ਹੈ "ਸਰਦਾਰ ਮਾਝਾ-ਸੰਤ ਮਾਲਵਾ।" ਗੁਰੂ ਕਾ ਮਾਲਵਾ ਮੁੱਢ ਤੋਂ ਹੀ ਧਰਮ ਪਰਾਇਣ, ਬ੍ਰਹਮ-ਗਿਆਨੀਆਂ, ਵਿਦਵਾਨਾਂ, ਸੰਤਾਂ, ਮਹੰਤਾਂ, ਜੋਧਿਆਂ,

ਸੂਰਬੀਰਾਂ, ਧੀਰਜਵਾਨਾਂ, ਬਲਵਾਨਾਂ, ਨੀਤੀ-ਪੁਰਸ਼ਾਂ, ਹਰਿ-ਪ੍ਰਸਤਾਂ, ਅਣਖੀਲਿਆਂ, ਸੱਭਿਆਚਾਰੀਆਂ, ਰਿਸ਼ੀਆਂ, ਸ਼ਸਤਰਕਾਰਾਂ, ਫਿਲਾਸਫਰਾਂ, ਲਿਖਾਰੀਆਂ, ਸ੍ਰੀ ਮਾਨਾਂ, ਰਾਜ ਪੁਰਸ਼ਾਂ, ਦਾਨੀਆਂ, ਆਪਾ ਵਾਰਨ ਵਾਲਿਆਂ ਤੋਂ ਇਲਾਵਾ ਸੱਭਯ ਸੰਸਾਰ ਦੀਆਂ ਸਮੂਹ ਜਾਤੀਆਂ ਤੇ ਰੁਚੀਆਂ ਦੀ ਆਦਿ ਭੂਮੀ ਰਿਹਾ ਹੈ।

ਇਹ ਅਸਥਾਨ ਵੀ, ਜੋ ਕਿ ਸੁੰਦਰ, ਸੁਹਾਵਣਾ, ਮਨ-ਭਾਣਾ ਧਾਰਮਿਕ ਅਸਥਾਨ ਬਣਿਆ ਨਜ਼ਰ ਆ ਰਿਹਾ ਹੈ, ਸ਼ਾਇਦ ਉੱਖੜ-ਪੁੱਖੜ, ਬੇ-ਆਬਾਦ, ਬੇਜਾਨ ਅਤੇ ਵੀਰਾਨ ਹੀ ਰਹਿ ਜਾਂਦਾ, ਜੇ ਸੰਤ ਬਾਬਾ ਸੁੱਚਾ ਸਿੰਘ ਗੁਰਦੁਆਰਾ ਬੜੂ ਸਾਹਿਬ ਤੋਂ ਸੰਗਤਾਂ ਦੀ ਬੇਨਤੀ ਮੰਨ ਕੇ ਇੱਥੇ ਆ ਕੇ ਨਾਮ-ਬਾਣੀ ਦੇ ਪ੍ਰਵਾਹ ਦੀਆਂ ਝੜੀਆਂ ਨਾ ਲਾ ਦਿੰਦੇ ਅਤੇ ਆਪਣੀ ਇੱਕੋ ਹੀ ਸਵੱਲੀ ਨਜ਼ਰ ਨਾਲ ਘੱਟੇ, ਮਿੱਟੀ, ਖੇਹ ਨਾਲ ਭਰੇ, ਭੱਠੇ ਦੀਆਂ ਸੜੀਆਂ ਧੂੜਾਂ ਤੇ ਖੰਗਰੀਲੀਆਂ ਇੱਟਾਂ ਦੇ ਟੋਟਿਆਂ ਨਾਲ ਮੜ੍ਹੇ, ਰੋੜੇ-ਧੋੜੇ ਅਤੇ ਨੁਕੀਲ ਪੱਥਰਾਂ ਨਾਲ ਭਰੇ ਅਸਥਾਨ ਦੀ ਖ਼ਾਕ ਨੂੰ ਇੱਕਸਾਰ ਨਾ ਬਣਾ ਦਿੰਦੇ।

ਉਨ੍ਹਾਂ ਦੇ ਚਰਨ ਪਾਉਂਦਿਆਂ ਤੇ ਸੇਵਾ ਸੰਭਾਲਦਿਆਂ ਹੀ ਇਹ ਬੰਜਰ ਅਤੇ ਬਥਝ ਧਰਤੀ ਆਬਾਦ ਹੋ ਗਈ। ਲੁਧਿਆਣੇ ਅਤੇ ਜਵੱਦੀ ਦੀਆਂ ਸੰਗਤਾਂ ਦੇ ਵਾਰ-ਵਾਰ ਅਰਜ਼ ਕਰਨ ’ਤੇ ਸੰਤ ਜੀ ਨੇ ਜਨਵਰੀ 1985 ਨੂੰ ਇਸ ਅਸਥਾਨ ਦੀ ਸੇਵਾ ਸੰਭਾਲੀ। ਸੰਗਤਾਂ ਦੀ ਦਿਲੀ ਮੁਰਾਦ ਪੂਰੀ ਹੋਈ। ਇਸ ਬੇ-ਆਬਾਦ- ਜ਼ਮੀਨ ’ਤੇ ਗੁਰ-ਅਸਥਾਨ ਦੀ ਸਥਾਪਨਾ ਸ਼ੁਰੂ ਕਰ ਦਿੱਤੀ।

ਧਰਮ ਪ੍ਰਚਾਰ ਨੂੰ ਅੰਤਰ-ਰਾਸ਼ਟਰੀ ਪੱਧਰ ਤੱਕ ਲੈ ਜਾਣ ਲਈ ***ਬਾਬਾ ਜੀ ਨੇ ਇੱਕ ਸੰਸਥਾ “ਵਿਸਮਾਦੁ ਨਾਦ” ਨਾਂ ਦੀ 1991 ਦੌਰਾਨ ਬਣਾਈ। ਸਿੱਖ ਵਿਰਸੇ ਦੀ ਸੰਭਾਲ ਦੇ ਕੰਮ ਨੂੰ ਆਪਣੇ ਜ਼ਿੰਮੇ ਲਿਆ। ਇਸੇ ਅਧੀਨ ਗੁਰਮਤਿ ਸੰਗੀਤ ਉੱਪਰ ਖੋਜ ਆਰੰਭ ਕੀਤੀ ਗਈ। ਰਾਗ ਨਿਰਣਾਇਕ ਕਮੇਟੀ ਦੀ ਸਥਾਪਨਾ ਰਾਹੀਂ ਇਸ ਖੋਜ ਨੂੰ ਆਧਾਰ ਬਣਾ ਕੇ ਰਾਗਾਂ ਦੇ ਸਰੂਪ ਤਿਆਰ ਕੀਤੇ ਗਏ। ਇਸ ਕੰਮ ਲਈ ਗੁਰਸ਼ਬਦ ਸੰਗੀਤ ਅਕੈਡਮੀ ਦੀ ਸਥਾਪਨਾ ਹੋਈ, ਜਿਸ ਨੇ ਗੁਰਮਤਿ ਸੰਗੀਤ ਵਿੱਚ ਖੋਜ, ਸਿੱਖਿਆ ਅਤੇ ਪਾਸਾਰ ਦੇ ਕੰਮ ਨੂੰ ਬਾਖ਼ੂਬੀ ਸੰਭਾਲਿਆ।***

ਇੱਥੇ ਗੁਰਮਤਿ ਸੰਗੀਤ ਸੰਮੇਲਨਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਸਿਲਸਿਲਾ 1991 ਤੋਂ ਸ਼ੁਰੂ ਹੋਇਆ ਹੈ। ਪਹਿਲੇ ਸੰਮੇਲਨ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਪ੍ਰਮੁੱਖ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕੀਤਾ ਗਿਆ। ਵਿਸਮਾਦੁ ਨਾਦ ਵੱਲੋਂ ਗੁਰਮਤਿ ਸੰਗੀਤ ਸੰਮੇਲਨ ਦੌਰਾਨ ਗਾਏ ਜਾਣ ਵਾਲੇ ਸ਼ਬਦਾਂ ਦੀਆਂ ਆਡੀਓ ਅਤੇ ਵੀਡੀਓ ਕੈਸਟਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ।

ਗੁਰਮਤਿ ਫਲਸਫ਼ੇ ਦੀ ਲੋੜ ਨੂੰ ਮਹਿਸੂਸ ਕਰਨ ਉਪਰੰਤ ਦੇਖਿਆ ਗਿਆ ਕਿ ਇਸ ਚਿੰਤਨ ਦੀ ਪ੍ਰਾਸੰਗਿਕਤਾ ਨੂੰ ਸਮਝਣ ਲਈ ਇਸ ਨੂੰ ਵਿਸ਼ਵ ਪੱਧਰ ਉੱਤੇ ਪੈਦਾ ਹੋ ਰਹੇ ਗਿਆਨ-ਵਿਗਿਆਨ ਦੇ ਸੰਦਰਭ ਵਿੱਚ ਰੱਖ ਕੇ ਦੇਖਿਆ ਜਾਣਾ ਜ਼ਰੂਰੀ ਹੈ। ਵਿਸ਼ਵ ਸੱਭਿਆਚਾਰ ਦੇ ਵਿਕਾਸ ਵਿੱਚ ਭੂਮਿਕਾ ਨੂੰ ਵੀ ਪ੍ਰਭਿਾਸ਼ਿਤ ਕਰਨ ਦੀ ਲੋੜ ਮਹਿਸੂਸ ਹੋਈ। ਇਹ ਕੰਮ ਤਾਂ ਹੀ ਨੇਪਰੇ ਚੜ੍ਹ ਸਕਦਾ ਸੀ ਜੇਕਰ ਗੁਰਮਤਿ ਫਲਸਫ਼ੇ ਦੀ ਖੋਜ ਦੇ ਨਾਲ ਦੂਸਰੇ ਧਰਮਾਂ, ਸੱਭਿਆਚਾਰਾਂ ਅਤੇ ਵਿਗਿਆਨਕ ਸੰਕਲਪਾਂ ਨਾਲ ਇੱਕ ਸੰਵਾਦ ਪੈਦਾ ਕੀਤਾ ਜਾ ਸਕੇ।

ਫੇਰ ਤੀਸਰੇ ਗੁਰਮਤਿ ਸੰਬੋਧਨ ਸੰਮੇਲਨ ਦੌਰਾਨ 5 ਤੋਂ 7 ਨਵੰਬਰ 1993 ਨੂੰ



ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਵਿਖੇ ‘ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੱਖਤਾ ਨੂੰ ਦੇਣ’ ਵਿਸ਼ੇ ’ਤੇ ਇੱਕ ਵਿਸ਼ਾਲ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਦੇਸ਼ ਵਿਦੇਸ਼ ਤੋਂ ਆਏ ਲਗਭਗ 70 ਵਿਦਵਾਨਾਂ ਨੇ ਆਪਣੇ ਖੋਜ-ਪੱਤਰ ਪੇਸ਼ ਕੀਤੇ। ਇਨ੍ਹਾਂ ਵਿਚਾਰ ਗੋਸ਼ਟੀਆਂ ਦੇ ਨਾਲ-ਨਾਲ ਖੋਜ ਦੇ ਕੰਮ ਨੂੰ ਉਤਸ਼ਾਹਿਤ ਕਰਨ ਵਾਸਤੇ ਇੱਕ ਖੋਜ ਪੱਤ੍ਰਿਕਾ ‘ਵਿਸਮਾਦੁ ਨਾਦ’ ਆਰੰਭ ਕੀਤੀ ਗਈ।

ਇਸ ਵਿਚਾਰ ਗੋਸ਼ਟੀ ਦੌਰਾਨ ਹੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਸਿੱਖਇਜ਼ਮ ਦੀ ਸਥਾਪਨਾ ਕੀਤੀ ਗਈ। ਡੀਮਡ ਯੂਨੀਵਰਸਿਟੀ ਦੇ ਰੂਪ ਵਿੱਚ ਵਿਕਸਿਤ ਹੋਣ ਵਾਲੀ ਇਸ ਸੰਸਥਾ ਦੀ ਰੂਪ-ਰੇਖਾ ਤਿਆਰ ਹੋ ਰਹੀ ਹੈ।ਇੰਸਟੀਚਿਊਟ ਵੱਲੋਂ ਹੋਰ ਵੀ ਅਨੇਕਾਂ ਖੋਜ ਪ੍ਰੋਗਰਾਮਾਂ, ਵਿਚਾਰ ਗੋਸ਼ਟੀਆਂ, ਸੰਚਾਰ ਸੁਵਿਧਾਵਾਂ, ਪ੍ਰਕਾਸ਼ਨਾ ਅਤੇ ਸਿੱਖਿਆ ਕੋਰਸਾਂ ਦੇ ਪ੍ਰੋਗਰਾਮ ਉਲੀਕੇ ਗਏ ਹਨ। ਗੁਰੂ ਹਰਿਗੋਬਿੰਦ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ। ਅਪ੍ਰੈਲ 1994 ਵਿੱਚ ‘**ਗੁਰਮੁਖਿ ਹੋਵੈ ਸੁ ਕਾਇਆ ਖੋਜੈ**’ ਦੇ ਮਹਾਵਾਕ ਅਨੁਸਾਰ ‘ਦੇਹੀ ਦਾ ਸੰਕਲਪ’ ਵਿਸ਼ੇ ’ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ।

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਵਿਖੇ ‘ਸੁਖ ਸਾਗਰ ਚੈਰੀਟੇਬਲ ਟਰੱਸਟ’ ਅਧੀਨ ਇੱਕ ਨਵੀਨ ਸਹੂਲਤਾਂ ਵਾਲੇ ਆਧੁਨਿਕ ਹਸਪਤਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਟਰੱਸਟ ਵੱਲੋਂ ਚਲਾਈ ਜਾ ਰਹੀ ਡਿਸਪੈਂਸਰੀ ਤੋਂ ਇਲਾਵਾ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ। ***(ਧੰਨਵਾਦ ਸਹਿਤ, ਨਵਾਂ ਜ਼ਮਾਨਾ: 6 ਨਵੰਬਰ 1997)***

---

- *ਵਾਹਿਗੁਰੂ ਜੀ ਦੀ ਅਪਾਰ ਕਿਰਪਾ, ਤੁਹਾਡੀ ਮਹਾਪੁਰਸ਼ਾਂ ਦੀ ਅਣਥੱਕ ਮਿਹਨਤ ਤੇ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਇੱਕ ਵੱਡੀ ਸਫਲਤਾ ਹੋ ਨਿਬੜਿਆ ਹੈ। ਵਾਕਿਆ ਹੀ ਉੱਥੇ ਸਭ ਕੁਛ ਅਦੁੱਤੀ ਤੇ ਬੇਮਿਸਾਲ ਸੀ। ਉਥੇ ਬੈਠ ਕੇ ਕੀਰਤਨ ਕਰਨ ਤੇ ਸੁਣਨ ਦਾ ਆਨੰਦ ਹੀ ਨਿਰਾਲਾ ਸੀ ਹਰ ਵੇਲੇ ਮਧੁਰ ਰਾਗਦਾਰੀ ਕੀਰਤਨ ਦੀ ਕੰਨਾਂ ਵਿੱਚ ਪੈਂਦੀ ਧੁਨੀ ਨੇ ਆਨੰਦ ਮਗਨ ਕਰ ਦਿੱਤਾ ਸੀ। ਆਸ ਕਰਦੀ ਹਾਂ ਕਿ ਅੱਗੋਂ ਵੀ ਅਜਿਹੇ ਹੋਰ ਮੌਕੇ ਬਖ਼ਸ਼ਦੇ ਰਹੋਗੇ ਤੇ ਕੀਰਤਨ ਸੇਵਾ ਦਾ ਅਵਸਰ ਮਿਲਦਾ ਰਹੇਗਾ। ਜੋ ਆਪ ਜੀ ਨੇ ਸੰਗੀਤ ਦੀ ਸਥਾਪਨਾ ਤੇ ਸੰਭਾਲ ਦਾ ਬੀੜਾ ਚੁਕਿਆ ਹੈ ਪ੍ਰਮਾਤਮਾ ਉਸ ਵਿੱਚ ਪੂਰੀ ਮਦਦ ਕਰੇਗਾ। ਇਹ ਮੇਰੀਆਂ ਦਿਲੀ ਭਾਵਨਾਵਾਂ ਹਨ .........*

*ਨਿਵੇਦਿੱਤਾ ਕੌਰ*

---

- ਅਦੁੱਤੀ ਗੁਰਮਤਿ ਸੰਗੀਤ ਸਮਾਗਮ ਦਾ ਨਾਦ ਅਜੇ ਵੀ ਕੰਨਾਂ ਵਿੱਚ ਗੂੰਜ ਰਿਹਾ ਹੈ। ਰਾਤ ਨੂੰ ਸੁਪਨੇ ਵੀ ਆਉਂਦੇ ਹਨ। ਆਉਣ ਵਾਲੇ ਸਮਾਗਮ ਦੀ ਉਡੀਕਾਂ ਹੁਣੇ ਹੀ ਸ਼ੁਰੂ ਹੋ ਗਈਆਂ ਹਨ। ਕੈਸਟਾਂ ਸੁਣ ਸੁਣ ਕੇ ਆਨੰਦਿਤ ਹੋ ਰਿਹਾ ਹਾਂ। ਆਪ ਵੱਲੋਂ ਰਾਗਾਂ ਦਾ ਜਾਣ-ਪਛਾਣ ਭੰਵਰਾ ਸਾਹਿਬ ਦੀ ਅਵਾਜ਼ ਵਿੱਚ ਅਦੁੱਤੀ ਹੋ ਗਈ ਹੈ। ਵਾਹਿਗੁਰੂ ਦੀ ਕਿਰਪਾ ਸਦਕਾ ਇਹ ਤਾਂ ਜੁਗ-ਪਲਟਾਊ ਕਾਰਜ ਬਣ ਗਿਆ ਹੈ।

*ਡਾ: ਜਾਗੀਰ ਸਿੰਘ*

*ਅੰਮ੍ਰਿਤ ਕੀਰਤਨ, 422, ਸੈਕਟਰ-15 ਏ, ਚੰਡੀਗੜ੍ਹ*

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਤੋਂ ਵਿੱਦਿਅਕ ਕ੍ਰਾਂਤੀ ਦਾ ਸੱਦਾ

ਸਤਿਬੀਰ ਸਿੰਘ

ਚਾਰ ਰੋਜ਼ਾ ਸੱਤਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਅੱਜ ਤੀਸਰੇ ਦਿਨ ਪੂਰੇ ਜੋਬਨ 'ਤੇ ਪੁੱਜ ਗਿਆ। ਅੱਜ ਦਾ ਸਾਰਾ ਦਿਨ ਗੁਰਬਾਣੀ ਵਿੱਚ ਨਿਰਧਾਰਿਤ ਮਿਸ਼ਰਤ ਰਾਗਾਂ ਨੂੰ ਸਮਰਪਿਤ ਰਿਹਾ ਜਿਸ ਦਾ ਸਵੇਰ ਤੋਂ ਗਈ ਰਾਤ ਤੱਕ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਆਨੰਦ ਮਾਣਿਆ।

ਪੰਜਾਬ ਦੇ ਵਿੱਦਿਆ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਅੱਜ ਸੰਮੇਲਨ ਦੀ ਸਟੇਜ ਤੋਂ ਪੰਜਾਬ ਦੇ ਸਾਰੇ ਮਹਾਪੁਰਸ਼ਾਂ ਨੂੰ ਅਪੀਲ ਜਾਰੀ ਕਰਦਿਆਂ ਕਿਹਾ ਕਿ ਧਾਰਮਿਕ ਕ੍ਰਾਂਤੀ ਦੇ ਨਾਲ-ਨਾਲ ਹੁਣ ਦੇਸ਼ ਭਰ ਵਿੱਚ ਵਿੱਦਿਅਕ ਕ੍ਰਾਂਤੀ ਲਿਆਉਣ ਲਈ ਇਹ ਸ਼ਖ਼ਸੀਅਤਾਂ ਅੱਗੇ ਆਉਣ ਲਈ ਕਿਸੇ ਵੀ ਵਿਅਕਤੀ ਦਾ ਜੀਵਨ ਉਸ ਦੇ ਬਚਪਨ 'ਤੇ ਆਧਾਰਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਬਹੁਤ ਪਸਾਰ ਹੋ ਚੁੱਕਾ ਹੈ। ਇਸ ਨਾਮੁਰਾਦ ਬੀਮਾਰੀ ਨੂੰ ਦੂਰ ਕਰਨ ਲਈ ਸਾਰੇ ਧਾਰਮਿਕ ਤੇ ਸਿਆਸੀ ਵਿੰਗ ਅੱਗੇ ਆਉਣ ਤਾਂ ਕਿ ਪੰਜਾਬ ਨੂੰ ਪ੍ਰੇਰ ਕੇ ਡੇਢ ਸਾਲ ਵਿੱਚ 1999 ਵਿੱਚ ਖਾਲਸੇ ਦੇ ਜਨਮ ਦਿਨ 'ਤੇ ਨਸ਼ਾ ਰਹਿਤ ਪੰਜਾਬੀ ਸਮਾਜ ਦੀ ਘੋਸ਼ਣਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ੇ ਬੀਮਾਰੀਆਂ ਦੇ ਘਰ ਹਨ। ਤੰਦਰੁਸਤ ਆਦਮੀ ਹੀ ਕੇਵਲ ਪਰਿਵਾਰ, ਸਮਾਜ ਅਤੇ ਦੇਸ਼ ਦੀ ਸੇਵਾ ਕਰ ਸਕਦਾ ਹੈ।

ਉਨ੍ਹਾਂ ਕਮਿਊਨਿਸਟ ਸੋਚ 'ਤੇ ਵਰ੍ਹਦਿਆਂ ਕਿਹਾ ਕਿ ਇਸ ਸੋਚ ਦੇ ਆਧਾਰ 'ਤੇ ਹਿੰਦੋਸਤਾਨ ਵਿੱਚ ਜਿਹੜੇ ਵੀ ਅਦਾਰਿਆਂ ਵਿੱਚ ਯੂਨੀਅਨਾਂ ਬਣੀਆਂ ਉਹ ਅਦਾਰੇ ਹੀ ਫੇਲ੍ਹ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਸੋਚ ਦਾ ਰਾਜ ਰੂਸ ਵਿੱਚ ਸੀ ਤੇ ਅੱਜ ਉਹ ਦੇਸ਼ ਹੀ ਟੁੱਟ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਨਾਸਤਿਕ ਸੋਚ ਦਾ ਸਾਡੇ ਦੇਸ਼ ਦੀ ਵਿੱਦਿਆ 'ਤੇ ਬਹੁਤ ਪ੍ਰਭਾਵ ਪਿਆ ਹੈ ਜਿਸ ਕਰਕੇ ਇਸ ਦੇ ਕਈ ਭਿਆਨਕ ਸਿੱਟੇ ਸਾਡੇ ਸਾਹਮਣੇ ਆਏ ਹਨ।

ਉਨ੍ਹਾਂ ਧਰਮ ਦੀ ਜ਼ਰੂਰਤ ਬਾਰੇ ਬੋਲਦਿਆਂ ਕਿਹਾ ਕਿ ਧਰਮ ਮਨੁੱਖ ਨੂੰ ਦਇਆਵਾਨ ਅਥਵਾ ਸਮਾਜ ਸੇਵੀ ਬਣਾਉਂਦਾ ਹੈ। ਉਨ੍ਹਾਂ ਕਿਹ ਕਿ ਜਿਹੜੇ ਪਬਲਿਕ ਸਕੂਲਾਂ ਵਿੱਚ ਧਾਰਮਿਕ ਵਿੱਦਿਆ ਦਿੱਤੀ ਜਾਂਦੀ ਹੈ ਉਨ੍ਹਾਂ ਸਕੂਲਾਂ ਦੇ ਵਿਦਿਆਰਥੀ ਮਿਆਰੀ ਪੱਧਰ ਦੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਮੰਦਰ ਤੇ ਗੁਰਦੁਆਰੇ ਤਾਂ ਬਣਾ ਲਏ ਹਨ ਪਰ ਹਾਲੇ ਇਨ੍ਹਾਂ ਸਰਬਉੱਚ ਅਸਥਾਨਾਂ 'ਤੇ ਜਾਣ ਵਾਲੀ ਸੰਗਤ ਤਿਆਰ ਕਰਨੀ ਹੈ। ਇਹ ਸੰਗਤ ਚੰਗੇਰੀ ਵਿੱਦਿਆ 'ਚ ਹੀ ਉਪਲਬਧ ਹੋਵੇਗੀ। ਉਨ੍ਹਾਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਵਿਗਿਆਨ ਨੇ ਸੰਸਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਇਸ ਲਈ ਅੰਤਰ-ਰਾਸ਼ਟਰੀ ਆਦਾਨ-ਪ੍ਰਦਾਨ ਵਧ ਗਿਆ ਹੈ। ਸੰਸਾਰ ਦੀ ਮੁੱਖ ਭਾਸ਼ਾ ਅੰਗਰੇਜ਼ੀ ਬਣ ਚੁੱਕੀ ਹੈ। ਇਸ ਲਈ ਇਹ ਨਵੀਆਂ ਤਬਦੀਲੀਆਂ ਸਮੇਂ ਦੀ ਲੋੜ ਬਣ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਜੇ ਅੰਗਰੇਜ਼ੀ ਵਿਸ਼ੇ ਵਜੋਂ ਲਾਗੂ ਨਾ ਕੀਤੀ ਗਈ ਤਾਂ ਪਬਲਿਕ ਅਕੈਡਮੀਆਂ ਦਾ ਰੁਝਾਨ 10 ਸਾਲਾਂ ਵਿੱਚ ਪੰਜਾਬੀ ਨੂੰ ਬਹੁਤ ਖੋਰਾ ਲਾ ਦੇਵੇਗਾ ਕਿਉਂਕਿ ਇਨ੍ਹਾਂ ਦਾ ਮੀਡੀਅਮ ਹੀ ਇੰਗਲਿਸ਼ ਹੈ। ਉਨ੍ਹਾਂ ਕਿਹਾ ਕਿ ਅਸੀਂ



ਮੀਡੀਅਮ ਪੰਜਾਬੀ ਹੀ ਰੱਖਾਂਗੇ।

ਜਥੇਦਾਰ ਤੋਤਾ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਸਕੈਨਿੰਗ ਟੈਸਟਾਂ ਰਾਹੀਂ ਲੜਕੀਆਂ ਨੂੰ ਮਾਰਨ ਦਾ ਰੁਝਾਨ ਵਧ ਰਿਹਾ ਹੈ। ਇਸ ਨੂੰ ਰੋਕਣ ਲਈ ਸਾਡੀ ਕਾਨੂੰਨ ਨੇ ਸਹਾਇਤਾ ਨਹੀਂ ਕਰਨੀ ਸਾਨੂੰ ਖੁਦ ਹੀ ਇਸ ਦੇ ਵਿਰੋਧ ਵਿੱਚ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਸੰਤ ਸੁੱਚਾ ਸਿੰਘ ਹੋਰਾਂ ਨੇ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਵਾ ਕੇ ਉਹ ਕੰਮ ਕੀਤਾ ਹੈ ਜੋ ਸਿਰਕੱਢ ਸਿੱਖ ਸੰਸਥਾਵਾਂ ਵੀ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਸਹਿਯੋਗ ਹਮੇਸ਼ਾਂ ਇਨ੍ਹਾਂ ਮਹਾਪੁਰਖਾਂ ਨਾਲ ਰਹੇਗਾ। ਇਸ ਮੌਕੇ ਵਿਧਾਇਕ ਜਗਦੀਸ਼ ਸਿੰਘ ਗਰਚਾ ਨੇ ਕਿਹਾ ਕਿ ਗੁਰਬਾਣੀ ਦਾ ਰਾਗਾਤਮਿਕ ਗਾਇਨ ਸਿੱਖ ਸੰਸਕ੍ਰਿਤੀ ਦੀ ਵਿਲੱਖਣ ਪਹਿਚਾਣ ਬਣ ਚੁੱਕਾ ਹੈ। ਇਹ ਸੰਗੀਤ ਭਾਰਤੀ ਸੰਗੀਤ ਪ੍ਰੰਪਰਾ ਨਾਲ ਡੂੰਘੀ ਸਾਂਝ ਦੇ ਬਾਵਜੂਦ ਨਿਰਾਲਾ ਹੈ। ਇਸ ਲਈ ਇਸ ਉੱਪਰ ਵੱਖਰੇ ਤੌਰ 'ਤੇ ਖੋਜ ਸਿੱਖਿਆ ਅਤੇ ਸੰਚਾਰ ਨਾਲ ਸੰਬੰਧਿਤ ਇੱਕ ਸੰਸਥਾ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਤੋਂ ਇਲਾਵਾ ਇੰਨੇ ਹੀ ਮਿਸ਼ਰਿਤ ਰਾਗ ਹਨ। ਦਸਮ ਗ੍ਰੰਥ ਦੇ 219 ਰਾਗ ਇਨ੍ਹਾਂ ਤੋਂ ਵੱਖਰੇ ਹਨ।

ਉਨ੍ਹਾਂ ਕਿਹਾ ਕਿ ਭਾਵੇਂ ਸੰਤ ਸੁੱਚਾ ਸਿੰਘ ਇਸ ਖੇਤਰ ਵਿੱਚ ਬੇਮਿਸਾਲ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੇ ਕੰਮ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਨੀ ਥੋੜ੍ਹੀ ਹੈ ਪਰ ਫੇਰ ਵੀ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਇੰਨੇ ਮਹਾਨ ਅਤੇ ਵਿਸ਼ਾਲ ਕਾਰਜ ਨੂੰ ਨੇਪਰੇ ਚਾੜ੍ਹਨਾ ਬਹੁਤ ਕਠਿਨ ਹੈ, ਇਸ ਲਈ ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਉਹ ਜਵੱਦੀ ਕਲਾਂ ਵਿਖੇ ਗੁਰਮਤਿ ਸੰਗੀਤ ਅਧਿਐਨ ਕੇਂਦਰ ਦੀ ਸਥਾਪਨਾ ਕਰਕੇ ਇਸ ਮਹਾਨ ਪ੍ਰੰਪਰਾ ਦੇ ਵਿਕਾਸ ਲਈ ਆਪਣੀ ਜ਼ਿੰਮੇਵਾਰੀ ਨਿਭਾਏ।

*(ਧੰਨਵਾਦ ਸਹਿਤ, ਪੰਜਾਬੀ ਟ੍ਰਿਬਿਊਨ: 9 ਨਵੰਬਰ 1997)*

# गुरमति संगीत परंपरा की स्थापना ही एकमात्र ध्येय है बाबा सुच्चा सिंह

के. मनजीत सिंह

14 से 16 दिसंबर तक होगा गुरूद्वारा गुरू ज्ञान प्रकाश साहिब जवद्दी में अदुति गुरमति संगीत संम्मेलन सिखों के प्रथम गुरू को पुनर्जीवित करने को वचनबद्ध सुत बाबा सुच्चा सिंह ने 1991 में अदुति गुरमति संगीत सम्मेलन का आरंभ किया था। इसका मुख्य उद्देश्य श्री गुरू ग्रंथ साहिब में दर्ज 31 शुद्ध शास्त्रीय रागों के अनुसार गुरूवाणी का गायन निध ारित समय अनुसार कराना था। इस कार्य के लिए बाबा सुच्चा सिंह कई वर्षों तक प्रमुख संगीत शास्त्रियों के साथ विचार विमर्श में लगे रहे। पंडित दिलीप चंद्र की अगुवाई में सुगीतचार्यों की राग निर्णायक कमेटी गठित करने के उपरांत 10 से 13 अक्टूबर 1991 को जवद्दी कलां में यह ऐतिहासिक सम्मेलन कराया गया। इस सम्मेलन में लाखों की संख्या में लोग पहुंचे। अब यह समारोह जवद्दी टकसाल का वार्षिक समागम बन चुका है। 1992-93 के समारोहों के बाद सिख संगतों की मांग पर 1994 में समारोह दिल्ली गुरूद्वारा प्रबंधक कमेटी के सहयोग से विश्व सिख सम्मेलन के प्रमुख भाग के तौर पर श्री मंजी साहिब के दीवान हाल अमृतसर में करवाया गया। 1996 में गुरूद्वारा सचखंड साहिब बोर्ड के सहयोग से तख्त सचखंड श्री हजूर साहिब नांदेड की पवित्र भूमि पर कराया गया। इस अवसर पर पांच प्यारों की ओर से तख्त साहिब पर संत बाबा सुच्चा सिंह को सिरोपाओ व पांच पावन शस्त्रों के साथ विशेष रूप से सम्मानित किया गया। 1997 में यह सम्मेलन जवद्दी मे ही हुआ और इसमें गुरू नानक संगीत पद्धति ग्रंथ भाग एक भी रिलीज किया गया। 1998 के समारोह के बाद 1999 में खालसे के 300वें स्थापना दिवस को समर्पित ये समारोह कराया गया। भविषय में यह समारोह तख्त श्री पटना साहिब और अमरीका में भी कराए जाने की संभावनाएं हैं।

## सिख विद्वानों का योगदान

इस सम्मेलन के लिए विशेष रूप से पंथ के प्रसिद्ध सिख विद्वानों एवं से बुद्धिजीवियों का भी योगदान रहा है। इस समारोह के साथ-साथ गुरूद्वारा साहिब की प्रबंध क कमेटी की ओर से 'विसमाद नाद' नाम की एक संस्था का भी गठन किया गया है। इस के तहित इस समारोह के साथ ही अलग-अलग रूप से धर्म और साहित्य पर विचार चर्चा करने के लिए गोष्ठियां की जाती हैं। सेमिनारों में प्रसिद्द लेखक एवं बुद्धिजीवी भाग लेते रहे हैं। इस संबंध में पहला सैमीनार 3-4 दिसंबर 1992 को दिल्ली में कराया गयाए जबकि दूसरा सेमिनार 5 से 7 नवंबर 1993 को गुरूद्वारा गुरू ज्ञान प्रकाश जवद्दी कलां में डॉ. बलकार सिंह पंजाबी विश्वविद्यालय की अध्यक्षता में कराया गया। इसका उद्घाटन प्रसिद्द पत्रकार कुलदीप सिंह नैयर ने किया। इसमें 100 से अधिक पेपर पढ़े गए। तीसरा सैमीनार 8 से 10 अप्रैल 1994 में 'देह का संकल्प' विषय पर कराया गया इसके बाद 15-16 मई 1995 को मुंबई में भगत नामदेव और श्री गुरू ग्रंथ साहिब पर प्रो. एमडी मिराजकर दिल्ली विश्वविद्यालय के निर्देशन में हुआ। इसका उद्घाटन महाराष्ट्र के मुख्यमंत्री मनोहर जोशी ने किया। पांचवां सेमीनार 6 से 9 नवंबर 1997 में जवद्दी टकसाल



में हुआ जिसका उद्घाटन जत्थेदार मनजीत सिंह तख्त श्री केसगढ़ साहिब ने किया। छटा सैमीनार 21 से 23 नवंबर 1997 को मन का संकलप विषय पर जवद्दी कलां में ही करवाया गया। इसका उद्घाटन विशेष रूप से अमेरिका से आए सिंह साहिब भाई हरभजन सिंह ने किया।

## शब्द यात्रा

श्री गुरू ग्रंथ साहिब में शामिल 36 वाणीकारों में से महीपुरूष हिन्दुस्तान के दूर दराज के क्षेत्रों से संबंधित हैं जिन्हें अकीदत के फूल भेंट करने के लिए 'शब्द यात्रा' की गई जिसके आरंभ महाराषट्र से संबंधित भक्तों भक्त नामदेवए त्रिलोचन और परमानंद जी के जन्म स्थानों की यात्रा से आरंभ हुआ। जवद्दी टकसाल से चले इस काफिले ने श्री हजूर साहिब से पांच प्यारों की अगवाई में मुंबई दिल्ली, इंदौर और ग्वालियर की अनगिनत संगतों के साथ पंढरपुर, वारसी ग्राम आदि ऐतिहासिक स्थानों की यात्रा कर गुरू घर के संगत पंगत संदेश को मूर्त रूप दिया। मुंबई में समारोह के दौरान महाराषट्र के मुख्य मंत्री ने मुंबई विश्वविद्यालय में गुरू नानक चेयर स्थापित करने का ऐलान किया। वरिष्ठ पंजाबियों का सम्मान भी इस समारोह के दौरान किया गया जिनमें राम जेठमलानी (कानूनदान), गुलज़ार (लेखक), गोबिंद निहलानी (फिल्मकार), उस्ताद अल्ला रखा खान (तबलावादक), महिंद्रजीत सिंह (संगीतकार), कृषण भनोट (पत्रकार), अमरजीत सिंह समरा (डीजीपी महाराषट्र) और सिद्धार्थ सिंह सेखों (कस्टम क्लेक्टर) शामिल है। जवद्दी टकसाल की ओर से सिख धर्म से संबंधित कई प्रकाशन भी जारी किए गए हैं। इंटरनेशनल इंस्टीटूयट आफ सिखइज्म की स्थापना के उपरांत डीमड विश्वविद्यालय के रूप में विकसित होने वाली इस संस्था की ओर से संबंधित विद्वानों को फैलोशिप दी जाती है जिनमें डा. महिंद्र कौर गिल, डा. इंद्रजीत कौर खालसा (अमेरिका), डा. जसपाल सिंह (अफ्रीका) और डा. गुरचरन सिंह खालसा के नाम उल्लेखनीय हैं।

## समारोह की विशेषता

इस समारोह की विशेषता यह है कि देश-विदेश से सिख संगत श्री गुरू ग्रंथ साहिब में दर्ज निर्धारित रागों के गायन को सुनने के लिए आती है। विदेश से भी कई सिख यहां पहुंचते हैं। विशेष रूप से अमरीका के वरिष्ठ सिख प्रचारक भाई हरभजन सिंह योगी अपना अमरीकन सिखों का जत्था लेकर यहां पहुंचते हैं। इस बार भी वह विशेष रूप से यहां पध ार रहे हैं। पिछले वर्ष बाबा सुच्चा सिंह जी के तंदरुस्त न होने के कारण समारोह नहीं कराया गया। इस वर्ष संगतों के विशेष आग्रह के कारण तंदरुस्त न होने के बावजूद भी ये समारोह 14 से 16 दिसंबर को गुरूद्वारा गुरू ज्ञान प्रकाश साहिब जवद्दी में करवाया जा रहा है। जहां सिख पंथ की सेवा कर रहे कुछेक विद्वानों एवं धार्मिक शख्सियतों को कीर्तन एवं अन्य विशेष अवार्ड भी दिए जाएंगे।

(ध्न्यवाद दैनिक जागरण)

◈◈◈◈◈◈◈

ਸ਼ਖ਼ਸੀਅਤ

# ਮੇਰੀ ਅਸਲ ਪਛਾਣ ਜਵੱਦੀ ਟਕਸਾਲ ਤੋਂ ਹੀ ਬਣੀ
# ਭਾਈ ਨਿਰਮਲ ਸਿੰਘ ਖਾਲਸਾ

ਮੁਲਾਕਾਤੀ-ਪਰਮਜੀਤ ਸਿੰਘ ਪੰਮੀ

*ਭਾਈ ਨਿਰਮਲ ਸਿੰਘ ਜੀ ਖਾਲਸਾ ਨੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਡੇਢ ਦਹਾਕੇ ਤੋਂ ਵੱਧ ਸੇਵਾ ਕੀਤੀ ਹੈ। ਦੇਸ਼ ਦੇ ਕੋਨੇ-ਕੋਨੇ 'ਚ ਕੀਰਤਨ ਦੀ ਸੇਵਾ ਕਰਨ ਤੋਂ ਇਲਾਵਾ ਆਪ ਜੀ ਨੇ ਰੇਡੀਓ ਅਤੇ ਟੀ.ਵੀ. ਉੱਤੇ ਪ੍ਰਮਾਣਿਤ ਤੌਰ 'ਤੇ ਅਕਸਰ ਪ੍ਰੋਗਰਾਮ ਪੇਸ਼ ਕਰਦੇ ਰਹਿੰਦੇ ਹਨ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀਆਂ ਵਿੱਚੋਂ ਆਪ ਜੀ ਦੀ ਇਹ ਖਾਸ ਸਿਫ਼ਤ ਹੈ ਕਿ ਆਪ ਨੇ ਕੀਰਤਨ ਦੀ ਪ੍ਰਮਾਣਿਤ ਸ਼ੈਲੀ ਨੂੰ ਬਰਕਰਾਰ ਰਖਿਆ ਹੈ। ਜਵੱਦੀ ਟਕਸਾਲ ਵੱਲੋਂ 15ਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 'ਤੇ ਆਪ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ "ਗੁਰਮਤਿ ਸੰਗੀਤ ਐਵਾਰਡ" ਪ੍ਰਦਾਨ ਕੀਤਾ ਜਾ ਰਿਹਾ ਹੈ। ਪੇਸ਼ ਹਨ ਭਾਈ ਸਾਹਿਬ ਨਾਲ ਕੀਤੀ ਗੱਲਬਾਤ ਦੇ ਕੁਝ ਅੰਸ਼:-*

**✪ ਭਾਈ ਸਾਹਿਬ ਜੀ ਆਪਣੇ ਪਰਿਵਾਰਕ ਪਿਛੋਕੜ ਬਾਰੇ ਕੁਝ ਦੱਸੋ?**

ਮੇਰਾ ਜਨਮ 12 ਅਪ੍ਰੈਲ 1952 ਨੂੰ ਪਿੰਡ ਜੰਡ ਵਾਲਾ ਭੀਮੇ ਸ਼ਾਹ ਜਿਲ੍ਹਾ ਫਿਰੋਜ਼ਪੁਰ ਪੰਜਾਬ ਵਿਖੇ ਗਿਆਨੀ ਚੰਨਣ ਸਿੰਘ ਅਤੇ ਮਾਤਾ ਗੁਰਦੇਵ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਮੇਰੀ ਧਰਮ ਪਤਨੀ ਬੀਬੀ ਸਰਬਜੀਤ ਕੌਰ ਹਨ ਅਤੇ ਮੇਰੇ ਤਿੰਨ ਧੀਆਂ ਤੇ ਤਿੰਨ ਪੁੱਤਰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਹਨ।

**✪ ਆਪ ਜੀ ਨੇ ਸੰਗੀਤ ਦੀ ਸਿੱਖਿਆ ਲੈਣੀ ਕਦੋਂ ਆਰੰਭ ਕੀਤੀ?**

ਮੈਂ 1974 ਤੋਂ 1976 ਤੱਕ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਗੁਰਮਤਿ ਸੰਗੀਤ ਦਾ ਡਿਪਲੋਮਾ ਕੀਤਾ।

**✪ ਆਪ ਜੀ ਆਪਣਾ ਪ੍ਰੇਰਨਾ ਸ੍ਰੋਤ ਕਿਸ ਨੂੰ ਮੰਨਦੇ ਹੋ?**

ਮੇਰੇ ਪੂਜਨੀਕ ਚਾਚਾ ਭਾਈ ਗੁਰਬਚਨ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਮੇਰੇ ਪ੍ਰੇਰਨਾ ਸ੍ਰੋਤ ਹਨ।

**✪ ਆਪ ਜੀ ਆਪਣੇ ਉਸਤਾਦ ਸਾਹਿਬਾਨਾਂ ਬਾਰੇ ਜਾਣਕਾਰੀ ਦਿਉ?**

ਪ੍ਰੋਫੈਸਰ ਅਵਤਾਰ ਸਿੰਘ ਜੀ ਨਾਜ਼ (ਅੰਮ੍ਰਿਤਸਰ) ਤੇ ਗਜ਼ਲ ਸਮਰਾਟ ਉਸਤਾਦ ਗੁਲਾਮ ਅਲੀ ਖਾਂ ਜੀ (ਲਾਹੌਰ) ਪਾਕਿਸਤਾਨ ਮੇਰੇ ਪੂਜਨੀਕ ਉਸਤਾਦ ਜੀ ਹਨ ਜਿਨ੍ਹਾਂ ਤੋਂ ਮੈਂ ਸੰਗੀਤ ਦੀ ਬਾਕਾਇਦਾ ਸਿੱਖਿਆ ਪ੍ਰਾਪਤ ਕੀਤੀ।

**✪ ਆਪ ਜੀ ਨੂੰ ਹੁਣ ਤੱਕ ਕਿਹੜੇ-ਕਿਹੜੇ ਮਾਣ-ਸਨਮਾਨ ਹਾਸਿਲ ਹੋਏ ਹਨ?**

ਅਸਲ ਮਾਨ-ਸਨਮਾਨ ਤਾਂ ਆਬ-ਏ-ਹਯਾਤ ਦੇ ਚਸ਼ਮੇ (ਸ੍ਰੀ ਹਰਿਮੰਦਰ ਸਾਹਿਬ) ਵਿਖੇ 26 ਸਾਲਾਂ ਤੋਂ ਨਿਰੰਤਰ ਕੀਰਤਨ ਸੇਵਾਵਾਂ ਅਤੇ ਕਰੋੜਾਂ ਹੀ ਸਿੱਖ ਸੰਗਤਾਂ ਵੱਲੋਂ ਮਿਲਿਆ ਪਿਆਰ, ਸਤਿਕਾਰ ਅਸੀਸਾਂ ਹੀ ਹਨ ਜੋ ਮੇਰਾ ਵਡਮੁੱਲਾ ਸਰਮਾਇਆ ਹੈ। ਫਿਰ ਵੀ ਦੁਨਿਆਵੀ ਤੌਰ 'ਤੇ ਮੈਨੂੰ 1990 ਵਿੱਚ ਗੁਰੂ ਰਾਮਦਾਸ ਗੁਰਪੁਰਬ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਥਮ ਕੀਰਤਨੀਆ ਐਵਾਰਡ, 1999 ਵਿੱਚ ਖਾਲਸਾ



ਫਤਿਹ ਜੰਗ ਫਿਰੋਜ਼ਪੁਰ ਵੱਲੋਂ ਗੋਲਡ ਮੈਡਲ, ਭਾਈ ਮਰਦਾਨਾ ਸੇਵਾ ਸੁਸਾਇਟੀ ਵੱਲੋਂ "ਭਾਈ ਮਰਦਾਨਾ ਐਵਾਰਡ ਸੰਨ 2000" 1994 ਵਿੱਚ ਇੰਡੀਅਨ ਮਿਊਜ਼ਿਕਲ ਇੰਡਸਟਰੀ ਮੁੰਬਈ ਵਿਖੇ ਡਿਵੋਸ਼ਨਲ ਨੈਸ਼ਨਲ ਐਵਾਰਡ, 2003 ਵਿੱਚ ਯੂਨਾਈਟਡ ਸਿੱਖ ਔਰਗੇਨਾਈਜ਼ੇਸਨਵੱਲੋਂ ਸਿਫਤੀ ਐਵਾਰਡ, 2004 ਵਿੱਚ ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼ ਲਾਸ ਐਂਜ਼ਲਸ ਯੂ.ਐਸ.ਏ ਵੱਲੋਂ ਭਾਈ ਮਰਦਾਨਾ ਐਵਾਰਡ, ਜੁਲਾਈ 2005 ਵਿੱਚ ਸਿੱਖ ਸੁਪਰੀਮ ਕੌਂਸਲ ਅਫਰੀਕਾ ਵੱਲੋਂ ਵਿਸ਼ੇਸ਼ ਸਨਮਾਨ, 31 ਮਾਰਚ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਲਈ ਵਿਸ਼ੇਸ਼ ਸਨਮਾਨ 30 ਅਗਸਤ 2006 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਕੀ (ਬਠਿੰਡਾ ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਸੰਪੂਰਨਤਾ ਦਿਵਸ ਮੌਕੇ ਸ਼੍ਰੋਮਣੀ ਰਾਗੀ ਦਾ ਐਵਾਰਡ ਗੁਰੂ ਸਾਹਿਬ ਦੀ ਕਿਰਪਾ ਸਦਕਾ ਪ੍ਰਾਪਤ ਹੋਏ ਹਨ।

**✪ ਹੁਣ ਤੱਕ ਆਪ ਜੀ ਦੀਆਂ ਕਿਹੜੀਆਂ - ਕਿਹੜੀਆਂ ਕੈਸਟਾਂ ਰਿਕਾਰਡ ਹੋ ਚੁੱਕੀਆਂ ਹਨ?**

ਮੇਰੀ ਆਸਾ ਜੀ ਦੀ ਵਾਰ ਦੀ ਕੈਸਿਟ ਜੋ ਟੀ-ਸੀਰੀਜ਼ ਵੱਲੋਂ ਰਿਲੀਜ਼ ਕੀਤੀ ਗਈ ਸੀ ਹੁਣ ਤੱਕ ਲੱਖਾਂ ਦੀ ਗਿਣਤੀ ਵਿੱਚ ਵਿਕ ਚੁੱਕੀ ਹੈ। ਸ੍ਰੀ ਸੁਖਮਨੀ ਸਾਹਿਬ ਜੀ ਨੂੰ ਰਾਗ ਗਉੜੀ 'ਚ ਗਾਇਨ ਕਰਕੇ ਸੰਗਤਾਂ ਦੀ ਸੇਵਾ ਵਿੱਚ ਭੇਟ ਕੀਤਾ। ਇਸ ਤੋਂ ਇਲਾਵਾ 5 ਕੈਸਿਟਾਂ ਤੰਤੀ ਸਾਜ਼ਾਂ ਨਾਲ ਗੁਰਬਾਣੀ ਗਾਇਨ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਬਣਦਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ। ਹੁਣ ਤੱਕ ਟੀ-ਸੀਰੀਜ਼ ਮਿਊਜ਼ਿਕ ਟੂਡੇ, ਮਿਊਜ਼ਿਕ ਮੈਮਰੀਜ਼, ਟਿਪਸ, ਫਾਈਨ ਟੱਚ, ਸਾਗਾ ਆਦਿ ਕੰਪਨੀਆਂ ਵੱਲੋਂ 5 ਦਰਜਨ ਦੇ ਕਰੀਬ ਆਡੀਓ ਸੀ.ਡੀਜ਼, ਵੀ.ਸੀ.ਡੀਜ਼ ਰਿਲੀਜ਼ ਕੀਤੀਆਂ ਜਾ ਚੁੱਕੀਆਂ ਹਨ।

**✪ ਜਵੱਦੀ ਟਕਸਾਲ ਦੀ ਗੁਰਮਤਿ ਸੰਗੀਤ ਨੂੰ ਦੇਣ ਬਾਰੇ ਕੀ ਕਹਿਣਾ ਚਾਹੁੰਦੇ ਹੋ?**

*ਜਵੱਦੀ ਟਕਸਾਲ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ ਕਰਨ ਸੰਬੰਧੀ ਅਜਿਹੀ ਚੇਤਨਾ ਲਹਿਰ ਆਰੰਭ ਕੇ ਅਜਿਹਾ ਵਡਮੁੱਲਾ ਕਾਰਜ ਕੀਤਾ ਜਿਸ ਦੇ ਨਤੀਜੇ ਵਜੋਂ ਅੱਜ ਰਾਗੀ ਸਿੰਘ ਅਤੇ ਸਿੱਖ ਨੌਜਵਾਨ ਪੀੜ੍ਹੀ ਦਾ ਰੁਝਾਨ ਪ੍ਰਚੱਲਿਤ ਤਰਜ਼ਾਂ ਨੂੰ ਛੱਡ ਕੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਵੱਲ ਹੋਇਆ ਹੈ। ਜਿਸ ਕਾਰਜ ਨੂੰ ਵੱਡੀਆਂ-ਵੱਡੀਆਂ ਸੰਸਥਾਵਾਂ ਨਹੀਂ ਕਰ ਸਕੀਆਂ ਉਹ ਚਮਤਕਾਰੀ ਕਾਰਜ ਬਾਬਾ ਸੁੱਚਾ ਸਿੰਘ ਜੀ ਨੇ ਕਰ ਦਿਖਾਇਆ। ਉਹ ਵਿਅਕਤੀ ਨਹੀਂ ਸਗੋਂ ਇੱਕ ਸੰਸਥਾ ਸਨ। ਇਥੇ ਮੈਂ ਇਹ ਗੱਲ ਜ਼ਰੂਰ ਦੱਸਣੀ ਚਾਹੁੰਦਾ ਹਾਂ ਕਿ ਭਾਵੇਂ ਮੈਂ 1979 ਤੋਂ ਸ੍ਰੀ ਦਰਬਾਰ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਕਰ ਰਿਹਾ ਹਾਂ ਪਰ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਰਾਗੀ ਵਜੋਂ ਪਛਾਣ 1991 ਵਿੱਚ ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਉਪਰੰਤ ਬਣੀ।* ਮੈਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ, ਭਾਈ ਸੋਹਣ ਸਿੰਘ ਜੀ ਅਤੇ ਗੁਰਸ਼ਬਦ ਸੰਗੀਤ ਅਕੈਡਮੀ ਦੇ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ ਜੀ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਬਾਬਾ ਜੀ ਵੱਲੋਂ ਆਰੰਭੀ ਗੁਰਮਤਿ ਸੰਗੀਤ ਦੀ ਲਹਿਰ ਨੂੰ ਨਿਰੰਤਰ ਅੱਗੇ ਤੋਰਿਆ ਹੈ। ਅਕਾਲ

ਪੁਰਖ ਇਨ੍ਹਾਂ ਨੂੰ ਸਦਾ ਚੜ੍ਹਦੀਆਂ ਕਲਾ ਬਖ਼ਸ਼ੇ!

✪ **ਤੁਸੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਦੋਂ ਤੋਂ ਕਰ ਰਹੇ ਹੋ?**

1979 ਤੋਂ ਲੈ ਕੇ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਤੌਰ ਹਜ਼ੂਰੀ ਰਾਗੀ ਸੰਗਤਾਂ ਦੀ ਸੇਵਾ ਕਰ ਰਿਹਾ ਹਾਂ ਅਤੇ ਮੇਰੀ ਇੱਛਾ ਹੈ ਕਿ ਮੈਂ ਆਪਣੇ ਅੰਤਲੇ ਸਵਾਸਾਂ ਤੱਕ ਕੀਰਤਨ ਦੀ ਸੇਵਾ ਵਿੱਚ ਹਾਜ਼ਰ ਰਹਾਂ। ਇਸ ਤੋਂ ਇਲਾਵਾ ਮੈਂ 1977 ਵਿੱਚ ਗੁਰਮਤਿ ਕਾਲਜ ਰਿਸ਼ੀਕੇਸ਼ ਯੂ.ਪੀ. ਅਤੇ 1978 ਸ਼ਹੀਦ ਸਿੰਘ ਮਿਸ਼ਨਰੀ ਕਾਲਜ ਬਾਬਾ ਫਤਿਹ ਸਿੰਘ, ਸੰਤ ਚੰਨਣ ਸਿੰਘ ਬੁੱਢਾ ਜੋਹੜ ਗੰਗਾ ਨਗਰ (ਰਾਜਸਥਾਨ) ਵਿਖੇ ਸੰਗੀਤ ਅਧਿਆਪਕ ਵਜੋਂ ਸੇਵਾ ਨਿਭਾ ਚੁੱਕਾ ਹਾਂ।

✪ **ਆਪ ਜੀ ਦੇ ਸ਼ੌਂਕ ਕਿਹੜੇ ਕਿਹੜੇ ਹਨ?**

ਕੁਦਰਤੀ ਪ੍ਰਕ੍ਰਿਤਿਕ ਨਜ਼ਾਰਿਆਂ ਨੂੰ ਮਾਨਣਾ, ਵਾਈਲਡ ਲਾਈਫ ਦਾ ਆਨੰਦ ਮਾਨਣਾ, ਲੋੜਵੰਦਾਂ ਤੇ ਗਰੀਬਾਂ ਦੀ ਸਹਾਇਤਾ ਲਈ ਤਤਪਰ ਰਹਿਣਾ, ਆਪਣੇ ਹੱਥੀਂ ਆਪਣਾ ਖਾਣਾ ਆਪ ਤਿਆਰ ਕਰ ਕੇ ਛਕਣਾ ਚੰਗਾ ਲਗਦਾ ਹੈ।

✪ **ਆਪ ਜੀ ਦੇ ਪਸੰਦੀਦਾ ਰਾਗੀ ਸਿੰਘ ਕਿਹੜੇ-ਕਿਹੜੇ ਹਨ?**

ਮਰਹੂਮ ਭਾਈ ਬਖ਼ਸ਼ੀਸ਼ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਸ਼ਮਸ਼ੇਰ ਸਿੰਘ ਜਖ਼ਮੀ, ਭਾਈ ਮੋਹਣਪਾਲ ਸਿੰਘ, ਭਾਈ ਪ੍ਰਿਥੀਪਾਲ ਸਿੰਘ ਪਟਿਆਲਾ, ਭਾਈ ਜਸਵੰਤ ਸਿੰਘ, ਪਾਲ ਸਿੰਘ (ਜੱਸਾ-ਪਾਲਾ) ਮੇਰੇ ਪਸੰਦੀਦਾ ਰਾਗੀ ਸਿੰਘ ਹਨ।

✪ **ਆਪ ਆਪਣੇ ਜੀਵਨ ਦੀ ਕੋਈ ਯਾਦਗਾਰੀ ਘਟਨਾ ਬਾਰੇ ਦੱਸੋ?**

ਘਟਨਾਵਾਂ ਤਾਂ ਅਨੇਕ ਹਨ ਪਰ ਖ਼ਾਸ ਘਟਨਾ ਦਾ ਜ਼ਿਕਰ ਜ਼ਰੂਰ ਕਰਾਂਗਾ। ਗੱਲ 1998 ਦੀ ਹੈ। ਅਮਰੀਕਾ ਦੌਰੇ ਸਮੇਂ ਮੈਂ ਬੀਮਾਰ ਹੋ ਗਿਆ ਸਾਂ ਇਸੇ ਦੌਰਾਨ ਇੱਕ ਅਜਨਬੀ ਸ਼ਖ਼ਸ ਜਿਸ ਨੂੰ ਮੈਂ ਜਾਣਦਾ ਤੱਕ ਨਹੀਂ ਸਾਂ। ਡਾਕਟਰ ਨਵਪ੍ਰਭਾਤ ਜੋ ਛੱਤੀਸਗੜ੍ਹ ਦਾ ਰਹਿਣ ਵਾਲਾ ਸੀ ਅਤੇ ਮੁਕਤਸਰ ਵਿਖੇ ਮਾਤਾ ਭਾਗੋ ਜੀ ਦੇ ਆਯੂਰਵੈਦਿਕ ਕਾਲਜ ਵਿੱਚ ਬਤੌਰ ਪ੍ਰੋਫੈਸਰ ਸੀ, ਨੇ ਇਹ ਅਰਦਾਸ ਕੀਤੀ ਕਿ ਭਾਈ ਨਿਰਮਲ ਸਿੰਘ ਜੀ ਦੇ ਠੀਕ ਹੋ ਜਾਣ ਤੇ ਮੈਂ ਮੁਕਤਸਰ ਸ੍ਰੀ ਦਰਬਾਰ ਸਾਹਿਬ ਤੋਂ ਚੱਲਕੇ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਤੱਕ ਪੈਦਲ ਜਾਵਾਂਗਾ, ਸੋ ਮੈਂ ਠੀਕ ਹੋ ਗਿਆ ਤਾਂ ਉਸ ਹਿੰਦੂ ਜੈਂਟਲਮੈਨ ਨੇ ਇੰਜ ਹੀ ਕੀਤਾ। ਉਸ ਨੇ ਜੂਨ ਮਹੀਨੇ ਦੀ ਗਰਮੀ ਦੇ ਪੂਰੇ ਇਕ ਹਫਤੇ ਤੱਕ ਪੈਦਲ ਚੱਲ ਕੇ ਸ੍ਰੀ ਦਰਬਾਰ ਸਾਹਿਬ ਜਾ ਕੇ ਅਕਾਲ ਪੁਰਖ ਜੀ ਦਾ ਸ਼ੁਕਰਾਨਾ ਕੀਤਾ। ਉਸ ਘਟਨਾ ਉਪਰੰਤ ਮੈਂ ਉਸ ਨੂੰ ਆਪਣਾ ਛੋਟਾ ਭਰਾ ਮੰਨ ਲਿਆ।

✪ **ਨਵੀਂ ਪੀੜ੍ਹੀ ਦੇ ਰਾਗੀਆਂ ਨੂੰ ਕੀ ਕਹਿਣਾ ਚਾਹੋਗੇ?**

ਨਵੀਂ ਪੀੜ੍ਹੀ ਦੇ ਰਾਗੀਆਂ ਨੂੰ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਆਰੰਭੀ ਲਹਿਰ ਤੋਂ ਪ੍ਰੇਰਨਾ ਲੈਂਦਿਆਂ ਹੋਇਆਂ ਗੁਰਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਜਵੱਦੀ ਟਕਸਾਲ ਵੱਲੋਂ ਗੁਰਮਤਿ ਸੰਗੀਤ ਦੀ ਇਸ ਲਹਿਰ ਨੂੰ ਨਿਰੰਤਰ ਜਾਰੀ ਰੱਖਣ ਵਿੱਚ ਵਿਸ਼ੇਸ਼ ਸਹਿਯੋਗ ਦੇਣਾ ਚਾਹੀਦਾ ਹੈ।



# ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਦਰਜ ਲੋਕ ਗਾਇਨ ਸ਼ੈਲੀਆਂ ਦਾ ਸਭਿਆਚਾਰਕ ਅਤੇ ਸੰਗੀਤਕ ਅਧਿਐਨ

ਡਾ. ਜਸਬੀਰ ਕੌਰ ਪਟਿਆਲਾ

ਵਿਸ਼ਵ ਦੇ ਸਮੂਹ ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਤਪਤੀ ਇਕ ਚਮਤਕਾਰ ਤੇ ਕ੍ਰਿਸ਼ਮਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਈ ਵਿਸ਼ੇਸ਼ਤਾਈਆਂ ਕਾਰਨ ਦੂਜੇ ਧਰਮ ਗ੍ਰੰਥਾਂ ਨਾਲੋਂ ਵਿਲੱਖਣ ਹੈ। ਸਾਮੀ ਤੇ ਪੂਰਬੀ ਧਰਮ ਗ੍ਰੰਥਾਂ ਵਿੱਚ ਸੰਗੀਤ ਦਾ ਜ਼ਿਕਰ ਤਾਂ ਹੈ ਪਰ ਇਸ ਦੇ ਇਲਾਹੀ ਕਲਾਮ ਨੂੰ ਰਾਗ ਦੀਆਂ ਬੰਦਿਸ਼ਾਂ ਦੇ ਅਧੀਨ ਰੱਖ ਕੇ ਨਹੀਂ ਚਿਤਵਿਆ ਗਿਆ। ਸਾਰੇ ਧਰਮ ਗ੍ਰੰਥਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਐਸਾ ਧਰਮ ਗ੍ਰੰਥ ਹੈ ਜਿਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਦੇ ਆਧਾਰ 'ਤੇ ਕੀਤੀ ਅਤੇ ਇਸ ਗ੍ਰੰਥ ਨੂੰ ਉੱਘੇ ਵਿਦਵਾਨ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ 1604 ਈ: ਵਿੱਚ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰਕੇ ਇਸ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਅਤੇ ਪਹਿਲੇ ਰਬਾਬੀ ਕੀਰਤਨੀਏ ਭਾਈ ਸੱਤਾ ਅਤੇ ਬਲਵੰਡ ਰੱਖਿਆ। ਸ੍ਰੀ ਦਰਬਾਰ ਸਾਹਿਬ ਤੋਂ ਨਿਰੰਤਰ ਹਰ ਸਮੇਂ ਗੁਰਬਾਣੀ ਗਾਇਨ ਕਰਨ ਦੀ ਨਿਰਧਾਰਿਤ ਮਰਿਯਾਦਾ ਗੁਰੂ ਸਾਹਿਬ ਨੇ ਆਪ ਕਾਇਮ ਕੀਤੀ। ਗੁਰਬਾਣੀ ਦਾ ਫੁਰਮਾਨ ਹੈ:- *ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥ (ਅੰਗ ੩੮੫)* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਪੱਖ ਤੋਂ ਸਮੁੱਚੀ ਮਾਨਵਤਾ ਲਈ ਇੱਕ ਵਿਲੱਖਣ ਗੁਰਮਤਿ ਸੰਗੀਤ/ਕੀਰਤਨ ਦਾ ਭੰਡਾਰ ਹੈ। ਗੁਰਮਤਿ ਸੰਗੀਤ ਰਾਗ ਤੇ ਬਾਣੀ ਦਾ ਇੱਕ ਸੁਚੱਜਾ ਮੇਲ ਹੈ। ਇਸ ਗ੍ਰੰਥ ਦੀ ਬਹੁ-ਪਾਸਾਰੀ ਮਹੱਤਤਾ ਤੋਂ ਸਾਡੀ ਦ੍ਰਿਸ਼ਟੀ ਇਸ ਦੇ ਰਾਗ-ਪ੍ਰਬੰਧ ਸੰਦਰਭ ਵਿੱਚ ਨਿਹਿਤ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਸੰਪਾਦਨ ਕਰਨ ਸਮੇਂ, ਇਸ ਦੇ ਰਾਗ-ਪ੍ਰਬੰਧ ਨੂੰ ਇੱਕ ਵਿਸ਼ੇਸ਼ ਦ੍ਰਿਸ਼ਟੀ ਤੋਂ ਸਨਮੁੱਖ ਰੱਖਿਆ ਕਿਉਂਕਿ ਗੁਰੂ ਸਾਹਿਬ ਜੀ ਨੂੰ ਰਾਗ ਅਤੇ ਸੰਗੀਤ ਬਾਰੇ ਡੂੰਘੀ ਜਾਣਕਾਰੀ ਵੀ ਸੀ ਅਤੇ ਮਹਾਨ ਕੀਰਤਨੀਏ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ-ਪ੍ਰਬੰਧ ਦੀ ਦ੍ਰਿਸ਼ਟੀ ਤੋਂ, ਪ੍ਰਾਪਤ ਇਹ ਪਹਿਲਾ ਗ੍ਰੰਥ ਹੈ ਜੋ ਇਕ ਵਿਸ਼ੇਸ਼ ਸ਼ੈਲੀ ਅਧੀਨ, ਸੰਪਾਦਨਾ ਦਾ ਉੱਤਮ ਨਮੂਨਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਦੇ ਰਾਗ-ਪ੍ਰਬੰਧ ਵਿੱਚ ਅੰਕਿਤ ਹੈ। ਜਿਸ ਵਿੱਚ ਜਪੁਜੀ ਸਾਹਿਬ, ਸਵਯੈ, ਸਲੋਕ, ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ ਰਾਗ ਮੁਕਤ ਬਾਣੀ ਅਧੀਨ ਆਉਂਦੇ ਹਨ। ਗੁਰੂ ਸਾਹਿਬ ਨੇ ਬਾਣੀ ਦੀ ਰਚਨਾ ਅਤੇ ਤਰਤੀਬ ਦੌਰਾਨ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਨਾਲ-ਨਾਲ ਲੋਕ ਗਾਇਨ ਸ਼ੈਲੀਆਂ ਅਤੇ ਲੋਕ-ਕਾਵਿ ਰੂਪਾਂ ਦਾ ਵੀ ਪ੍ਰਯੋਗ ਕੀਤਾ। ਹਰ ਰਾਗ ਵਿੱਚ ਬਾਣੀ ਦੀ ਤਰਤੀਬ: ਸ਼ਬਦ, ਅਸ਼ਟਪਦੀਆਂ, ਛੰਤ, ਸਲੋਕ ਤੇ ਵਾਰ ਉਪਰੋਕਤ ਭਗਤਾਂ ਦੀ ਬਾਣੀ ਨੂੰ ਵੀ ਉਸੇ ਤਰ੍ਹਾਂ ਤਰਤੀਬ ਵਿੱਚ ਲਿਖਿਆ ਜੋ ਤਰਤੀਬ ਗੁਰੂ ਸਾਹਿਬਾਨ ਦੀ ਬਾਣੀ ਨੂੰ ਦਿੱਤੀ। ਜੇ ਕੋਈ ਹੋਰ ਸ਼ੈਲੀ ਦਾ ਪ੍ਰਯੋਗ ਕਰਨਾ ਹੁੰਦਾ ਤਾਂ ਉਸ ਨੂੰ ਵਾਰ ਤੋਂ ਪਹਿਲਾਂ ਅੰਕਿਤ ਕੀਤਾ ਜਾਂਦਾ। ਇਸ ਪ੍ਰਕਾਰ ਗੁਰੂ ਸਾਹਿਬ ਨੇ ਪਹਿਲੇ ਚਾਰੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਆਪਣੀ ਬਾਣੀ ਮਿਲਾ ਕੇ ਵੱਖ-ਵੱਖ ਰਾਗਾਂ ਦੇ ਸਿਰਲੇਖ ਹੇਠ ਸਮੁੱਚੀ ਬਾਣੀ ਦਾ ਸੰਕਲਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਕਈ ਰਾਗਾਂ ਪ੍ਰਥਾਇ ਸਲੋਕ ਉਚਾਰੇ, ਕਈ ਨਵੀਆਂ ਗਾਇਨ ਸ਼ੈਲੀਆਂ ਦੀ ਆਪਣੀ ਬਾਣੀ ਵਿੱਚ ਵਰਤੋਂ ਕੀਤੀ। ***ਗੁਰੂ ਸਾਹਿਬ ਨੇ ਵੱਖ-ਵੱਖ ਰਾਗਾਂ ਵਿੱਚ***

***ਉਸ ਸਮੇਂ ਵਿਚ ਪ੍ਰਚੱਲਿਤ ਲੋਕ ਗੀਤਾਂ ਦੀਆਂ ਧਾਰਨਾਂ, ਰੂਹ ਤੇ ਲਹਿਜਾ ਅੰਕਿਤ ਕਰਕੇ ਇਸ ਬਾਣੀ ਨੂੰ ਤੇ ਇਸ ਦੇ ਨਾਲ ਹੀ ਗੁਰਮਤਿ ਨੂੰ ਆਮ ਲੋਕਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ। ਲੋਕਾਂ ਦੀਆਂ ਰਸਮਾਂ, ਰੀਤਾਂ ਤੇ ਰਵਾਇਤਾਂ ਨੂੰ ਵੀ ਬਾਣੀ ਰਾਹੀਂ ਸੰਭਾਲਿਆ ਤੇ ਅਗਲੀਆਂ ਪੀੜ੍ਹੀਆਂ ਨੂੰ ਵਿਰਸੇ ਦੇ ਰੂਪ ਵਿੱਚ ਪੇਸ਼ ਕੀਤਾ। ਘੋੜੀਆਂ, ਅਲਾਹੁਣੀਆਂ, ਪਹਿਰੇ, ਸੀ-ਹਰਫ਼ੀ, ਕਾਫ਼ੀ, ਬਾਰਾਮਾਹ, ਛੰਦ, ਚਉਬੋਲੇ, ਸਲੋਕ, ਦੋਹਰੇ, ਵਾਰਾਂ, ਧੁਨੀਆਂ ਆਦਿ ਉਸ ਸਮੇਂ ਦੇ ਲੋਕ ਗੀਤ ਸਨ; ਜਿਨ੍ਹਾਂ ਰਾਹੀਂ ਉਨ੍ਹਾਂ ਨੇ ਸਰਲ ਢੰਗ ਨਾਲ ਗੁਰੂ ਦੇ ਸੰਦੇਸ਼ ਨੂੰ ਲੋਕਾਂ ਦੇ ਘਰ-ਘਰ ਪਹੁੰਚਾ ਦਿੱਤਾ। ਗੁਰੂ ਸਾਹਿਬ ਨੇ ਦਿਨ ਰੈਣਿ, ਬਿਰਹੜੇ, ਗੁਣਵੰਤੀ, ਅੰਜੁਲੀਆਂ, ਸੋਹਲੇ, ਗਾਥਾ, ਫੁਨਹੇ, ਚਉਬੋਲੇ ਆਦਿ ਲੋਕ ਕਾਵਿ ਰੂਪਾਂ ਨੂੰ ਆਪਣੀ ਬਾਣੀ ਵਿੱਚ ਵਰਤਿਆ। ਉਨ੍ਹਾਂ ਵੱਲੋਂ ਰਚਿਤ 36 ਪੜਤਾਲ ਅਤੇ ਗਉੜੀ ਰਾਗ ਵਿੱਚ ਉਚਾਰੀ ਬਾਣੀ ਸ੍ਰੀ ਸੁਖਮਨੀ ਸਾਹਿਬ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਇਸ ਤੋਂ ਇਲਾਵਾ ਮਾਝ ਰਾਗ ਵਿੱਚ ਬਾਰਾਮਾਹ ਅਤੇ ਰਾਗ ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਬਸੰਤ ਵਿੱਚ 6 ਵਾਰਾਂ ਦਰਜ ਹਨ।*** ਇੱਥੇ ਅਸੀਂ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਲੋਕ ਗਾਇਨ ਸ਼ੈਲੀਆਂ ਦਾ ਹੀ ਜ਼ਿਕਰ ਕਰਾਂਗੇ।

## 1 ਫੁਨਹੇ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਫੁਨਹੇ ਇੱਕ ਛੰਦ ਹੈ ਜਿਸ ਦੇ ਹੋਰ ਨਾਂ 'ਹਰਿਹਾਂ', 'ਚੰਦ੍ਰਾਯਣ', ਪਰਿਹਾ ਆਦਿ ਹਨ।[1] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਰਚਿਤ ਬਾਣੀ 'ਫੁਨਹੇ' ਹੇਠ ਦਰਜ ਹੈ ਇਸ ਦੇ 23 ਪਦੇ ਹਨ। 'ਫੁਨਹਾ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਪੁਨਹ' ਦਾ ਤਦਭਵ ਹੈ ਜਿਸ ਦੇ ਲਫ਼ਜ਼ੀ ਅਰਥ ਹਨ ਫਿਰ ਜਾਂ ਮੁੜ ਮੁੜ ਹੈ।ਇਸ ਵਿੱਚ ਕੋਈ ਸ਼ਬਦ ਘੜੀ ਮੁੜੀ ਵਰਤਿਆ ਜਾਣ ਕਰਕੇ ਇਸ ਨੂੰ 'ਫੁਨਹਾ' ਕਿਹਾ ਗਿਆ ਹੈ। ਇਸ ਦੇ ਪਿਛੋਕੜ ਵੱਲ ਅਗਰ ਨਜ਼ਰ ਮਾਰੀ ਜਾਵੇ ਤਾਂ ਉਹ ਲੋਕ ਗੀਤਾਂ ਨਾਲ ਜੁੜਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ 'ਮਾਹੀ ਏ ਵਗਦੀ ਵੇ ਰਾਵੀ' ਅਤੇ 'ਜੁਗਨੀ' ਆਦਿ ਸ਼ਬਦਾਂ ਦਾ ਦੁਹਰਾਓ ਸੰਗੀਤ ਉਤਪੰਨ ਕਰਨ ਲਈ ਕਿਹਾ ਗਿਆ ਹੈ।[2] ਇਸ ਨੂੰ ਇੱਕ ਛੰਦ ਵੀ ਮੰਨਿਆ ਗਿਆ ਹੈ ਜਿਸ ਵਿੱਚ ਸ਼ਬਦ 'ਹਰਿਹਾ' ਮੁੜ-ਮੁੜ ਆਉਂਦਾ ਹੈ।[3] ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਗਏ ਪੰਨਿਆਂ ਵਿੱਚ ਵੀ ਅਖੀਰਲੀ ਤੁਕ ਵਿੱਚ 'ਹਰਿਹਾ' ਸ਼ਬਦਾਂ ਦਾ ਦੁਹਰਾਉ ਹੈ। ਕੰਤ ਦੇ ਸੁਹਾਗਣ ਰੂਪ ਦੁਆਲੇ ਘੁੰਮਦੀ ਇਹ ਰਚਨਾ ਸ਼ਿੰਗਾਰ ਰਸ ਦੇ ਭਾਵ ਨੂੰ ਉਜਾਗਰ ਕਰਦੀ ਹੈ। ਗੁਰਬਾਣੀ ਵਿੱਚ ਦਰਜ ਹੈ:-

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥**
**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥੩॥**
**ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥**
**ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥**
**ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥**
**ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ॥ (ਅੰਗ ੧੩੬੧)**

ਉਪਰੋਕਤ ਗੁਰਬਾਣੀ ਦੀਆਂ ਤੁਕਾਂ ਵਿੱਚ ਸੋਲਾਂ ਸ਼ਿੰਗਾਰ ਦੀਆਂ ਵਸਤਾਂ ਨੂੰ ਗੁਰੂ ਸਾਹਿਬ ਨੇ ਨਕਾਰਿਆ ਹੈ। ਮਨੁੱਖ ਦੇ ਸਾਰੇ ਸੰਸਾਰਿਕ ਪ੍ਰੰਪਚ ਅਤੇ ਐਸ਼ਵਰਥ ਪ੍ਰਮਾਤਮਾ ਦੇ ਪ੍ਰੇਮ ਤੋਂ



ਬਿਨਾਂ ਵਿਅਰਥ ਹਨ। ਮਨੁੱਖ ਗੁਰੂ ਸਾਹਿਬ ਦੀ ਬਖ਼ਸ਼ਿਸ਼, ਸਾਧ ਸੰਗਤ, ਨਾਮ ਸਿਮਰਨ ਕਰਕੇ ਅਤੇ ਹੋਰ ਲੋਭ ਲਾਲਚ ਨੂੰ ਤਿਆਗ ਕੇ ਹੀ ਵਿਸ਼ੇ ਵਿਕਾਰਾਂ ਵਾਲੇ ਭਵ-ਸਾਗਰ ਨੂੰ ਤਰ ਕੇ ਪ੍ਰਮਾਤਮਾ ਨੂੰ ਪਾ ਸਕਦਾ ਹੈ। ਇਨ੍ਹਾਂ 'ਫੁਨਹਿਆਂ' ਵਿੱਚ ਗੁਰੂ ਸਾਹਿਬ ਨੇ ਇਨ੍ਹਾਂ ਲੋਕ ਕਾਵਿ ਰੂਪਾਂ ਵਿੱਚ ਅਧਿਆਤਮਿਕ ਰੰਗ ਭਰ ਕੇ ਬਾਣੀ ਦਾ ਪ੍ਰਚਾਰ ਕੀਤਾ। ਗੁਰਮਤਿ ਸੰਗੀਤ ਦੇ ਪੱਖ ਤੋਂ ਇਨ੍ਹਾਂ ਦਾ ਗਾਇਨ ਲੋਕ ਕਾਵਿ-ਰੂਪਾਂ ਨਾਲ ਹੀ ਕਰਨ ਦੀ ਪਰੰਪਰਾ ਹੈ। ਇਹ ਮੰਗਲ ਗੀਤ ਹਨ ਜੋ ਬੱਚੇ ਦੇ ਜਨਮ ਸਮੇਂ, ਦੁਲਹਨ ਦੇ ਹਾਰ-ਸ਼ਿੰਗਾਰ ਕਰ ਲੈਣ ਪਿੱਛੋਂ ਗਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਰਚੇ ਫੁਨਹੇ ਦਾ ਚਰਿੱਤਰ ਇਸ ਕਾਵਿ ਰੂਪ ਦੇ ਅਨੁਕੂਲ ਹੈ।[4]

## 2 ਮੁੰਦਾਵਣੀ

ਗੁਰੂ ਗ੍ਰੰਥ ਸਾਹਿਬ ਵਿੱਚ ਮੁੰਦਾਵਣੀ ਸ਼ਬਦ ਦੋ ਥਾਈਂ ਦੋ ਰੂਪਾਂ ਵਿੱਚ ਆਇਆ ਹੈ - ਮੁਦਾਵਣੀ ਅਤੇ ਮੁੰਦਾਵਣੀ। 'ਮੁਦਾਵਣੀ' ਸ਼ਬਦ 'ਮੁਦ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਪ੍ਰਸੰਨ ਕਰਨ, ਬੁਝਾਰਤ ਜਾਂ ਪਹੇਲੀ ਹਨ।[5] ਪੱਛਮੀ ਪੰਜਾਬ ਵਿੱਚ 'ਮੁਦਾਵਣੀ' ਰੀਤ ਅਜੇ ਵੀ ਪ੍ਰਚਲਿਤ ਹੈ। ਪੋਠੋਹਾਰ ਦੇ ਇਲਾਕੇ ਵਿੱਚ ਇਹ ਰਸਮ ਬਰਾਤ ਦੇ ਰੋਟੀ ਖਾਣ ਸਮੇਂ ਥਾਲੀ 'ਬੰਨ੍ਹ ਕੇ' ਕੀਤੀ ਜਾਂਦੀ ਹੈ। ਇਹ ਰੀਤ ਕੇਂਦਰੀ ਪੰਜਾਬ ਦੀ ਜੰਞ ਬੰਨ੍ਹਣ ਦੀ ਰੀਤ ਨਾਲ ਮੇਲ ਖਾਂਦੀ ਹੈ। ਇਸ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਹਨ ਜਾਂ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ 'ਮੁਦਾਵਣੀ' ਅਖਵਾਉਂਦੀਆਂ ਹਨ। ਇਨ੍ਹਾਂ ਗੀਤਾਂ ਵਿੱਚ ਥਾਲੀ ਅਤੇ ਉਸ ਵਿੱਚ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਤੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ ਪੋਠੋਹਾਰ ਵਿੱਚ ਮੁੰਦਾਵਣੀ ਅਖਵਾਉਂਦੀਆਂ ਹਨ। ਇਨ੍ਹਾਂ ਰੀਤਾਂ ਵਿੱਚ ਥਾਲ ਵਿੱਚ ਪਈਆਂ ਵਸਤਾਂ ਦਾ ਜ਼ਿਕਰ ਕੀਤਾ ਜਾਂਦਾ ਹੈ।[6] ਗੁਰੂ ਅਰਜਨ ਦੇਵ ਜੀ ਨੇ ਜਿਹੜੀ ਵਿਸ਼ੇਸ਼ ਵਸਤੂ ਇਸ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿੱਚ ਰੱਖੀ ਹੈ, ਉਸ ਦਾ ਸੰਖੇਪ ਰੂਪ ਵਿੱਚ ਵਰਣਨ ਦਿੱਤਾ ਗਿਆ ਹੈ। ਡਾ. ਬੇਦੀ ਅਨੁਸਾਰ ਇਹ ਥਾਲੀ ਬਨਣ ਦੀ ਹੀ ਰੀਤ ਹੈ।[7] ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਮੁਹਰ ਜਾਂ ਛਾਪ ਲਾਉਣ ਦੀ ਕਿਰਿਆ ਹੈ।[8] ਦੂਜਾ ਰੂਪ ਮੁਦਾਵਣੀ ਮਹਲਾ 5 ਗੁਰੂ ਗ੍ਰੰਥ ਸਾਹਿਬ ਦੇ ਅੰਤ ਉੱਤੇ ਸਿਰਲੇਖ ਵਜੋਂ ਆਇਆ ਹੈ। ਇਹ 'ਮੁੰਦ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ - 'ਮੁਹਰ-ਛਾਪ'। ਪੁਰਾਤਨ ਭਾਰਤ ਵਿੱਚ ਰੀਤ ਸੀ ਕਿ ਮਹਾਰਾਜਿਆਂ ਦੇ ਖਾਣ-ਪਾਣ ਦਾ ਪ੍ਰਬੰਧ ਕਰਨ ਵਾਲਾ ਸਰਦਾਰ ਆਪਣੇ ਸਾਹਮਣੇ ਭੋਜਨ ਤਿਆਰ ਕਰਵਾ ਕੇ ਦੇਗਚੇ ਉੱਤੇ ਮੋਹਰ ਲਾ ਦਿੰਦਾ ਸੀ; ਤਾਂ ਜੋ ਕੋਈ ਜ਼ਹਿਰ ਆਦਿ ਨਾ ਮਿਲਾ ਦੇਵੇ। ਫਿਰ ਜਦੋਂ ਥਾਲ ਪਰੋਸਦਾ ਹੈ ਤਾਂ ਵੀ ਥਾਲ ਪੁਰ ਸਰਪੋਸ਼ ਦੇ ਕੇ ਮੋਹਰ ਲਾ ਦਿੰਦਾ ਹੈ ਅਤੇ ਉਹ ਮੋਹਰ ਜ਼ਿੰਮੇਵਾਰ ਸਰਦਾਰ ਦੇ ਰੂ-ਬ-ਰੂ ਮਹਾਰਾਜੇ ਦੇ ਸਾਹਮਣੇ ਖੋਲ੍ਹੀ ਜਾਂਦੀ ਸੀ।[9] ਉਪਰੋਕਤ ਭਾਵ ਨੂੰ ਲੈ ਕੇ ਗੁਰਬਾਣੀ ਵਿੱਚ ਦਰਜ ਹੈ **"ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥"**[10] ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਮੁੰਦਾਵਣੀ' ਵਿੱਚ ਲੋਕ ਰੀਤ ਮੁੰਦਾਵਣੀ ਨੂੰ ਹੀ ਰੁਪਾਂਤਰਿਤ ਕਰਕੇ ਪੇਸ਼ ਕੀਤਾ ਗਿਆ ਹੈ। ਬਾਣੀ ਵਿੱਚ ਦਰਜ ਹੈ:-

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**

**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥**[11]

ਉਪਰੋਕਤ ਬਾਣੀ ਵਿੱਚ ਅਲੰਕਾਰ ਰਾਹੀਂ ਭੋਜਨ ਕਰਨ ਲਈ ਪਰੋਸੇ ਹੋਏ ਥਾਲ ਦਾ ਚਿੱਤਰਣ ਕਰਕੇ ਉਸ ਦੀ ਅਭੇਦਤਾ ਗੁਰੂ ਗ੍ਰੰਥ ਰੂਪੀ ਥਾਪ ਨਾਲ ਪੇਸ਼ ਕੀਤੀ ਗਈ ਹੈ। ਜਿਸ ਵਿੱਚ ਸਤ, ਸੰਤੋਖ ਅਤੇ ਵਿਚਾਰ ਨਾਂ ਦੇ ਤਿੰਨ ਖਾਧ ਪਦਾਰਥ ਹਨ ਜਿਨ੍ਹਾਂ ਤੋਂ ਨਾਮ ਰੂਪੀ ਅੰਮ੍ਰਿਤ ਦੇ ਸੰਯੋਗ ਨਾਲ ਅਜਿਹਾ ਭੋਜਨ ਤਿਆਰ ਕੀਤਾ ਗਿਆ ਹੈ, ਜਿਸ ਨਾਲ ਸੰਸਾਰ ਦੀ ਅਧਿਆਤਮਿਕ ਭੁੱਖ ਸਦਾ ਲਈ ਮਿਟ ਜਾਂਦੀ ਹੈ। ਇਸ ਭੋਜਨ ਦੇ ਸੇਵਨ ਤੋਂ ਬਿਨਾਂ ਅੰਧਕਾਰ ਮਈ ਸੰਸਾਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ।[12] ਸਿੱਖ ਧਰਮ ਦੀ ਕੀਰਤਨ ਪਰੰਪਰਾ ਵਿੱਚ ਮੁੰਦਾਵਣੀ ਦਾ ਗਾਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪੈਣ ਸਮੇਂ ਅਤੇ ਰੋਜ਼ਾਨਾ ਰਹਿਰਾਸ ਦੇ ਪਾਠ ਤੋਂ ਬਾਅਦ ਬਿਨਾਂ ਸਾਜ਼ਾਂ ਤੋਂ ਸਮੂਹਿਕ ਰੂਪ ਵਿੱਚ ਇੱਕ ਲੈਅ ਵਿੱਚ ਕਰਨ ਦੀ ਪਰੰਪਰਾ ਹੈ।

### 3 ਅੰਜੁਲੀ

ਅੰਜੁਲੀ ਸੰਸਕ੍ਰਿਤ ਸ਼ਬਦ ਹੈ। ਇਸ ਦੇ ਅਰਥ ਹਨ, ਦੋ ਹੱਥ ਜੋੜ ਕੇ ਬੇਨਤੀ ਕਰਨਾ।[13] ਇਹ ਉਹ ਬੇਨਤੀ ਹੈ ਜੋ ਪ੍ਰਮਾਤਮਾ ਤੋਂ ਉਸ ਦਾ ਸ਼ਬਦ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਜੁੜੇ ਹੋਏ ਹੱਥਾਂ (ਬੁੱਕ) ਡੂਨੇ ਦੀ ਸ਼ਕਲ ਦੇ ਬਣਾਏ ਹੋਏ ਹੱਥਾਂ ਨੂੰ ਅੰਜੁਲੀ ਆਖਦੇ ਹਨ।[14] ਵਣਜਾਰਾ ਬੇਦੀ ਅੰਜੁਲੀ ਨੂੰ ਇੱਕ ਖਾਸ ਰੀਤ ਨਾਲ ਜੋੜਦੇ ਹਨ। ਪਾਣੀ ਦੀ ਚੂਲੀ ਜੋ ਦੇਵਤਿਆਂ ਤੇ ਪਿਤਰਾਂ ਨੂੰ ਅਰਪਣ ਕੀਤੀ ਜਾਵੇ ਉਸ ਨੂੰ ਅੰਜੁਲੀ ਕਹਿੰਦੇ ਹਨ। ਹਿੰਦੂਆਂ ਵਿੱਚ ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਮੁਰਦੇ ਦੇ ਦਾਹ ਮਗਰੋਂ ਪਾਣੀ ਵਿੱਚ ਤਿਲ ਮਿਲਾ ਕੇ ਚੁਲੀਆਂ ਦੇਣ ਦੀ ਰੀਤ ਹੈ ਜਿਸ ਨੂੰ ਤਿਲ-ਅੰਜਲੀ ਅਥਵਾ ਤਿਲਾਂਜਲੀ ਕਹਿੰਦੇ ਹਨ। ਧਾਰਨਾ ਹੈ ਕਿ ਇਹ ਪਾਣੀ ਮਰੇ ਪ੍ਰਾਣੀ ਨੂੰ ਅਗਲੇ ਜਨਮ ਵਿੱਚ ਪ੍ਰਾਪਤ ਹੁੰਦਾ ਹੈ।[15]

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਜ ‘ਅੰਜੁਲੀ’ ਅੰਜੁਲੀਆਂ ਸਿਰਲੇਖ ਇਸ ਉਪਰੋਕਤ ਰੀਤ ਨਾਲ ਸਬੰਧਿਤ ਕਾਵਿ ਰੂਪ ਹੈ।[16] ਇਨ੍ਹਾਂ ਦੋਹਾਂ ਰਚਨਾਵਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਵੱਲ ਸੰਕੇਤ ਹੈ। ਇਸ ਕਾਵਿ ਰੂਪ ਨੂੰ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਅਪਨਾਇਆ ਹੈ ਗੁਰੂ ਸਾਹਿਬ ਜੀ ਨੇ ਮਾਰੂ ਰਾਗ ਵਿੱਚ ਚਾਰ ਅੰਜਲੀਆਂ ਲਿਖੀਆਂ ਹਨ। ਇਹ ਅੰਜਲੀਆਂ ਦੋ ਮਾਰੂ ਰਾਗ ਦੇ ਪਦਿਆਂ ਵਿੱਚ ਅਤੇ ਦੋ ਅਸ਼ਟਪਦੀਆਂ ਵਿੱਚ ਦਰਜ ਹਨ। ਇਨ੍ਹਾਂ ਅੰਜਲੀਆਂ ਵਿੱਚ ਗੁਰੂ ਸਾਹਿਬ ਨੇ ਪ੍ਰਾਣੀ ਨੂੰ ਪ੍ਰਮਾਤਮਾ ਦੀ ਸ਼ਰਣ, ਸਮਰਪਣ ਅਤੇ ਲੋਕਾਂ ਦੁਆਰਾ ਪ੍ਰਾਣੀ ਦੀ ਮੌਤ ਤੋਂ ਬਾਅਦ ਕੀਤੇ ਕਰਮਕਾਂਡਾਂ ਅਰਥਾਤ ਤਿਲਾਂਜਲੀ ਦੀ ਰਸਨ ਨੂੰ ਨਿਰਾਰਥਕ ਬਿਆਨ ਕਰਕੇ ਮਨੁੱਖ ਨੂੰ ਪਦਾਰਥਕ ਜਗਤ ਤਿਆਗ ਕੇ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਦੇਸ਼ ਦ੍ਰਿੜ ਕਰਵਾਇਆ ਹੈ:-

**ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ॥੧॥**
**ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ॥੨॥**
**ਘਟਿ ਘਟੇ ਵਾਸੀ ਸਰਬ ਨਿਵਾਸੀ ਅਸਥਿਰੁ ਜਾ ਕਾ ਥਾਨੁ ਹੇ॥੩॥**
**ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥੪॥**
**ਭਗਤ ਜਨਾ ਕਾ ਰਾਖਣਹਾਰਾ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ॥**
**ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ॥**[17]



ਡਾ. ਤਾਰਨ ਸਿੰਘ ਇਨ੍ਹਾਂ ਨੂੰ ਬੇਨਤੀ ਅਤੇ ਆਰਾਧਨਾ ਦਾ ਗੀਤ ਆਖਦੇ ਹਨ। ਸਿੱਖ ਧਰਮ ਦੀ ਕੀਰਤਨ ਪਰੰਪਰਾ ਵਿੱਚ ਅੰਜੁਲੀ ਦਾ ਗਾਇਨ ਲੋਕ ਕਾਵਿ ਰੂਪਾਂ ਤੇ ਹੀ ਅਧਾਰਿਤ ਹੁੰਦਾ ਹੈ ਕਿਉਂਕਿ ਇਸ ਦਾ ਗਾਇਨ ਕਰਨ ਸਮੇਂ ਇਸ ਨੂੰ ਸਥਾਈ ਅੰਤਰੇ ਵਿੱਚ ਵਿਭਾਜਤ ਨਹੀਂ ਕੀਤਾ ਜਾਂਦਾ ਕਿਉਂਕਿ ਇਸ ਵਿੱਚ ਰਹਾਉ ਦੀ ਤੁਕ ਨਹੀਂ ਹੁੰਦੀ। ਇਸ ਲਈ ਇਸ ਦਾ ਗਾਇਨ ਨਿਰੰਤਰ ਰੂਪ ਵਿੱਚ ਕਰਨ ਦੀ ਪਰੰਪਰਾ ਹੈ।

### 4 ਬਾਰਾਮਾਹ

ਬਾਰਾਮਾਹ ਦੇ ਸ਼ਾਬਦਿਕ ਅਰਥ ਹਨ ਹਰ ਸਾਲ ਦੇ ਬਾਰਾਂ ਮਹੀਨੇ 1 ਬਾਰਾਮਾਹ ਲੋਕ ਕਾਵਿ ਦੀ ਇੱਕ ਕਿਸਮ ਹੈ। ਇਸ ਵਿੱਚ ਕਿਸੇ ਵਿਜੋਗਣ ਇਸਤਰੀ ਦੇ ਹਰ ਮਹੀਨੇ ਮਹਿਸੂਸ ਕੀਤੇ ਮਾਨਸਿਕ ਦੁਖਾਂ ਤੇ ਮਨੋ-ਵੇਦਨਾਵਾਂ ਦਾ ਜ਼ਿਕਰ ਹੁੰਦਾ ਹੈ। ਇਸ ਵਿੱਚ ਸਾਲ ਦੇ ਬਾਰਾਂ ਮਹੀਨਿਆਂ ਨੂੰ ਕ੍ਰਮਵਾਰ ਲਿਆ ਜਾਂਦਾ ਹੈ ਤੇ ਵਿਜੋਗਣ ਨੂੰ ਇਨ੍ਹਾਂ ਬਾਰਾਂ ਮਹੀਨਿਆਂ ਦੇ ਕ੍ਰਮ ਅਨੁਸਾਰ ਲਿਖਿਆ ਹੁੰਦਾ ਹੈ।[18] ਬਾਰਾਮਾਹ ਲਿਖਣ ਦੀ ਰੀਤ ਬਹੁਤ ਪੁਰਾਣੀ ਹੈ। ਪੁਰਾਣੇ ਸਮੇਂ ਵਿੱਚ ਵਿਉਪਾਰੀ ਵਿਉਪਾਰ ਕਰਨ ਲਈ ਦੇਸ਼ਾਂ ਵਿਦੇਸ਼ਾਂ ਨੂੰ ਚਲੇ ਜਾਂਦੇ ਸਨ ਉਨ੍ਹਾਂ ਦੀਆਂ ਪਤਨੀਆਂ ਆਪਣੇ ਪਤੀ ਦੇ ਵਿਛੋੜੇ ਅਤੇ ਉਡੀਕ ਦਾ ਪ੍ਰਗਟਾਵਾ ਬਾਰਾਮਾਹ ਕਾਵਿ ਰੂਪ ਵਿੱਚ ਕਰਦੀਆਂ ਸਨ। ਲੋਕ-ਕਾਵਿ ਵਿੱਚ ਬਾਰਾਮਾਹ ਕੇਵਲ ਬਿਰਹਾ ਨੂੰ ਵਿਸ਼ਾ ਬਣਾ ਕੇ ਤੁਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਨੂੰ ਪਾਰਲੋਕਿਕ ਸੰਦਰਭ ਨਾਲ ਜੋੜ ਕੇ ਆਪਣੀ ਬਾਣੀ ਵਿੱਚ ਪੇਸ਼ ਕੀਤਾ ਹੈ। ਉਨ੍ਹਾਂ ਨੇ ਪਤੀ-ਪਤਨੀ ਦੇ ਰਿਸ਼ਤੇ ਨੂੰ ਪ੍ਰਮਾਤਮਾ-ਆਤਮਾ ਦੇ ਰਿਸ਼ਤੇ ਵਿੱਚ ਦਰਸਾਇਆ ਹੈ। ਉਹ ਏਲੋਕਿਕ ਰਿਸ਼ਤਿਆਂ ਦੀ ਪਿੱਠ ਭੂਮੀ ਸਿਰਜ ਕੇ ਅਗਰ ਭੂਮੀ ਵਿੱਚ ਅਮੂਰਤ ਜੀਵ ਆਤਮਾ ਪ੍ਰਮਾਤਮਾ ਦੇ ਚਿਹਨਾਂ ਨੂੰ ਦ੍ਰਿਸ਼ਟੀਗੋਚਰ ਕਰ ਦਿੰਦੇ ਹਨ।

ਬਾਰਾਮਾਹ ਵਿੱਚ ਪੇਸ਼ ਔਰਤ ਦੀ ਵੇਦਨਾ ਦੀ ਤਰ੍ਹਾਂ ਹੀ ਉਨ੍ਹਾਂ ਨੇ ਜੀਵਾਤਮਾ ਦੀ ਵੇਦਨਾ ਨੂੰ ਪੇਸ਼ ਕੀਤਾ ਹੈ ਜੋ 11 ਮਹੀਨੇ ਵਿਯੋਗ ਹੰਢਾਉਂਦੀ ਹੈ ਅਤੇ 12ਵੇਂ ਮਹੀਨੇ ਵਿੱਚ ਨਾਮ ਸਿਮਰਨ, ਸਾਧ ਸੰਗਤ ਆਦਿ ਨਾਲ ਉਸ ਦਾ ਪ੍ਰਮਾਤਮਾ ਪਤੀ ਨਾਲ ਮੇਲ ਹੋ ਜਾਂਦਾ ਹੈ ਅਤੇ ਉਹ ਸਦਾ ਸੁਹਾਗਣ ਥਿਰ ਸੁਹਾਗਣ ਹੋ ਨਿਬੜਦੀ ਹੈ। ਗੁਰੂ ਸਾਹਿਬ ਨੇ ਵੀ ਬਾਰਾਮਾਹ ਦਾ ਆਰੰਭ ਚੇਤਰ ਦੇ ਮਹੀਨੇ ਤੋਂ ਕਰਕੇ ਇਸ ਦਾ ਅੰਤ ਫੱਗਣ ਤੇ ਕੀਤਾ ਹੈ। **‘ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥’**[19] ਹਰ ਮਹੀਨੇ ਦੀ ਪ੍ਰਕਿਰਤੀ ਨੂੰ ਜੀਵਾਤਮਾ ਦੀ ਮਾਨਸਿਕਤਾ ਨਾਲ ਜੋੜ ਕੇ ਪੇਸ਼ ਕੀਤਾ ਹੈ ਅਤੇ ਨਾਮ ਦੇ ਮਹੱਤਵ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਇਹ ਗੀਤ ਦਾ ਹੀ ਇੱਕ ਪ੍ਰਕਾਰ ਹੈ।[20] ਇਸ ਦੀ ਲੰਬੀ ਪਰੰਪਰਾ ਹੈ ਅਤੇ ਇਹ ਲੋਕ-ਕਾਵਿ ਦਾ ਹੀ ਵਿਸ਼ੇਸ਼ ਰੂਪ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਮਾਹ ਦੀ ਰਾਗ ਮਾਝ ਵਿੱਚ ਰਚਨਾ ਕੀਤੀ ਅਤੇ ਗੁਰਮਤਿ ਕਰਮ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਬਾਰਾਮਾਹ ਦਾ ਗਾਇਨ ਸਿੱਖ ਰਾਗੀਆਂ ਵੱਲੋਂ ਰਚਿਤ ਰਾਗ ਵਿੱਚ ਕਰਨ ਦੀ ਇੱਕ ਵਿਸ਼ਾਲ ਪਰੰਪਰਾ ਹੈ ਜੋ ਪ੍ਰਮੁੱਖ ਕੀਰਤਨੀਆਂ ਵੱਲੋਂ ਨਿਭਾਈ ਵੀ ਜਾ ਰਹੀ ਹੈ।

### 5 ਥਿਤੀ

ਥਿਤੀ ਸ਼ਬਦ ਦੇ ਅਰਥ- ਸਥਿਤ, ਠਹਿਰਾਉ, ਕਾਇਮ ਤੇ ਸਥਿਰ ਆਦਿ ਹਨ।[21] ਇਨ੍ਹਾਂ ਅਰਥਾਂ ਵਿੱਚ ਇਹ ਸ਼ਬਦ ਗੁਰਬਾਣੀ ਵਿੱਚ ਵਰਤਿਆ ਗਿਆ ਹੈ:-

**ਢੂੰਢ ਵਵਾਈ ਥੀਆ ਥਿਤਾ॥ ਜਨਮੁ ਪਦਾਰਥੁ ਨਾਨਕ ਜਿਤਾ॥**[22]

'ਥਿਤਿ' ਸ਼ਬਦ ਤਿਥੀ ਦੇ ਵਿਕ੍ਰਿਤ ਰੂਪ ਦੇ ਤੌਰ 'ਤੇ ਵਰਤਿਆ ਗਿਆ ਹੈ। 'ਤਿਥੀ' ਸ਼ਬਦ ਦੇ 'ਤ' ਅਤੇ 'ਥ' ਅੱਖਰ ਆਪਣੀਆਂ ਥਾਵਾਂ ਇੱਕ ਦੂਜੇ ਨਾਲ ਵਟਾ ਕੇ 'ਤਿਥੀ' ਸ਼ਬਦ ਨੂੰ ਥਿਤੀ ਬਣਾ ਗਏ ਹਨ। ਜਿਸ ਦੇ ਅਰਥ ਰੁੱਤ ਜਾਂ ਥਿੱਤ ਅਖਵਾ ਤਰੀਕ ਆਦਿ ਹਨ। 'ਜਪੁ' ਬਾਣੀ ਵਿੱਚ **'ਥਿਤਿ ਵਾਰੁ ਨਾ ਜੋਗੀ ਜਾਣੈ'** ਵਿੱਚ ਥਿਤਿ ਸ਼ਬਦ ਇਨ੍ਹਾਂ ਅਰਥਾਂ ਲਈ ਆਇਆ ਹੈ।

ਦੇਸੀ ਤਿਥੀਆਂ ਦੇ ਆਧਾਰ 'ਤੇ ਲਿਖੀ ਕਾਵਿ ਰਚਨਾ 'ਥਿਤੀ' ਕਹਾਉਂਦੀ ਹੈ। ਦੇਸੀ ਸਾਲ ਦੇ ਮਹੀਨੇ ਦੋ ਤਰ੍ਹਾਂ ਨਾਲ ਗਿਣੇ ਜਾਂਦੇ ਹਨ। ਸੰਗ੍ਰਾਦੀ ਤੇ ਤਿਥੀ ਸੰਗ੍ਰਾਦੀ ਮਹੀਨੇ ਸੂਰਜ ਦੀ ਚਾਲ ਨਾਲ ਚਲਦੇ ਹਨ। ਇਨ੍ਹਾਂ ਦੀ ਗਿਣਤੀ 15 ਹੈ। ਸੋ ਥਿਤੀ ਇੱਕ ਕਾਵਿ ਰੂਪ ਹੈ ਜੋ ਏਕਮ, ਦੂਜ ਆਦਿ 15 ਤਿਥਾਂ ਦੇ ਆਧਾਰ 'ਤੇ ਹੀ ਚਲਦਾ ਹੈ। ਸਭ ਤੋਂ ਪੁਰਾਣੀ ਗੋਰਖ ਨਾਥ ਦੇ ਨਾਂ 'ਤੇ ਦੀਦ੍ਰਹੁ ਥਿਤੀ' ਮਿਲਦੀ ਹੈ।[23]

'ਥਿਤੀ' ਇੱਕ ਪ੍ਰਸਿੱਧ ਲੋਕ-ਕਾਵਿ ਰੂਪ ਹੈ ਜਿਸ ਦੀ ਰਚਨਾ ਦਾ ਆਧਾਰ ਚੰਦਰਮਾ ਦੀਆਂ ਥਿਤਾਂ ਹਨ। ਹਰ ਥਿਤ ਨੂੰ ਆਧਾਰ ਬਣਾ ਕੇ ਰਚਨਾ ਕੀਤੀ ਜਾਂਦੀ ਹੈ। ਭਾਰਤੀ ਲੋਕ ਪਰੰਪਰਾ ਵਿੱਚ ਥਿਤਾਂ ਨੂੰ ਵੱਖਰੀ ਤਰ੍ਹਾਂ ਦੀ ਮਹਾਨਤਾ ਪ੍ਰਾਪਤ ਹੈ। ਇਨ੍ਹਾਂ ਥਿਤਾਂ ਨਾਲ ਅਨੇਕ ਤਰ੍ਹਾਂ ਦੇ ਵਹਿਮ-ਭਰਮ ਜੁੜੇ ਹੋਏ ਹਨ। ਵਹਿਮ ਗ੍ਰਸਤ ਹੋ ਕੇ ਲੋਕਾਂ ਨੂੰ ਅਕਾਰਣ ਹੀ ਕਈ ਕਲੇਸ਼ਾਂ ਵਿੱਚੋਂ ਲੰਘਣਾ ਪੈਂਦਾ ਸੀ ਜਾਂ ਫਿਰ ਬ੍ਰਾਹਮਣ ਸ਼੍ਰੇਣੀ ਦੇ ਅਰਥੀ ਹੋ ਕੇ ਸੰਕਟ ਨਵਿਰਤੀ ਦੇ ਯਤਨ ਕਰਨੇ ਪੈਂਦੇ ਸੀ। ਗੁਰੂ ਸਾਹਿਬਾਨ ਨੇ ਲੋਕਾਂ ਨੂੰ ਨਿਰਮੂਲ ਖੇਦ ਵਿੱਚੋਂ ਕੱਢਣ ਲਈ ਤੇ ਸੰਤੁਲਿਤ ਦ੍ਰਿਸ਼ਟੀ ਪ੍ਰਦਾਨ ਕਰਨ ਲਈ ਹੀ ਥਿਤੀ ਦੀ ਰਚਨਾ ਕੀਤੀ ਜਾਪਦੀ ਹੈ। ਕੁਲ 16 ਥਿਤਾਂ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਏਕਮ, ਦੂਜ, ਤੀਜ, ਚੌਥ, ਪੰਚਮੀ, ਛਟੀ, ਸਪਤਮੀ, ਅਸ਼ਟਮੀ, ਨੌਮੀ, ਦਸਮੀ, ਏਕਾਦਸ਼ੀ, ਦੁਆਦਸ਼ੀ, ਤ੍ਰੋਦਸੀ, ਚੋਦਮ, ਅਮਾਵਸ ਅਤੇ ਪੁੰਨਿਆ, ਅਮਾਵਸ ਤੋਂ ਬਾਅਦ ਚੌਦਾਂ ਥਿਤਾਂ ਹਨੇਰੇ ਪੱਖ ਦੇ ਅੰਤਰਗਤ ਆਉਂਦੀਆਂ ਹਨ। ਇਹੀ ਕਾਰਨ ਚੱਕਰ ਦਾ ਨੇਮ ਹੈ ਤੇ ਕਲਾ ਦੀ ਨਿਰੰਤਰਤਾ ਦਾ ਆਧਾਰ ਹੈ।[24]

ਗੁਰੂ ਅਰਜਨ ਸਾਹਿਬ ਨੇ ਗਉੜੀ ਰਾਗ ਵਿੱਚ ਸਲੋਕਾਂ ਅਤੇ ਪਉੜੀਆਂ ਵਿੱਚ ਥਿੱਤੀ ਦੀ ਰਚਨਾ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਇਸ ਰਚਨਾ ਵਿੱਚ 17 ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਇੱਕ-ਇੱਕ ਸਲੋਕ ਦਰਜ ਹੈ। ਹਰ ਪਉੜੀ ਅੱਠ-ਅੱਠ ਤੁਕਾਂ ਦੀ ਹੈ ਸਿਵਾਏ 13ਵੀਂ ਦੇ ਜਿਸ ਵਿੱਚ ਦਸ ਤੁਕਾਂ ਹਨ। ਤੁਕਾਂ ਦਾ ਆਕਾਰ ਇੱਕ ਸਮਾਨ ਨਹੀਂ। 15ਵੀਂ ਪਉੜੀ ਵਿੱਚ ਪ੍ਰਮਾਤਮਾ ਦੀ ਸ਼ਰਣ ਵਿੱਚ ਜਾਣ ਨਾਲ ਸਾਰੇ ਕਲੇਸ਼ਾਂ ਦੇ ਨਾਸ ਹੋਣ ਦੀ ਗੱਲ ਕੀਤੀ ਗਈ ਹੈ। ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਥਿਤਾਂ ਨੂੰ ਦਿਸਦੇ ਜਗਤ ਦੇ ਵਰਤਾਰਿਆਂ ਵਿੱਚੋਂ ਕਢ ਕੇ ਅਣਦਿਸਦੇ ਦੀ ਪ੍ਰਾਪਤੀ ਨਾਲ ਜੋੜਿਆ ਹੈ। ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਵਿੱਚ ਰਾਗ ਗਉੜੀ ਅਧੀਨ ਦਰਜ 'ਥਿਤੀ' ਨੂੰ ਗਉੜੀ ਰਾਗ ਵਿੱਚ ਗਾਇਨ ਕਰਨ ਦਾ ਹੀ ਸੰਗੀਤਮਈ ਸਿਰਲੇਖ ਦਰਜ ਹੈ। ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿੱਚ ਇਹ ਇੱਕ ਮਹੱਤਵਪੂਰਨ ਰਾਗ ਹੈ। ਮੂਲ ਰੂਪ ਵਿੱਚ ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ ਜਿਸ ਤਰ੍ਹਾਂ ਬਾਣੀ ਵਿੱਚ ਫੁਰਮਾਨ ਹੈ:-

**ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥**
**ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥** **(ਅੰਗ ੩੧੧)**



ਗਉੜੀ ਰਾਗ ਦੇ ਦੁਆਰਾ ਜੀਵ ਇਸਤਰੀ ਤਾਂ ਹੀ ਸੁਲੱਖਣੀ ਹੋ ਸਕਦੀ ਹੈ ਜੇ ਪ੍ਰਭੂ ਪਤੀ ਨੂੰ ਆਪਣੇ ਚਿਤ ਵਿੱਚ ਵਸਾ ਲਵੇ। ਸਤਿਗੁਰੂ ਦੇ ਭਾਣੇ ਚਲ ਕੇ ਇਸੇ ਤਰ੍ਹਾਂ ਕਰੇ ਜੋ ਪ੍ਰਭੂ ਪਤੀ ਨੂੰ ਚੰਗਾ ਲੱਗੇ। ਮੂਲ ਰੂਪ ਵਿਚ ਇਹ ਗੰਭੀਰ, ਸ਼ਾਂਤ ਅਤੇ ਭਗਤੀ ਰਸ ਨਾਲ ਓਤਪੋਤ ਰਾਗ ਹੈ। ਇਸ ਬਾਣੀ (ਥਿਤੀ) ਵਿਚ ਵੀ ਇਸ ਰਾਗ ਦੇ ਉਪਰੋਕਤ ਦਾ ਵਰਣਨ ਪ੍ਰਯੋਜਨ ਨੂੰ ਨਿਭਾਇਆ ਜਾ ਗਿਆ ਹੈ। ਇਸ ਤਰ੍ਹਾਂ ਇਸ ਬਾਣੀ ਵਿੱਚ ਗਉੜੀ ਰਾਗ ਦੀ ਪ੍ਰਕ੍ਰਿਤੀ ਦੇ ਅਨੁਰੂਪ ਸ਼ਾਂਤਮਈ ਭਾਵਾਂ ਦਾ ਸੰਚਾਰ ਹੁੰਦਾ ਹੈ। ਗਉੜੀ ਰਾਗ ਦੁਆਰਾ ਇਸ ਬਾਣੀ (ਥਿਤੀ) ਦੀ ਸੰਚਾਰ ਯੋਗਤਾ ਨਿਸਚੇ ਹੀ ਵਧ ਗਈ ਹੈ।

## 6 ਗੁਣਵੰਤੀ

'ਗੁਣਵੰਤੀ' ਦਾ ਸ਼ਾਬਦਿਕ ਅਰਥ ਗੁਣ ਵਾਲੀ, ਗੁਣਵੰਤੀ ਦੇ ਹਨ। ਇਸ ਸਿਰਲੇਖ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਵਿੱਚ ਇੱਕ ਸ਼ਬਦ ਲਿਖ ਕੇ ਸ਼ੁਭ ਗੁਣਾਂ ਦੀ ਅਮੋਲਕ ਸਿੱਖਿਆ ਦਿੱਤੀ ਹੈ।[25] ਡਾ. ਤਾਰਨ ਸਿੰਘ ਅਨੁਸਾਰ ਸ਼ੁਭ ਗੁਣਾਂ ਵਾਲੀ ਇਸਤਰੀ ਦਾ ਗੀਤ ਹੈ।[26] ਇਸ ਰਚਨਾ ਵਿੱਚ ਸ੍ਰੇਸ਼ਟ ਗੁਣਾਂ ਦੀ ਅਭਿਲਾਖਾ ਦਾ ਉਪਦੇਸ਼ ਹੈ। ਸੋਹਿੰਦਰ ਸਿੰਘ ਬੇਦੀ ਨੇ ਗੁਣਵੰਤੀ ਨੂੰ ਇੱਕ ਲੋਕ-ਕਾਵਿ ਰੂਪ ਸਵੀਕਾਰਿਆ ਹੈ।[27] ਪੰਜਾਬੀ ਵਿੱਚ ਕੁਝ ਲੋਕ ਗੀਤ ਤੇ ਅਖਾਣ ਕੁਚੱਜੀ-ਸੁਚੱਜੀ ਦੇ ਸਿਰਲੇਖ ਹੇਠ ਮਿਲਦੇ ਹਨ। ਇਹ ਰਚਨਾ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਰਚਿਤ ਸੁਚੱਜੀ ਤੋਂ ਪ੍ਰੇਰਨਾ ਲੈ ਕੇ ਸੁਚੱਜੀ ਸ਼ਬਦ ਦੀ ਥਾਂ ਗੁਣਵਾਚਕ ਪ੍ਰਤੀਕ 'ਗੁਣਵਤੀ' ਦਾ ਪ੍ਰਯੋਗ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਦੀ ਇਹ ਰਚਨਾ ਸੂਹੀ ਰਾਗਾਂ ਵਿੱਚ ਅਸ਼ਪਦੀਆਂ ਪਿੱਛੋਂ ਅਤੇ ਛੰਤਾਂ ਦੇ ਆਰੰਭ ਤੋਂ ਪਹਿਲਾਂ ਸੁਚੱਜੀ ਤੋਂ ਬਾਅਦ ਦਰਜ ਹੈ। ਇਸ ਦੀਆਂ ਕੇਵਲ 13 ਪੰਕਤੀਆਂ ਹਨ। ਗਾਇਨ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਰਚਨਾ 'ਕਾਫ਼ੀ' ਗਾਇਨ ਰੂਪ ਦੇ ਬਹੁਤ ਨੇੜੇ ਜਾਪਦੀ ਹੈ [28] ਅਤੇ ਇਸ ਰਚਨਾ ਦਾ ਗਾਇਨ 'ਕਾਫੀ' ਵਾਂਗ ਹੀ ਕਰਨ ਦੀ ਪਰੰਪਰਾ ਹੈ। ਇਸ ਰਚਨਾ ਦੀ ਹਰ ਪੰਕਤੀ ਵਿੱਚ 'ਜੀਉ' ਸ਼ਬਦ ਦਾ ਤੁਕਾਂਤ ਰੱਖਿਆ ਗਿਆ ਹੈ। ਗੁਰਬਾਣੀ ਵਿੱਚ ਦਰਜ ਹੈ:- ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥ ਤੇ ਇਸ ਦੇ ਨਾਲ ਇਸ ਰਚਨਾ ਦੀ ਸੰਗੀਤਾਮਕਤਾ ਅਤੇ ਲੈਅ ਵਿੱਚ ਭਰਪੂਰ ਵਾਧਾ ਹੋਇਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਸੰਗੀਤ ਦੇ ਪੂਰਨ ਗਿਆਤਾ ਸਨ। ਗਾਇਨ ਜਦੋਂ ਇਸ ਨੂੰ ਲੰਬੀ ਹੇਕ ਜਾਂ ਲੈਅ ਵਿੱਚ ਗਾਇਨ ਕਰਦਾ ਹੈ ਤਾਂ ਇਸ ਦੀ ਰਸਕਿਤਾ ਦਾ ਸਰੋਤੇ ਦੇ ਮਨ ਤੇ ਡੂੰਘਾ ਅਸਰ ਹੁੰਦਾ ਹੈ।

ਕੀਰਤਨੀ ਸਿੰਘ ਜਦ ਉਸ ਨੂੰ ਤੰਤੀ ਸਾਜ਼ਾਂ ਨਾਲ ਗਾਇਨ ਕਰੇਗਾ ਤਾਂ ਸੰਗਤ ਵਿੱਚ ਇਸ ਦਾ ਪ੍ਰਭਾਵ ਕਈ ਗੁਣਾ ਵਧ ਜਾਵੇਗਾ।

## 7 ਬਿਰਹੜੇ

'ਬਿਰਹੜੇ' ਸ਼ਬਦ ਬਿਰਹਾ ਤੋਂ ਬਣਿਆ ਹੈ ਜਿਸ ਦਾ ਭਾਵ ਵਿਛੋੜਾ ਹੈ।[29] ਵਿਛੋੜੇ ਦੇ ਗੀਤ ਨੂੰ ਪੰਜਾਬੀ ਵਿੱਚ, ਬਿਰਹਾ ਦਾ ਬਿਰਹੜਾ ਕਹਿੰਦੇ ਹਨ।[30] ਇਨ੍ਹਾਂ ਉਪਰੋਕਤ ਕੋਸ਼ਗਤ ਅਰਥਾਂ ਤੋਂ ਸਪਸ਼ਟ ਹੈ ਕਿ ਬਿਰਹੋਂ ਕੁੱਠੀ ਅਤੇ ਵਿਛੋੜੇ ਦੇ ਸੱਲਾਂ ਨੂੰ ਨਾ ਸਹਾਰਦੀ ਹੋਈ ਮਲੂਕ ਜ਼ਿੰਦਗੀ ਜਦੋਂ ਪਿਰ ਮਿਲਾਪ ਲਈ ਤੜਪਦੀ ਹੋਈ ਆਪਣੀ ਮਨੋਵੇਦਨਾ ਦਾ ਇਜ਼ਹਾਰ ਕਰਦੀ ਹੈ ਤਾਂ ਉਸ ਦੇ ਬਿਰਹੋਂ ਭਰਪੂਰ ਬੋਲ 'ਬਿਰਹੜੇ' ਅਖਵਾਉਂਦੇ ਹਨ। ਬਿਰਹੜਾ ਉਹ ਕਾਵਿ-ਰੂਪ ਹੈ ਜਿਸ ਵਿੱਚ ਕਵੀ ਆਪਣੇ ਨਿਘਾਰ ਵਿਛੋੜੇ ਬਾਰੇ ਵੇਦਨਾ

ਅੰਕਿਤ ਕਰਦਾ ਹੈ।[31] ਇਸ ਰਚਨਾ ਵਿੱਚ ਪ੍ਰਭੂ ਨੂੰ ਮਿਲਣ ਦੀ ਤਿੱਖੀ ਚਾਹ ਦੇ ਦਰਸ਼ਨ ਹੁੰਦੇ ਹਨ। ਰਾਗ ਆਸਾ ਦੇ ਅੰਤਰਗਤ ਗੁਰੂ ਅਰਜਨ ਦੇਵ ਜੀ ਦੀ ਇੱਕ ਬਾਣੀ ਦਾ ਨਾਂ 'ਬਿਰਹੜੇ' ਹੈ। ਜਿਦ ਵਿੱਚ ਬਿਰਹਾ ਦੀ ਵਿਯੋਗੀ ਤੇ ਉਦਾਸੀਨਤਾ ਵਾਲੀ ਹੋਣ ਤੇ ਨਾਉਂ 'ਬਿਰਹੜੇ' ਰੱਖਿਆ ਹੈ। ਇਸ ਰਚਨਾ ਦੀਆਂ ਕੁਲ ਤਿੰਨ ਅਸਟਪਦੀਆਂ ਹਨ। ਹਰ ਇੱਕ ਅਸਟਪਦੀ ਦੇ ਅੱਠ ਬੰਦ ਹਨ। ਹਰ ਇੱਕ ਬੰਦ ਇੱਕ ਪੰਕਤੀ ਦੇ ਸਮੂਹ ਨੂੰ ਰੱਖਿਆ ਗਿਆ ਹੈ। ਇਹ ਇੱਕ ਨਿਵੇਕਲਾ ਰੂਪ ਹੈ। ਇਸ 24 ਪੰਕਤੀਆਂ ਦੀ ਰਚਨਾ ਵਿੱਚ ਚਾਰ ਪੰਕਤੀਆਂ ਨੂੰ ਛੱਡ ਕੇ ਸਭ ਵਿੱਚ 'ਪਿਆਰੇ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਇਸ ਨਾਲ ਗਾਇਕ ਤੇ ਸਰੋਤੇ ਨਾਲ ਇੱਕ ਅਪਨਾਹਿਤ ਦਾ ਸੰਬੰਦ ਪੈਦਾ ਹੁੰਦਾ ਹੈ। ਗੁਰੂ ਅਰਜਨ ਦੇਵ ਹੀ ਬੜੇ ਪਿਆਰ ਨਾਲ ਆਪਣੇ ਪਿਆਰੇ ਨੂੰ ਮੁਖ਼ਤਾਬ ਹੋ ਰਹੇ ਹਨ। ਦੋ ਪੰਕਤੀਆਂ ਨੂੰ ਛੱਡ ਕੇ ਬਾਕੀ ਸਭਨਾਂ ਵਿੱਚ ਤੁਕਾਂਤ 'ਆਏ' ਦੀ ਵਰਤੋਂ ਹੋਈ ਹੈ ਜਿਸ ਨਾਲ ਸੰਗੀਤਾਤਮਕਤਾ ਤੇ ਰਾਗਾਤਮਿਕਤਾ ਵਿੱਚ ਭਰਪੂਰ ਵਾਧਾ ਹੋਇਆ ਹੈ। ਕੀਰਤਨੀ ਸਿੰਘਾਂ ਵੱਲੋਂ ਜਦੋਂ ਇਸ ਦਾ ਗਾਇਨ ਕਰਨ ਵਾਲਾ ਸਰੋਤਿਆਂ ਦੇ ਕੰਨਾਂ ਵਿੱਚ ਇੱਕੋ ਤੁਕਾਂਤ ਵਾਰ-ਵਾਰ ਦੁਹਰਾਉਣ ਨਾਲ ਸੰਗੀਤਕ ਮਾਹੌਲ ਬਣ ਜਾਂਦਾ ਹੈ ਅਤੇ ਸੁਣਨ ਵਾਲੇ ਆਪ ਮੁਹਾਰੇ ਗੁਰਬਾਣੀ ਅਤੇ ਸ਼ਬਦ ਨਾਲ ਜੁੜਦੇ ਹਨ ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਛੰਤਾਂ ਦੀ ਜੋਤਿ ਤੋਂ ਭਾਵ ਹੈ ਕਿ ਇਨ੍ਹਾਂ ਨੂੰ ਛੰਤਾਂ ਵਾਲੀ ਲੈਅ ਉੱਪਰ ਗਾਏ ਜਾਣ ਦੀ ਪਰੰਪਰਾ ਹੈ।[32] ਛੰਤ ਅਤੇ ਬਿਰਹੜੇ ਦੋਵੇਂ ਲੋਕ ਗੀਤ ਹਨ ਤੇ ਛੰਤ ਪ੍ਰਭੂ ਪਰਮੇਸਰ ਦੀ ਮਹਿਮਾ ਵਿੱਚ ਗਾਏ ਜਾਂਦੇ ਹਨ ਤੇ ਵਿਆਹ ਦੇ ਰੂਪਕ ਹਨ। ਬਾਣੀ ਵਿੱਚ ਦਰਜ ਬਿਰਹੜੇ:-

**ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ॥੧॥**
**ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ॥ (ਅੰਗ ੪੩੧)**

ਗੁਰੂ ਅਰਜਨ ਦੇਵ ਜੀ ਨੇ ਉਪਰੋਕਤ ਕਾਵਿ-ਰੂਪ ਨੂੰ ਅਧਿਆਤਮ ਨਾਲ ਜੋੜ ਕੇ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਵਿੱਚ ਬਿਰਹੜੇ ਦਾ ਗਾਇਨ ਛੰਤ ਦੇ ਗਾਇਨ ਵਾਂਗ ਹੀ ਕਰਨ ਦੀ ਇੱਕ ਵਿਲੱਖਣ ਪਰੰਪਰਾ ਸਥਾਪਿਤ ਕੀਤੀ।

## 8 ਚਉਬੋਲੇ

'ਚਉਬੋਲੇ' ਇੱਕ ਦੇਸੀ ਰਾਗ ਦਾ ਨਾਂ ਪ੍ਰਸਿੱਧ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਕਿਧਰੇ ਇਸ ਰੀਤ ਦੀ ਸੂਚਨਾ ਨਹੀਂ ਹੈ ਅਤੇ ਨਾ ਹੀ ਏਥੇ ਉਸ ਰੀਤ ਦੀ ਧਾਰਨਾ ਦਾ ਜ਼ਿਕਰ ਹੈ। ਇਥੇ ਭਾਵ ਚਾਰ ਪੁਰਖਾਂ ਦੇ ਬੋਲ (ਵਾਕ) ਹੈ। ਸੰਮਨ ਮੂਸਨ, ਜਮਾਲ ਅਤੇ ਪੰਤਗ ਇਨ੍ਹਾਂ ਦੋਹਾਂ ਦੇ ਬਚਨਾਂ ਦਾ ਚਉਬੋਲੇ ਆਖਿਆ ਗਿਆ।[33] ਚਉਬੋਲੇ ਇੱਕ ਮਾਤ੍ਰਿਕ ਛੰਦ ਹੈ ਜਿਸ ਦੇ ਪਹਿਲੇ ਅਤੇ ਤੀਜੇ ਚਰਣ ਵਿੱਚ 16 ਮਾਤਰਾ ਅਤੇ ਦੂਜੇ ਅਤੇ ਚੌਥੇ ਚਰਣ ਵਿੱਚ 14 ਮਾਤਰਾ ਹੁੰਦੀਆਂ ਹਨ ਅਤੇ ਅੰਤ ਲਘੂ ਗੁਰੂ [34] ਇਸ ਦ੍ਰਿਸ਼ਟੀ ਤੋਂ ਇਹ ਅਰਥ-ਸਮ ਛੰਦ ਮੰਨਿਆ ਜਾਵੇਗਾ। ਪ੍ਰੰਤੂ ਹਿੰਦੀ ਦਾ ਚਉਬੋਲਾ ਛੰਦ ਸਮ ਚਰਣ ਹੈ। ਸੰਭਵ ਹੈ ਕਿ ਇਸ ਉੱਪਰ ਚੌਪਈ ਦਾ ਪ੍ਰਭਾਵ ਹੈ। 'ਭਾਨੂ' ਦੇ ਅਨੁਸਾਰ ਇਹ 15 ਮਾਤਰਾ ਦਾ ਸਮ-ਚਰਣ ਛੰਦ ਹੈ ਜਿਸ ਦੇ ਅੰਤ ਉੱਤੇ ਲਘੂ ਹੁੰਦਾ ਹੈ। ਕੇਸਵ, ਸੂਦਨ ਅਤੇ ਰਾਘੋਰਾਜ ਨੇ ਇਸ ਦਾ ਪ੍ਰਯੋਗ ਕੀਤਾ ਹੈ।[35] ਭਾਈ ਕਾਨ੍ਹ ਸਿੰਘ ਨਾਭਾ ਨੇ ਚਉਬੋਲੇ ਦਾ 'ਭਾਨਾ' ਵਾਲਾ ਲੱਛਣ ਦਿੱਤਾ ਹੈ ਅਤੇ ਇਸ ਨੂੰ ਚੌਪਈ ਦਾ ਇੱਕ ਰੂਪ ਕਿਹਾ ਹੈ।[36] ਗੁਰੂ ਗ੍ਰੰਥ ਸਾਹਿਬ ਵਿੱਚ ਉਪਰੋਕਤ ਛੰਦ ਦਾ ਪ੍ਰਯੋਗ ਨਹੀਂ ਮਿਲਦਾ ਪ੍ਰੰਤੂ ਲਿਖਿਆ ਚਉਬੋਲੇ ਹੈ। ਸੋ ਭਾਈ ਕਾਨ੍ਹ



ਸਿੰਘ ਨਾਭਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਪ੍ਰੇਮੀਆਂ ਦੇ ਬੋਲ (ਬਚਨ) ਜਿਸ ਬਾਣੀ ਵਿੱਚ ਲਿਖੇ ਹਨ ਉਸ ਨੂੰ ਚਉਬੋਲੇ ਸੰਗਿਆ ਦਿੱਤੀ ਗਈ ਹੈ। ਚਾਹੇ ਛੰਦ ਇਸ ਦਾ ਦੋਹਾਂ ਦਾ ਹੀ ਹੈ।[37] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਅਵਸਰ ਚਉਬੋਲਾ ਉਹ ਛੰਦ ਹੈ ਜਿਸ ਵਿੱਚ ਚਾਰ ਆਦਮੀਆਂ (ਸੰਮਨ, ਮੂਸਨ, ਜਮਾਲ ਅਤੇ ਪਤੰਗ) ਪ੍ਰਤੀ ਉਚਾਰਨ ਹੋਏ ਬੋਲੇ ਜਾਂ ਬਚਨ ਹਨ[38] ਪਰ ਬਹੁਤੇ ਵਿਦਵਾਨ ਇਸ ਨਾਲ ਸਹਿਮਤ ਨਹੀਂ। ਦਰਅਸਲ ਚਉਬੋਲੇ ਬਾਣੀ ਬਾਰੇ ਇਹ ਵਿਚਾਰ ਪਾਏ ਜਾਂਦੇ ਹਨ ਕਿ ਜਿਸ ਕਾਵਿ ਰਚਨਾ ਵਿੱਚ ਚਾਰ ਕਿਸਮ ਦੀਆਂ ਬੋਲੀਆਂ ਦਾ ਮਿਸ਼ਰਣ ਹੋਵੇ, ਉਸ ਨੂੰ ਵੀ ਚਉਬੋਲਾ ਆਖ ਦਿੰਦੇ ਹਨ।[39] ਸ਼ਾਸਤਰੀ ਸੰਗੀਤ ਦੇ ਖ਼ਿਆਲ ਅਨੁਸਾਰ ਜਿਸ ਵਿਚ ਗੀਤ, ਸਰਗਮ, ਤਰਾਨਾਂ ਤੇ ਮ੍ਰਿਦੰਗ ਦੇ ਬੋਲ ਇਕੱਠੇ ਉਚਾਰੇ ਜਾਣ ਉਹ ਚਉਬੋਲਾ ਹੈ। ਸੋ ਚਉਬੋਲਾ ਦੀ ਪਰੰਪਰਾ ਲੋਕ ਗੀਤਾਂ ਵਿੱਚੋਂ ਲੱਭੀ ਜਾ ਸਕਦੀ ਹੈ। ਦਸਮ ਗ੍ਰੰਥ ਵਿੱਚ ਚਾਰ ਭਾਸ਼ਾਵਾਂ ਦੇ ਮਿਸ਼ਰਤ ਛੰਦ ਨੂੰ ਚਉਬੋਲਾ ਕਿਹਾ ਗਿਆ ਹੈ।[40] ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਹੀ ਰਾਗ ਮੁਕਤ ਬਾਣੀਆਂ ਵਿੱਚ ਚਉਬੋਲੇ ਬਾਣੀ ਦੀ ਰਚਨਾ ਕੀਤੀ ਜਿਸ ਦਾ ਗਾਇਨ ਭਾਰਤੀ ਸੰਗੀਤ ਵਿੱਚ ਦਰਜ ਚਉਰਗ ਦੇ ਗਾਇਨ ਉੱਪਰ ਕਰਨ ਦੀ ਪਰੰਪਰਾ ਹੈ। ਪੁਰਾਤਨ ਰਾਗੀ ਸਿੰਘ ਵੀ ਇਸ ਦਾ ਗਾਇਨ ਚਤੁਰਗ ਦੇ ਰੂਪ ਵਿੱਚ ਕਰਦੇ ਸਨ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਗੱਲ ਭਲੀ ਭਾਂਤ ਜਾਣੂ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਸੰਗੀਤ ਪ੍ਰਬੰਧ ਵਿੱਚ ਆਪਣੇ ਪੂਰਵ-ਵਰਤੀ ਗੁਰੂਆਂ ਅਤੇ ਭਗਤਾਂ ਦੀ ਤਰ੍ਹਾਂ ਸਮਕਾਲੀਨ, ਸਮਾਜ, ਸਭਿਆਚਾਰ ਵੇਰਵਿਆਂ ਨੂੰ ਚੁਣ ਕੇ ਆਪਣੀ ਬਾਣੀ ਵਿੱਚ ਅਧਿਆਤਮਿਕ ਰੂਪ ਵਿੱਚ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਉਸ ਸਮੇਂ ਦੇ ਦੇ ਸਮਾਜ, ਸਭਿਆਚਾਰਕ ਰੀਤਾਂ, ਰਸਮਾਂ-ਰਿਵਾਜ਼ਾਂ, ਵਹਿਮਾਂ-ਭਰਮਾਂ, ਧਾਰਮਿਕ ਵਿਚਾਰਾਂ ਨੂੰ ਆਪਣੀ ਬਾਣੀ ਵਿੱਚ ਅਧਿਆਤਮਿਕ ਵਜੋਂ ਲਿਆ ਹੈ ਤੇ ਇਨ੍ਹਾਂ ਇਹਲੋਕਿਕ ਵਰਤਾਰਿਆਂ ਨੂੰ ਪਾਰਰਾਮਤਾ ਨਾਲ ਜੋੜਿਆ ਹੈ। ਹਰ ਰਸਮ-ਰਿਵਾਜ਼ ਨੂੰ ਕਰਨ ਦੇ ਢੰਗਾਂ ਨੂੰ ਨਕਾਰ ਕੇ, ਲੋਕਾਂ ਨੂੰ ਵਹਿਮ-ਭਰਮਾਂ ਵਿੱਚੋਂ ਕੱਢ ਕੇ ਅਧਿਆਤਮਕ ਕਾਰਜ ਸਾਧ ਸੰਗਤ, ਨਾਮ ਸਿਮਰਨ ਆਦਿ ਵੱਲ ਧਿਆਨ ਕੇਂਦਰਿਤ ਕਰਨ ਲਈ ਉਪਦੇਸ਼ ਦਿੱਤਾ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਸੰਚਾਰ ਕਰਨ ਲਈ ਇਨ੍ਹਾਂ ਲੋਕ ਕਾਵਿ ਰੂਪ ਗਾਇਨ ਸ਼ੈਲੀਆਂ ਨੂੰ ਰਸਮਾਂ-ਰਿਵਾਜ਼ਾਂ ਨੂੰ ਵਰਤੋਂ ਵਿੱਚ ਲਿਆਂਦਾ। ਇਹਨਾਂ ਤੋਂ ਖ਼ਾਲੀ ਚੌਖ਼ਟਾ ਲੈ ਕੇ ਅਧਿਆਤਮਕਤਾ ਨਾਲ ਰੰਗੀਜ਼ ਕਰ ਦਿੱਤਾ। ਗੁਰੂ ਸਾਹਿਬ ਦੀ ਬਾਣੀ ਵਿੱਚ ਵਰਤੇ ਇਨ੍ਹਾਂ ਕਾਵਿ-ਰੂਪ ਗਾਇਨ ਰੂਪਾਂ ਤੋਂ ਸਾਨੂੰ ਸਮਕਾਲੀਨ ਸਮੇਂ ਦੀਆਂ ਸਮਾਜਿਕ, ਸਭਿਆਚਾਰਕ ਧਾਰਮਿਕ ਰੀਤੀ-ਰਿਵਾਜ਼ਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸਮਕਾਲੀਨ ਸਮਾਜ ਸਭਿਆਚਾਰਕ ਨੂੰ ਸਮਝਣ ਲਈ ਗੁਰਬਾਣੀ ਦਾ ਯੋਗਦਾਨ ਵਡਮੁੱਲਾ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਜਿਸ ਦਾ ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਪ੍ਰਚਾਰ ਕੀਤਾ।

ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗ ਤੋਂ ਬਿਨਾਂ 36 ਪੜਤਾਲਾਂ, 6 ਵਾਰਾਂ (ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਬਸੰਤ ਵਿੱਚ) ਦਰਜ ਹਨ। ਇਨ੍ਹਾਂ ਤੋਂ ਇਲਾਵਾ ਸੁਤੰਤਰ ਬਾਣੀਆਂ ਵਿੱਚ ਬਾਰਹਮਾਹ, ਬਾਵਨ ਅੱਖਰੀ, ਸੁਖਮਨੀ, ਥਿਤੀ, ਪਹਰਾ, ਦਿਨ ਰੈਣਿ, ਬਿਰਹੜੇ, ਗੁਣਵੰਤੀ, ਰੁਤੀ ਅੰਜੁਲੀਆਂ, ਚਉਬੋਲੇ ਲੋਕ ਗਾਇਨ

ਸ਼ੈਲੀਆਂ ਵਿੱਚ ਦਰਜ ਹਨ। ਜਿਨ੍ਹਾਂ ਦਾ ਗਾਇਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਸੰਤ ਗਿਆਨੀ ਅਮੀਰ ਸਿੰਘ ਦੀ ਅਗਵਾਈ ਵਿੱਚ 15 ਤੋਂ 17 ਦਸੰਬਰ ਨੂੰ ਆਯੋਜਿਤ ਕੀਤੇ ਜਾ ਰਹੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 15ਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਗੁਰਮਤਿ ਸੰਗੀਤ ਦੇ ਵਿਦਵਾਨ ਕੀਰਤਨੀ ਸਿੰਘਾਂ ਵੱਲੋਂ ਕੀਤਾ ਜਾਵੇਗਾ।

**ਹਵਾਲੇ ਅਤੇ ਟਿੱਪਣੀਆਂ**


1 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 776
2 ਸਾਹਿਤ ਕੋਸ਼ ਪੰਨਾ 926
3 ਸ਼ਬਦਾਰਥ ਪੰਨਾ 1368
4 ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਲੋਕ ਤੱਤ, ਪੰਨਾ 34
5 ਗੁਰੂ ਗ੍ਰੰਥ ਸਾਹਿਬ, ਅੰਗ 280
6 ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਲੋਕ ਤੱਤ, ਪੰਨਾ 34
7 ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਪੰਨਾ 927 (ਜਿਲਦ ਸੱਤਵੀਂ)
8 ਮਹਾਨ ਕੋਸ਼, ਪੰਨਾ 986
9 ਮਹਾਨ ਕੋਸ਼, ਪੰਨਾ 986
10 ਗੁਰੂ ਗ੍ਰੰਥ ਸਾਹਿਬ, ਅੰਗ 645
11 ਗੁਰੂ ਗ੍ਰੰਥ ਸਾਹਿਬ, ਅੰਗ 1429
12 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ 390
13 ਪੰਜਾਬੀ ਸਾਹਿਤ ਕੋਸ਼, ਪੰਨਾ 123
14 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 113
15 ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ, ਵਿਸ਼ਵ ਕੋਸ਼, ਪੰਨਾ 144
16 ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਕੋਸ਼ ਪੰਨਾ 51
17 ਗੁਰੂ ਗ੍ਰੰਥ ਸਾਹਿਬ, ਅੰਗ 1008
18 ਡਾ. ਰਤਨ ਸਿੰਘ ਜੱਗੀ, ਸਾਹਿਤ ਕੋਸ਼, ਪੰਨਾ 745
19 ਗੁਰੂ ਗ੍ਰੰਥ ਸਾਹਿਬ, ਅੰਗ 133
20 ਸਤਿੰਦਰ ਸਿੰਘ "ਆਧੁਨਿਕ ਪੰਜਾਬੀ ਕਾਵਿ", ਪੰਨਾ 213
21 ਮਹਾਨ ਕੋਸ਼, ਪੰਨਾ 612
22 ਗੁਰੂ ਗ੍ਰੰਥ ਸਾਹਿਬ, ਅੰਗ 964
23 ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਕੋਸ਼, ਪੰਨਾ 195
24 ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ ਰੂਪ, ਪੰਨਾ 93-94
25 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 413
26 ਡਾ. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 90
27 ਸੋਹਿੰਦਰ ਸਿੰਘ ਵਣਜਾਰਾ ਬੇਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਲੋਕ ਤੱਤ, ਪੰਨਾ 33
28 ਧਰਮ ਪਾਲ ਸੇਠੀ, ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਪਰਿਚੈ, ਪੰਨਾ 104
29 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 874





30 ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 654
31 ਗੋਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 427
32 ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ ਰੂਪ, ਪੰਨਾ 152
33 ਚਰਨ ਸਿੰਘ, ਬਾਣੀ ਬਿਉਰਾ, ਪੰਨਾ 17
34 ਪਿਆਰ ਸਿੰਘ ਪਦਮ, ਗੁਰੂ ਗ੍ਰੰਥ ਸਕੇਤ ਕੋਸ਼ਮ ਪੰਨਾ 153
35 ਹਿੰਦੀ ਸਾਹਿਤ ਕੋਸ਼, ਪੰਨਾ 260
36 ਗੁਰੂ ਛੰਦ ਦਿਵਾਕਰ, ਪੰਨਾ 167
37 ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਛੰਦ ਦਿਵਾਕਰ, ਪੰਨਾ 167
38 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364
39 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 153
40 ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਛੰਦ ਦਿਵਾਕਰ, ਪੰਨਾ 166


---

• ਸੰਤ ਬਾਬਾ ਸੁੱਚਾ ਸਿੰਘ ਜੀ ਨੇ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ" ਹਰ ਸਾਲ ਕਰਵਾਉਣ ਦਾ ਸੰਕਲਪ ਕਰਕੇ ਸਿੱਖ ਪੰਥ ਵਿੱਚ ਕੀਰਤਨ ਪ੍ਰੰਪਰਾ ਨੂੰ ਇੱਕ ਹਲੂਣਾ ਦੇ ਦਿੱਤਾ ਹੈ ਤੇ ਨਾਲ ਹੀ ਸਮੁੱਚੇ ਪੰਥ ਨੂੰ ਯਾਦ ਦਿਵਾਇਆ ਹੈ ਕਿ ਕੀਰਤਨ ਦਾ ਅਸਥਾਨ ਸਰਵ-ਉੱਤਮ ਹੈ ਅਤੇ ਸੰਚਾਰ ਮਾਧਿਅਮ ਦੇ ਪਸਰ ਰਹੇ ਪ੍ਰਭਾਵਾਂ ਤੋਂ ਕੀਰਤਨ ਦੀ ਪਰਪਾਟੀ ਨੂੰ ਕਿਵੇਂ ਨਿਵੇਕਲਾ ਰੱਖ ਕੇ ਗੁਰਮਤਿ ਪ੍ਰਚਾਰ ਲਈ ਸੰਚਾਰ ਮਾਧਿਅਮਾਂ ਦੀ ਯੋਗ ਵਰਤੋਂ ਕੀਤੀ ਜਾ ਸਕਦੀ ਹੈ। ਸਿੱਖ ਕੌਮ ਦੀਆਂ ਆਉਂਦੀਆਂ ਪੀੜ੍ਹੀਆਂ ਇਸ ਮਹਾਨ ਕਾਰਜ ਲਈ ਸੰਤ ਬਾਬਾ ਸੁੱਚਾ ਸਿੰਘ ਜੀ ਦੀਆਂ ਚਿਰ ਕਾਲ ਰਿਣੀ ਰਹਿਣਗੀਆਂ।
ਮੈਂ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 1992" ਦੀ ਸਫ਼ਲਤਾ ਲਈ ਸਤਿਗੁਰੂ ਅੱਗੇ ਅਰਜੋਈ ਕਰਦਾ ਹਾਂ।

*ਪ੍ਰਿੰਸੀਪਲ*
*ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।*

---

• ਮੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਲੁਧਿਆਣਾ ਵਿਖੇ ਸੰਤ ਬਾਬਾ ਸੁੱਚਾ ਸਿੰਘ ਜੀ ਸੰਯੋਗ ਸਰਪ੍ਰਸਤੀ ਅਧੀਨ ਇਸ ਸਾਲ ਵੀ ਅਕਤੂਬਰ 1991 ਵਾਂਗ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 92 ਦਾ ਆਯੋਜਨ ਕੀਤਾ ਜਾ ਰਿਹਾ ਹੈ। ਅਕਤੂਬਰ 1991 ਵਿੱਚ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਨੂੰ ਮੈਂ ਭਾਵੇਂ ਨਿਜੀ ਤੌਰ ਤੇ ਨਹੀਂ ਮਾਣ ਸਕਿਆ ਪਰ ਆਪਣੀ ਹੀ ਅਖ਼ਬਾਰ ਵਿੱਚ ਛਪੀਆਂ ਰਿਪੋਰਟਾਂ ਅਤੇ ਹੋਰ ਸੱਜਣਾਂ ਸੁਨੇਹੀਆਂ ਦੀ ਜਾਣਕਾਰੀ ਤੇ ਸੰਮੇਲਨ ਦੀ ਸਿਫ਼ਤ ਅਤੇ ਸਫਲਤਾ ਦਾ ਪਤਾ ਜ਼ਰੂਰ ਲੱਗ ਗਿਆ ਸੀ। ਸੰਤ ਬਾਬਾ ਸੁੱਚਾ ਸਿੰਘ ਜੀ ਦਾ ਇਹ ਕਾਰਜ ਸ਼ਲਾਘਾਯੋਗ ਹੈ। ਹਰ ਸਾਲ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਰਿਵਾਇਤ ਚਲਾਉਣਾ ਗੁਰਬਾਣੀ ਅਤੇ ਸੰਗੀਤ ਦੋਹਾਂ ਦੀ ਉੱਚਕੋਟੀ ਦੀ ਸੇਵਾ ਹੈ।

*ਹਰਭਜਨ ਸਿੰਘ*
*ਸੰਪਾਦਕ, ਪੰਜਾਬੀ ਟ੍ਰਿਬਿਊਨ*

# ਪ੍ਰਸੰਸਾ ਪੱਤਰ - ਅਸੀਸਾਂ

• ਜੋ ਆਪ ਜੀ ਨੇ ਨਿਰੋਲ ਧਾਰਮਿਕ ਕੀਰਤਨ ਦਰਬਾਰ ਦੇ ਕਾਰਜ ਨੂੰ ਸਿਰੇ ਚਾੜ੍ਹਿਆ ਹੈ ਉਸ ਦੀ ਪ੍ਰਸੰਸਾ ਲਈ ਦਾਸ ਕੋਲ ਮੁਤਾਬਿਕ ਸ਼ਬਦ ਨਹੀਂ ਹਨ। ਮੈਂ ਆਪਣੀ 75 ਸਾਲ ਜ਼ਿੰਦਗੀ ਵਿੱਚ ਅਜਿਹਾ ਨਾ ਨਜ਼ੀਰ ਅਤੇ ਆਪਣੀ ਕਿਸਮ ਦਾ ਇੱਕ ਬਹੁਤ ਵੱਡਾ ਮਹਾਨ ਗੁਰਮਤਿ ਸੰਗੀਤ ਦਾ ਕਾਰਜ ਸਿੱਧ ਹੁੰਦਾ ਨਹੀਂ ਤੱਕਿਆ ਬਲਕਿ ਇਉਂ ਕਹਿਣਾ ਬਣਦਾ ਹੈ ਕਿ ਅਜਿਹਾ ਤਵਾਰੀਖੀ ਪ੍ਰੋਗਰਾਮ ਬੀਤੀਆਂ ਕਈ ਸਦੀਆਂ ਵਿੱਚ ਨਹੀਂ ਹੋਇਆ। ਜੋ ਆਪ ਜੀ ਨੇ ਇਸ ਪ੍ਰੋਗਰਾਮ ਦੇ ਸਬੰਧ ਵਿੱਚ ਸਿਮ੍ਰਤੀ ਗ੍ਰੰਥ ਛਾਪਿਆ ਹੈ ਇਹ ਵੀ ਬਹੁਤ ਗਿਆਨ ਭਰਪੂਰ ਹੈ। ਇਹ ਸਾਰਾ ਪ੍ਰੋਗਰਾਮ ਜਿਸ ਖੁਸ਼ ਅਸਲੂਬੀ ਨਾਲ ਨਿਭਿਆ ਇਸ ਨੂੰ ਇਕ ਮੁਆਜ਼ਿਜ਼ਾ ਹੀ ਕਹਿਣਾ ਬਣਦਾ ਹੈ ਗੁਰੂ ਸਾਹਿਬ ਦੇ ਬਚਨ ਆਪ ਜੀ ਵਰਗੇ ਮਹਾਪੁਰਖਾਂ ਤੇ ਠੀਕ ਹੀ ਢੁਕਦੇ ਹਨ : "ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥" ਗੁਰੂ ਮਹਾਰਾਜ ਆਪ ਨੂੰ ਹੋਰ ਵਧੇਰੇ ਉਤਸ਼ਾਹ ਅਤੇ ਬਲ ਪ੍ਰਦਾਨ ਕਰਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਆਪ ਅਜਿਹੇ ਦੁਰਲੱਭ ਪ੍ਰੋਗਰਾਮ ਉਲੀਕਦੇ ਰਹੋ।

*ਤਰਲੋਕ ਚੰਦ ਨਾਗਪਾਲ*
*ਮਕਾਨ ਨੰ: 46 - ਕਟੜਾ ਦਲ ਸਿੰਘ, ਅੰਮ੍ਰਿਤਸਰ।*

---

• ਗੁਰੂ ਮਹਾਰਾਜ ਜੀ ਦੀ ਆਪ ਉੱਪਰ ਬੇਅੰਤ ਰਹਿਮਤ, ਅਨਾਇਤ ਤੇ ਬਖ਼ਸ਼ਿਸ਼ ਹੈ ਜੋ ਕਿ ਕਈ ਸਦੀਆਂ ਬਾਅਦ ਸਿੱਖ ਸੰਗਤਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ***"ਐਸਾ ਕੀਰਤਨੁ ਕਰਿ ਮਨ ਮੇਰੇ॥"*** ਅਤੇ ***"ਭਲੋ ਭਲੋ ਰੇ ਕੀਰਤਨੀਆ"*** ਕੀ ਹੁੰਦੈ। ਇਸ ਮਹਾਨ ਸਮਾਗਮ ਦੇ ਦੌਰਾਨ ਗੁਰਬਾਣੀ ਸੰਗੀਤ ਭਿੱਜੀ ਸੁਰ ਸੰਗੀਤ, ਲੈਅ ਤਾਲ ਦੀ ਮਿੱਠੀ ਗੂੰਜ ਜਵੱਦੀ ਕਲਾਂ ਦੇ ਪੰਡਾਲ 'ਚੋਂ ਉੱਠੀ ਆਤਮਿਕ ਖਿੱਚ ਭਰਪੂਰ ਕੋਈ ਸੰਗੀਤਕ ਹੂਕ, ਇੱਕ ਨਾ ਭੁੱਲ ਸਕਣ ਵਾਲੀ ਦਾਸਤਾਂ ਹੋ ਨਿਬੜੀ ਹੈ। ਇਸ ਨੇ ਕੀਰਤਨੀ ਵੀਰਾਂ ਨੂੰ ਵੀ ਸੋਚਣ ਤੇ ਮਜ਼ਬੂਰ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਕੀ ਕਰਨਾ ਹੈ? ਇਸ ਸਮਾਗਮ ਦੌਰਾਨ ਸੰਗਤਾਂ ਲਈ ਪਵਿੱਤਰ ਲੰਗਰ, ਸਾਫ਼ ਸੁਥਰੀ ਰਿਹਾਇਸ਼, ਰਾਗੀ ਸਿੰਘਾਂ ਦਾ ਅਥਾਹ ਸਤਿਕਾਰ ਅਤੇ ਅੰਤਾਂ ਦਾ ਡਸਿਪਲਨ ਸਭ ਅਭੁੱਲ ਤੇ ਮੀਲ ਪੱਥਰ ਹੋ ਚੁੱਕੇ ਹਨ।

*ਭਾਈ ਨਿਰਮਲ ਸਿੰਘ*
*ਹਜੂਰੀ ਰਾਗੀ, ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।*

---

• ਆਪ ਜੀ ਤੇ ਸਤਿਗੁਰੂ ਜੀ ਦੀ ਅਪਾਰ ਅਪਾਰ ਬਖ਼ਸ਼ਿਸ਼ ਹੋਈ ਜੋ ਆਪ ਜੀ ਨੇ ਗੁਰਬਾਣੀ ਦੇ ਅਦੁੱਤੀ ਕੀਰਤਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31) ਦੀਆਂ ਛਹਿਬਰਾਂ ਕੀਰਤਨ ਦਰਬਾਰ ਰਾਹੀਂ ਮਿਤੀ 9, 10, 11, 12 ਅਤੇ ਅਕਤੂਬਰ ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਦੇ ਖੁੱਲ੍ਹੇ ਪੰਡਾਲ ਵਿੱਚ ਲਾਉਣ ਦਾ ਪ੍ਰਬੰਧ ਕੀਤਾ। ਵਾਸਤਵ ਵਿੱਚ ਇਹ ਅਤਿ ਸ਼ਲਾਘਾਯੋਗ ਉੱਦਮ ਹੈ ਤੇ ਹੁੰਦਾ ਵੀ ਸਿਰਫ ਸਤਿਗੁਰੂ ਜੀ ਮਿਹਰ ਤੇ ਨਦਰ ਨਾਲ। ਆਪ ਜੀ ਨਾਲ ਕਈ ਮੀਟਿੰਗਾਂ ਵੇਲੇ ਬਚਨ ਬਿਲਾਸ ਹੋਏ ਤੇ ਆਪ ਇਸ ਗੱਲ ਤੇ ਜ਼ੋਰ ਦਿੰਦੇ ਕਿ ਰਾਗਾਂ ਵਿੱਚ ਕੀਰਤਨ ਸੁਣਨ ਵਾਲੇ ਤਾਂ ਹੈਨ ਪਰ



ਕੀਰਤਨ ਸੁਨਾਉਣ ਵਾਲਾ ਹੋਣਾ ਚਾਹੀਦਾ ਹੈ। ਸੱਚਮੁਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੇਠ ਸਜੇ ਸਚਖੰਡ ਦਰਬਾਰ ਵਿੱਚ ਪੁੱਜਣ ਤੇ ਹੀ ਪਤਾ ਲਗਦਾ ਸੀ ਕਿ ਆਪ ਜੀ ਦੇ ਕਥਨ ਅਨੁਸਾਰ ਸਰੋਤੇ ਜਨ ਵੱਡੀ ਗਿਣਤੀ ਵਿੱਚ ਪੰਡਾਲ ਵਿੱਚ ਸਜੇ ਹੋਏ ਬੜੀ ਸ਼ਰਧਾ ਪੂਰਵਕ ਕੀਰਤਨ ਸਰਵਣ ਕਰ ਰਹੇ ਸਨ। ਵਧਾਈ ਦੇ ਪਾਤਰ ਹਨ ਉਹ ਗੁਰਸਿਖ ਸੱਜਣ ਜਿਨ੍ਹਾਂ ਚਾਰੇ ਦਿਨ ਦੀਵਾਨ ਵਿੱਚ ਹਾਜ਼ਰੀ ਲੁਆਈ ਤੇ ਕੀਰਤਨ ਦਾ ਆਨੰਦ ਮਾਣਦੇ ਹੋਏ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਖਾਲਸਾ ਦੀਵਾਨ ਲੋਕਲ ਕਮੇਟੀ ਲੁਧਿਆਣਾ ਦੇ ਸਮੂਹ ਮੈਂਬਰਾਂ ਵੱਲੋਂ ਆਪ ਜੀ ਨੂੰ ਅਤੇ ਹੋਰ ਸਾਰੇ ਸੇਵਾਦਾਰਾਂ ਨੂੰ ਜਿਨ੍ਹਾਂ ਇਸ ਮਹਾਨ ਯੱਗ ਵਿੱਚ ਸੇਵਾ ਕੀਤੀ ਇਸ ਪੂਰਨ ਸਫ਼ਲਤਾ ਤੇ ਹਾਰਦਿਕ ਵਧਾਈ ਪੇਸ਼ ਕਰਨ ਦੀ ਖੁਸ਼ੀ ਹਾਸਲ ਕਰਦਾ ਹਾਂ ਜੀ ਅਤੇ ਸਤਿਗੁਰੂ ਜੀ ਪਾਸ ਅਰਦਾਸ ਜੋਦੜੀ ਕਰਦਾ ਹਾਂ ਕਿ ਸਤਿਗੁਰੂ ਆਪ ਜੀ ਨੂੰ ਤੇ ਡੇਰੇ ਦੇ ਸਮੂਹ ਸੇਵਾਦਾਰਾਂ ਨੂੰ ਸਦੀਵੀ ਐਸੇ ਉੱਦਮ ਪ੍ਰਦਾਨ ਕਰਨ ਤੇ ਆਪ ਜੀ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੋ।

*ਸ੍ਰ: ਪ੍ਰੀਤਮ ਸਿੰਘ ਚਾਵਲਾ*
*ਆਨਰੇਰੀ ਸਕੱਤਰ, ਚੀਫ ਖਾਲਸਾ ਦੀਵਾਨ (ਸਥਾਨਕ ਕਮੇਟੀ) ਲੁਧਿਆਣਾ।*

---

• ਸਤਿਕਾਰ ਯੋਗ ਬਾਬਾ ਜੀ ਆਪ ਜੀ ਨੇ ਮਹਾਨ ਬਖ਼ਸ਼ਿਸ਼ ਕਰ ਕੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਦਾਸ ਆਪ ਜੀ ਦਾ ਬਹੁਤ ਧੰਨਵਾਦੀ ਹੈ। ਦਾਸ ਨੇ ਵੀ 10 ਤੋਂ 12 ਤੱਕ ਅਦੁੱਤੀ ਸੰਗੀਤ ਸੰਮੇਲਨ ਦਾ ਆਨੰਦ ਮਾਣਿਆ ਬਹੁਤ ਹੀ ਆਨੰਦ ਆਇਆ। ਸੱਚੇ ਪਾਤਸ਼ਾਹ ਅੱਗੇ ਇਹੋ ਹੀ ਅਰਦਾਸ ਕਰਦਾ ਹਾਂ ਕਿ ਬਾਬਾ ਜੀ ਨੂੰ ਇਹ ਉੱਦਮ ਹਮੇਸ਼ਾਂ ਵਾਸਤੇ ਬਖ਼ਸ਼ਦੇ ਰਹਿਣ। ਦਾਸ ਨੇ ਜੋ ਵੀ ਜਵੱਦੀ ਵੇਖਿਆ ਗੁਰਦੁਆਰੇ ਸਾਹਿਬ ਜੀ ਦਾ ਵਾਤਾਵਰਣ, ਰਹਿਣ ਸਹਿਣ ਕਿਸੇ ਗੱਲ ਦੀ ਕੋਈ ਤੰਗੀ ਮਹਿਸੂਸ ਨਹੀਂ ਹੋਈ। ਜਦੋਂ ਦਾਸ ਨੇ ਆਪ ਜੀ ਦੇ ਦਰਸ਼ਨ ਕੀਤੇ ਤਾਂ ਇੰਨੀ ਮਿੱਠਤ ਆਪ ਵਿੱਚ, ਆਪ ਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੂਰਨ ਭਰੋਸਾ ਵੇਖਿਆ। ਦਾਸ ਆਪ ਜੀ ਦੇ ਦਰਸ਼ਨ ਕਰਕੇ ਗਦ ਗਦ ਹੋ ਗਿਆ। ਆਪ ਜੀ ਨੇ ਜੋ ਪ੍ਰਬੰਧ ਕੀਤਾ ਹੈ ਸਾਰੀ ਸਾਧ ਸੰਗਤ ਨੇ ਬਹੁਤ ਪਸੰਦ ਕੀਤਾ .........

*ਸ੍ਰ: ਹਰਿੰਦਰ ਸਿੰਘ ਖਾਲਸਾ*
*ਮਕਾਨ ਨੰ: 1380, ਰੇਲਵੇ ਰੋਡ, ਨਕੋਦਰ।*

---

• ਪ੍ਰਸਾਰਨ ਦੇ ਵੱਖੋ ਵੱਖਰੇ ਮਾਧਿਅਮਾਂ ਰਾਹੀਂ ਕੀਤੇ ਗਏ ਪ੍ਰਚਾਰ ਤੋਂ ਇਹ ਜਾਣ ਕੇ ਬੇਹੱਦ ਖੁਸ਼ੀ ਹੋਈ ਹੈ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਗਿਆ ਹੈ। ਕਿਰਪਾ ਕਰਕੇ ਇਸ ਸ਼ਲਾਘਾਯੋਗ ਉਪਰਾਲੇ ਲਈ ਮੇਰੇ ਵੱਲੋਂ ਵਧਾਈ ਅਤੇ ਸ਼ੁਭ ਇੱਛਾਵਾਂ ਪ੍ਰਵਾਨ ਕਰਨਾ ਜੀ। ਜੇਕਰ ਅਜਿਹਾ ਸਮਾਗਮ ਹਰ ਸਾਲ ਕਰਵਾਉਣ ਦਾ ਪ੍ਰਸਤਾਵ ਹੈ ਤਾਂ ਕਿਰਪਾ ਕਰਕੇ ਮੇਰਾ ਨਾਂ ਆਪਣੀ ਡਾਕ ਦੀ ਲਿਸਟ ਤੇ ਲੈਂਦੇ ਹੋਏ ਅਗਲੇ ਸਾਲ ਸਮਾਗਮ ਦੇ ਆਯੋਜਨ ਤੋਂ ਕੁਝ ਸਮਾਂ ਪਹਿਲਾਂ ਸੂਚਨਾ ਭੇਜਣ ਦੀ ਕਿਰਪਾਲਤਾ ਕਰਨਾ ਜੀ।

*ਸ੍ਰ: ਸੁਰਜੀਤ ਸਿੰਘ ਗਿੱਲ*
*ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਮੋਗਾ, ਫਰੀਦਕੋਟ*

• ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਆਪ ਜੀ ਅਤੇ ਆਪ ਦੇ ਸਾਥੀਆਂ ਵੱਲੋਂ ਕਰਵਾਏ ਗਏ ਸੰਮੇਲਨ ਵਿੱਚ ਕੀਰਤਨ, ਗੁਰਮਤਿ ਸੰਗੀਤ ਸੰਮੇਲਨ ਸਬੰਧੀ ਵਿਚਾਰ ਗੋਸ਼ਟੀ ਅਤੇ ਸਿਮ੍ਰਤੀ ਗ੍ਰੰਥ ਰਿਲੀਜ਼ ਕਰਨ ਲਈ ਸਾਡੀ ਸੰਸਥਾ (ਜੋ ਕਿ ਪੰਜਾਬੀ ਵਿਰਸੇ ਨੂੰ ਪ੍ਰਫੁੱਲਤ ਕਰਨ, ਇਸ ਦੀ ਸਾਂਭ ਸੰਭਾਲ ਅਤੇ ਇਸ ਪ੍ਰਤੀ ਚੇਤਨਾ ਪੈਦਾ ਕਰਨ ਦਾ ਕੰਮ ਕਰ ਰਹੀ ਹੈ) ਆਪ ਜੀ ਨੂੰ ਅਤੇ ਇਸ ਨਾਲ ਸਬੰਧਤ ਸਾਰੇ ਸਿੰਘਾਂ ਨੂੰ ਵਧਾਈ ਦਿੰਦੀ ਹੈ। ਅਸੀਂ ਆਪ ਜੀ ਦਾ ਧੰਨਵਾਦ ਕਰਦੇ ਹਾਂ ਕਿ ਆਪ ਜੀ ਦਾ ਇਹ ਕਦਮ ਮੌਜੂਦਾ ਸਮੇਂ ਵਿੱਚ ਸਿੱਖ ਪੰਥ ਲਈ ਚਾਨਣ ਮੁਨਾਰੇ ਅਤੇ ਚੜ੍ਹਦੀ ਕਲਾ ਲਈ ਕੰਮ ਕਰੇਗਾ। ਆਪ ਜੀ ਨੇ ਸੰਮੇਲਨ ਨੂੰ ਜੋ ਆਡੀਓ ਤੇ ਵੀਡੀਓ ਕੈਸਿਟਾਂ ਵਿੱਚ ਸਾਂਭਣ ਦਾ ਯਤਨ ਕੀਤਾ ਹੈ ਉਹ ਵੀ ਸ਼ਲਾਘਾਯੋਗ ਹੈ ਅਤੇ ਇਹ ਸਾਡਾ ਧਾਰਮਿਕ ਵਿਰਸਾ ਸਾਂਭਣ ਲਈ ਸਹਾਈ ਹੋਵੇਗਾ। ਸ੍ਰ: ਕੁਲਵੰਤ ਸਿੰਘ ਬਸਰਾ, ਜਨਰਲ ਸਕੱਤਰ

*ਪੰਜਾਬੀ ਹੈਰੀਟੇਜ਼*

*ਪਸਾਰ ਸਿੱਖਿਆ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ*

---

• ਸੰਤ ਸੁੱਚਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਸਾਲ 1991 ਵਿੱਚ ਆਯੋਜਿਤ ਕੀਤਾ ਗਿਆ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ" ਸਿੱਖ ਧਾਰਮਿਕ ਸੰਗੀਤ ਲਈ ਇੱਕ ਮਹਾਨ ਸਮਾਗਮ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਪੰਥ ਦੇ ਉੱਘੇ ਰਾਗੀਆਂ ਤੇ ਸੰਗੀਤਕਾਰਾਂ ਵੱਲੋਂ 31 ਰਾਗਾਂ ਵਿੱਚ ਕੀਤੇ ਗਏ ਗਾਇਨ ਦੀ ਗੂੰਜ ਵਾਤਾਵਰਣ ਵਿੱਚ ਅੰਮ੍ਰਿਤ ਘੋਲਦੀ ਰਹੀ। ਇਸ ਪਵਿੱਤਰ ਬਾਣੀ ਦਾ 16 ਆਡੀਓ ਕੈਸਟਾਂ ਵਿੱਚ ਸੰਕਲਨ ਸਿੱਖ ਜਗਤ ਲਈ ਇੱਕ ਵਡਮੁੱਲੀ ਸੁਗਾਤ ਮੰਨੀ ਜਾ ਸਕਦੀ ਹੈ। ਇਸ ਦੇ ਨਾਮ ਹੀ "ਗੁਰਮਤਿ ਸੰਗੀਤ ਸੈਮੀਨਾਰ" ਪੰਥਕ ਵਿਦਵਾਨਾਂ ਵੱਲੋਂ ਗੁਰਬਾਣੀ ਦੇ ਅਥਾਹ ਸਾਗਰ ਵਿੱਚੋਂ ਸੁੱਚੇ ਮੋਤੀਆਂ ਦੀ ਭਾਲ ਬਰਾਬਰ ਕਿਹਾ ਜਾ ਸਕਦਾ ਹੈ। "ਸਿਮ੍ਰਤੀ ਸੰਗੀਤ ਸੰਮੇਲਨ" ਦਾ ਪ੍ਰਕਾਸ਼ਨ ਇਸ ਦਿਸ਼ਾ ਵਿੱਚ ਇੱਕ ਚਿਰਜੀਵੀ ਯਾਦਗਾਰ ਸਿੱਧ ਹੋਵੇਗਾ।

---

• ਨਿਮਰਤਾ ਸਹਿਤ ਪੂਰੇ ਚਾਅ ਤੇ ਹੁਲਾਸ ਨਾਲ ਕਹਿ ਸਕਦਾ ਹਾਂ ਕਿ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992" ਇਸ ਲੜੀ ਵਿੱਚ ਇੱਕ ਨਵੇਂ ਦੁਰਲਭ ਰਤਨ ਦਾ ਵਾਧਾ ਕਰੇਗਾ। ਗੁਰਬਾਣੀ ਕੀਰਤਨ ਗੁਰੂ ਘਰ ਦੇ ਪ੍ਰੇਮੀਆਂ ਦੀ ਜਿੰਦ ਜਾਨ ਹੈ। ਕੀਰਤਨ ਸਰਵਣ ਕਰਦਿਆਂ ਹਰ ਸ਼ਰਧਾਲੂ ਰੱਬੀ ਨੂਰ ਵਿੱਚ ਰੰਗਿਆ ਅਨੁਭਵ ਕਰਦਾ ਹੈ। ਤਪਦੇ ਹਿਰਦੇ ਸੀਤਲ ਸੋਮਿਆਂ ਵਿੱਚ ਪਰਿਵਰਤਿਤ ਹੋ ਜਾਂਦੇ ਹਨ। ਗੁਰਬਾਣੀ ਕੀਰਤਨ ਜੀਵਾਂ ਨੂੰ ਸੱਚਖੰਡ ਵਿਖੇ ਰੁਮਕਦੀ ਮਿੱਠੀ ਪੌਣ ਦੇ ਹੁਲਾਰੇ ਦਿੰਦਾ ਹੈ। ਪੂਰਨ ਵਿਸ਼ਵਾਸ ਹੈ ਕਿ ਸਮੂਹ ਸੰਗਤ ਦੂਜੇ ਸੰਗੀਤ ਸੰਮੇਲਨ ਤੋਂ ਜ਼ਰੂਰ ਆਨੰਦ ਮਾਣੇਗੀ ਅਤੇ ਸਤਿਗੁਰਾਂ ਦੇ ਚਰਨਾਂ ਵਿੱਚ ਲੀਨ ਕਰਨ ਵਾਲੀ ਅੰਮ੍ਰਿਤ ਬਰਖਾ ਤੋਂ ਸੁੱਕੇ ਹਿਰਦਿਆਂ ਨੂੰ ਹਰੇ-ਭਰੇ ਕਰਨ ਦਾ ਸੁਭਾਗ ਪ੍ਰਾਪਤ ਕਰੇਗੀ।

*ਐਮ.ਐਸ. ਬੱਤਰਾ*

*ਸਕੱਤਰ ਪੰਜਾਬੀ ਅਕਾਦਮੀ, ਦਿੱਲੀ ਪ੍ਰਸ਼ਾਸਨ*



# ਗੁਰਮਤਿ ਸੰਗੀਤ ਦੀ ਅੰਮ੍ਰਿਤ ਧਾਰਾ

ਪਰਮਜੀਤ ਸਿੰਘ ਪੰਮੀ

***ਸੰਗੀਤ ਇੱਕ ਅਜਿਹੀ ਕਲਾ ਹੈ ਜਿਸ ਨਾਲ ਕੁਦਰਤ ਦੀ ਦਿਲ ਥਾਪ ਚਲ ਰਹੀ ਹੈ, ਕਵੀ ਕਾਰਲਾਇਲ ਇਸ ਬਾਰੇ ਆਖਦਾ ਹੈ, "ਆਪਣੇ ਦਿਲ ਵਿੱਚ ਡੂੰਘੀ ਝਾਤ ਮਾਰੋ, ਤੁਸੀਂ ਵੇਖੋਗੇ ਕਿ ਤੁਹਾਡੀ ਤੱਕਣੀ ਹੀ ਸੰਗੀਤਕ ਹੋ ਗਈ ਹੈ। ਤੁਸੀਂ ਇਹ ਜਾਣ ਜਾਉਗੇ ਕਿ ਕੁਦਰਤ ਦਾ ਦਿਲ ਹਰ ਥਾਂ ਇਕ ਨਾਦ ਦੇ ਰੂਪ ਵਿੱਚ ਵੱਜ ਰਿਹਾ ਹੈ। ਪਲੈਟੋ ਆਖਦਾ ਹੈ ਕਿ ਰੂਹ ਦੇ ਭੇਦ ਭਰੇ ਅਸਥਾਨਾਂ ਅੰਦਰ ਜੇ ਕੋਈ ਚੀਜ਼ ਪਹੁੰਚ ਸਕਦੀ ਹੈ ਤਾਂ ਉਹ ਸੰਗੀਤਕ ਸੁਰ ਅਤੇ ਲੈਅ ਹੀ ਹੋ ਸਕਦੀ ਹੈ।***

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਨਹਦ ਨਾਦ ਹੈ, ਅੰਤਰ ਆਤਮੇ ਜੋਤਿ ਨਾਲ ਮਿਲੀ ਜੋਤ ਦਾ ਸੁਰ ਸੰਗਮ ਅੰਤਰ-ਆਤਮੇ ਜੋਤਿ ਵਿੱਚ ਜੋਤਿ ਸਰੂਪੀ ਅਨਹਦ ਰੌਸ਼ਨੀ ਨੂੰ ਸ਼ਬਦ ਦਾ ਪ੍ਰਗਟ ਪ੍ਰਭਾਵ ਦੇਣਾ ਅੰਦਰਲੇ ਸਾਜ਼ ਨੂੰ ਸੁਰ ਕਰਨ ਦਾ ਸਾਧਨ ਹੈ। ***ਜਿਸ ਨੂੰ ਸੁਣਨ ਨਾਲ ਮਨ-ਚਿੱਤ ਵਿੱਚ ਪ੍ਰਸੰਨਤਾ ਅਤੇ ਪ੍ਰੀਤ ਜਾਗ ਪਵੇ ਉਸਨੂੰ ਰਾਗ ਕਿਹਾ ਜਾਂਦਾ ਹੈ। ਰਾਗ ਦਾ ਦੂਸਰਾ ਅਰਥ ਪਿਆਰ ਹੈ। ਰਾਗ ਇੱਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਆਪਣੀ ਸੁਰਤ ਨੂੰ ਸੰਸਾਰਿਕ ਪਸਾਰੇ ਤੋਂ ਸੰਕੋਚ ਕੇ ਨਿਰਗੁਣ ਸਰੂਪ ਪ੍ਰਮੇਸਵਰ ਵਿੱਚ ਵਿਲੀਨ ਕਰ ਸਕਦਾ ਹੈ। ਇਹ ਮਨੁੱਖੀ ਮਨ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੁਸ਼ਨਾ ਕੇ ਮਨ ਵਿੱਚ ਪ੍ਰਕਾਸ਼ ਦਾ ਉਦੈ ਕਰਦਾ ਹੈ, ਇਹ ਪ੍ਰਭੂ ਮਿਲਾਪ ਲਈ ਸੁਰਤ ਜੋੜਨ ਦਾ ਇਲਾਹੀ ਮਾਧਿਅਮ ਵੀ ਹੈ।***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਰਾਗਾਂ ਵਿੱਚ ਰਚੀ ਗਈ ਹੈ, ਜਿਸ ਰਾਗ ਵਿੱਚ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਗਈ, ਉਨ੍ਹਾਂ ਨੂੰ ਸੰਬੰਧਿਤ ਰਾਗਾਂ ਵਿੱਚ ਗਾਉਣ ਦਾ ਆਦੇਸ਼ ਕੀਤਾ ਗਿਆ ਹੈ, ਕਿਉਂਕਿ ਰਾਗ ਵਿੱਚ ਗਾਈ ਗਈ ਬਾਣੀ ਸ੍ਰੋਤੇ ਦੇ ਚਿੱਤ ਉੱਤੇ ਭਰਵਾਂ ਅਸਰ ਕਰਦੀ ਹੈ ਅਤੇ ਸ੍ਰੋਤਿਆਂ ਦੀਆਂ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਇਸੇ ਕਾਰਨ ਗੁਰੂ ਸਾਹਿਬਾਨ ਨੇ ਰੱਬੀ ਪ੍ਰੇਰਨਾ ਦੇਣ ਲਈ ਅਤੇ 'ਸੱਚ ਨੂੰ ਉਪਦੇਸ਼ਨ ਲਈ ਗੁਰਬਾਣੀ ਰਾਗਾਂ ਵਿੱਚ ਅਲਾਪਣ ਅਥਵਾ ਗਾਇਨ ਕਰਨ ਦੀ ਆਗਿਆ ਕੀਤੀ ਹੈ। ਗੁਰਬਾਣੀ ਦੇ ਰਾਗਾਂ ਵਿੱਚ ਗਾਇਨ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ, ਤੇ ਇਸ ਨੂੰ ***ਸਿਰਿ ਕਰਮਾ ਕੈ ਕਰਮਾ*** ਕਿਹਾ ਗਿਆ ਹੈ।

ਅਜੋਕੇ ਯੁੱਗ ਵਿੱਚ ਇੱਕ ਸਮਾਂ ਅਜਿਹਾ ਵੀ ਆਇਆ ਕਿ ਗੁਰੂ ਘਰ ਦੇ ਕੀਰਤਨੀਏ ਗੁਰੂ ਸਾਹਿਬਾਨ ਦਾ ਉਪਦੇਸ਼ ਭੁੱਲ ਕੇ ਨਵੀਨਤਾ ਦੀ ਖ਼ੁਮਾਰੀ 'ਚ ਲੀਨ ਹੋ ਕੇ ਨਵੀਨ ਸਾਜ਼ਾਂ ਤੇ ਪੱਛਮੀ ਸੰਗੀਤ ਦੇ ਪ੍ਰਭਾਵ ਹੇਠਾਂ ਗੁਰਬਾਣੀ ਦਾ ਗਾਇਨ ਚਲੰਤ ਤਰਜ਼ਾਂ ਵਿੱਚ ਕਰਨ ਲੱਗੇ ਸਨ। ਗੁਰੂ ਸਾਹਿਬਾਨ ਦੇ ਆਦੇਸ਼ ਤੋਂ ਅਵੇਸਲੇ ਹੋ ਰਹੇ ਕੀਰਤਨੀਏ ਸਿੰਘਾਂ ਨੂੰ ਗੁਰਮਤਿ ਸੰਗੀਤ ਦੀ ਵਡਮੁੱਲੀ ਪ੍ਰੰਪਰਾ ਨਾਲ ਜੋੜਨ ਲਈ, ਗੁਰਮਤਿ ਸੰਗੀਤ ਦੇ ਅਮੀਰ ਵਿਰਸੇ ਨੂੰ ਸੰਭਾਲਣ ਲਈ, ਅਤੇ ਤੰਤੀ ਸਾਜ਼ਾਂ ਦੀ ਅਲੋਪ ਹੋ ਰਹੀ ਪ੍ਰੰਪਰਾ ਨੂੰ ਮੁੜ ਉਜਾਗਰ ਕਰਨ ਲਈ ਅਕਾਲ ਪੁਰਖ ਦੇ ਰੰਗ ਵਿੱਚ ਰੱਤੜੇ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਨੂੰ ਆਰੰਭਿਆ।

ਇਸ ਦੇ ਅੰਤਰਗਤ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਦੇਖ ਰੇਖ ਹੇਠ ਸੰਨ 1991 ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਵਿੱਚ ਆਯੋਜਿਤ ਕੀਤੇ ਗਏ ਅਦੁੱਤੀ

ਗੁਰਮਤਿ ਸੰਗੀਤ ਸੰਮੇਲਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਮੁੱਖ ਰਾਗਾਂ ਦਾ ਗਾਇਨ ਕਰਵਾਇਆ ਗਿਆ, ਇਸ ਸਮਾਗਮ ਦਾ ਜਲੌਅ ਗੁਰਬਾਣੀ ਦੇ ਮਹਾਂਵਾਕ ***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ*** ਦੀ ਤਰਜ਼ਮਾਨੀ ਕਰਦਾ ਸੀ।

**ਸੱਚਖੰਡਵਾਸੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਅਧੀਨ ਕੀਤੇ ਕਾਰਜ**

1991 31 ਮੁੱਖ ਰਾਗਾਂ ਦਾ ਗਾਇਨ

1992 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ 31 ਮਿਸ਼ਰਤ ਰਾਗਾਂ ਦੇ ਨਾਲ-ਨਾਲ ਲੋਕ ਧੁਨਾਂ ਦਾ ਗਾਇਨ

1993 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਸਿੱਖ ਬਾਣੀਕਾਰਾਂ ਦੀ ਬਾਣੀ ਦਾ ਗਾਇਨ

1994 ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪਹਿਲੀ ਵਾਰ 31 ਮੁੱਖ ਰਾਗਾਂ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ

1995 ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅਦੁੱਤੀ ਗਰਮਤਿ ਸੰਗੀਤ ਸੰਮੇਲਨ

1996 ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ

1997 ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰੰਪਰਾ ਅਨੁਸਾਰ ਸ਼ਬਦ ਚੌਂਕੀਆਂ ਦਾ ਗਾਇਨ

1998 ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ

1999 ਦਸਮ ਪਾਤਸ਼ਾਹ ਜੀ ਦੀ ਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ

2001 ਨਵਤਨ ਰਾਗੀ ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿੱਚ ਕੀਰਤਨ

2002 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਮਿਸ਼ਰਤ ਰਾਗਾਂ ਦਾ ਗਾਇਨ

2003 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ

2004 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੜਤਾਲਾਂ 55 ਦਾ ਪਹਿਲੀ ਵਾਰ ਨਿਰਧਾਰਿਤ ਰਾਗਾਂ 'ਚ ਗਾਇਨ

2005 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੱਟਾਂ ਦੇ ਸਵੱਈਆਂ ਦਾ ਰਾਗਮਾਲਾ ਦੇ ਰਾਗਾਂ ਵਿੱਚ ਗਾਇਨ

2006 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਅਰਜਨ ਸਾਹਿਬ ਜੀ ਦੀ ਬਾਣੀ (ਚਉਬੋਲੇ, ਗਾਥਾ, ਫੁਨਹੇ, ਸਵੱਯੇ, ਸਹਸਕ੍ਰਿਤੀ ਅਤੇ ਬਾਰਾਮਾਹ) ਦਾ ਰਾਗਮਾਲਾ ਦੇ ਰਾਗਾਂ ਵਿੱਚ ਕੀਰਤਨ

**ਵਿਸਮਾਦੁ ਨਾਦ ਪਬਲੀਕੇਸ਼ਨ ਬਿਊਰੋ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਦੀਆਂ ਪ੍ਰਕਾਸ਼ਨਾਵਾਂ**

1. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ (Seminar Proceedings)
2. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ - ਭਾਗ ਦੂਜਾ
3. ਸ਼ਬਦ-ਵਿਸ਼ੇਸ਼ ਅੰਕ: ਵਿਭਿੰਨ ਧਰਮਾਂ ਵਿੱਚ ਸ਼ਬਦ ਦਾ ਸੰਕਲਪ: ਵਿਚਾਰ ਗੋਸ਼ਟੀ
4. ਸਵੈ ਪ੍ਰਕਾਸ਼ (ਪ੍ਰਵਚਨ ਸੰਤ ਬਾਬਾ ਸੁੱਚਾ ਸਿੰਘ ਜੀ)
5. ਉਤਰ ਆਧੁਨਿਕਤਾ: ਸ਼੍ਰੀ ਗੁਰੂ ਗ੍ਰੰਥ ਸਾਹਿਬ (ਡਾ. ਗੁਰਭਗਤ ਸਿੰਘ ਪਟਿਆਲਾ)



6. ਮਰਿਯਾਦਾ ਪੁਰਸ਼ੋਤਮ: ਸੰਤ ਬਾਬਾ ਸੁੱਚਾ ਸਿੰਘ ਜੀ - ਜੀਵਨੀ (ਪ੍ਰਿੰ. ਨਰਿੰਦਰ ਸਿੰਘ ਸੋਚ)
7. ਸਿੱਖ ਕੌਣ? (ਡਾ. ਦਰਸ਼ਨ ਸਿੰਘ, ਚੰਡੀਗੜ੍ਹ)
8. ਜਗਤ ਗੁਰੂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਡਾ. ਮੇਜਰ ਸਿੰਘ, ਲੁਧਿਆਣਾ)
9. ਸਿਮ੍ਰਤੀ: ਸੰਤ ਬਾਬਾ ਸੁੱਚਾ ਸਿੰਘ
10. ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ
11. ਸ਼ਬਦ ਗੁਰੂ ਰਹੱਸ (ਡਾ. ਐਸ.ਐਸ. ਨਰੂਲਾ)
12. ਸਭੈ ਘਟ ਰਾਮ ਬੋਲੈ - ਹਿੰਦੀ ਐਡੀਸ਼ਨ (ਡਾ. ਜੋਧ ਸਿੰਘ ਪਟਿਆਲਾ)
13. A Post Modern View: Sri Guru Granth Sahib (Dr. Gurbhagat Singh)
14. A Word called Adi Sri Guru Granth Sahib
15. ਪ੍ਰਵਚਨ: ਸੰਤ ਬਾਬਾ ਸੁੱਚਾ ਸਿੰਘ ਜੀ
16. ਤੂੰ ਸਾਂਝਾ ਸਾਹਿਬ ਬਾਪ ਹਮਾਰਾ
17. ਗੁਰੂ ਅਰਜਨ ਦੇਵ ਜੀ ਜੀਵਨ ਤੇ ਸ਼ਖ਼ਸੀਅਤ
18. When Light Kindles Light - *Sikh View of Time and Death* (Dr. Gurbhagat Singh)

**ਗੁਰਮਤਿ ਸੰਗੀਤ ਦੀਆਂ ਪ੍ਰਕਾਸ਼ਨਾਵਾਂ**

1. ਗੁਰਮਤਿ ਸੰਗੀਤ, *ਵਿਸਮਾਦੁ ਨਾਦ ਵਿਸ਼ੇਸ਼ ਅੰਕ*, ਗੁਰਮਤਿ ਸੰਗੀਤ ਦੇ ਖੋਜ ਭਰਪੂਰ ਲੇਖ, ਰਾਗ ਨਿਰਣਾਇਕ ਕਮੇਟੀ ਦੁਆਰਾ ਪ੍ਰਮਾਣਿਤ ਰਾਗ ਸਰੂਪ, ਦਸਮ ਗ੍ਰੰਥ ਵਿੱਚ ਆਏ ਰਾਗ, ਤੰਤੀ ਸਾਜ਼ ਆਦਿਕ
2. ਰਾਗ ਨਾਦ ਸ਼ਬਦ ਸੋਹਣੇ (ਡਾ. ਬਲਵੰਤ ਸਿੰਘ ਲੁਧਿਆਣਾ)
3. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ - ਸ਼ੁੱਧ ਰਾਗਾਂ ਅਤੇ ਮਿਸ਼ਰਤ ਰਾਗ ਸਰੂਪ ਤੇ ਸੁਰ ਲਿਪੀਆਂ ਦੀ ਜਾਣਕਾਰੀ
4. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ - ਭਾਗ ਦੂਜਾ: ਪੰਥ ਪ੍ਰਸਿੱਧ ਵਿਦਵਾਨਾਂ ਦੇ ਗੁਰਮਤਿ ਸੰਗੀਤ ਦੇ ਹਰ ਪਹਿਲੂ ਤੇ ਖੋਜ ਭਰਪੂਰ ਲੇਖ (ਪ੍ਰਿੰ. ਸੁਖਵੰਤ ਸਿੰਘ)
5. ਗਉੜੀ ਰਾਗ ਸੁਲੱਖਣੀ (ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ)
6. ਰਾਗ ਸਰੂਪ ਨਿਰਣੈ: ਸ੍ਰੀ ਗੁਰੂ ਗ੍ਰੰਥ ਸਾਹਿਬ
7. ਕੀਰਤਨ ਵਿਸ਼ੇਸ਼ ਅੰਕ

**ਛਪਾਈ ਅਧੀਨ ਪੁਸਤਕਾਂ**

1. ਦੇਹੀ ਦਾ ਸੰਕਲਪ (Seminar Proceedings)
2. ਪੰਜ ਪਿਆਰਿਆਂ ਦਾ ਸੰਕਲਪ (Seminar Proceedings)
3. ਮਨ ਦਾ ਸੰਕਲਪ (Seminar Proceedings)

**ਗੁਰਮਤਿ ਸੰਗੀਤ ਦੀਆਂ ਕੈਸਟਾਂ ਅਤੇ VCD's**

1. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 1991 ਦੌਰਾਨ ਵਿਦਵਾਨ ਰਾਗੀਆਂ ਦੁਆਰਾ ਗਾਇਨ ਕੀਤੇ ਰਾਗ 31 ਸ਼ੁੱਧ ਰਾਗਾਂ ਦਾ 16 ਕੈਸਟਾਂ ਦਾ ਸੈੱਟ

2. ਸ਼ਬਦ ਹਜ਼ਾਰੇ: ਪਾਤਸ਼ਾਹੀ ਦਸਵੀਂ - 2 ਕੈਸਟਾਂ ਦਾ ਸੈੱਟ
3. ਗਉੜੀ ਰਾਗ ਸੁਲੱਖਣੀ - ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਗਉੜੀ ਦੇ 11 ਪ੍ਰਕਾਰਾਂ ਦਾ ਗਾਇਨ ਵਿਦਵਾਨ ਰਾਗੀਆਂ ਦੁਆਰਾ - 3 ਕੈਸਟਾਂ ਦਾ ਸੈੱਟ
4. ਸਲੋਕ ਮਹਲਾ ਨੌਵਾਂ - (ਗਾਇਨ ਭਾਈ ਮਨਜੀਤ ਸਿੰਘ ਅਤੇ ਵੀਚਾਰ ਗਿਆਨੀ ਅਮੀਰ ਸਿੰਘ) 2 VCD's
5. ਰਾਗ ਰਤਨ ਰਸਨਾ ਆਲਾਪ - VCD
6. ਸਵੈ ਪ੍ਰਕਾਸ਼: ਪ੍ਰਵਚਨ ਸੰਤ ਬਾਬਾ ਸੁੱਚਾ ਸਿੰਘ ਜੀ (ਆਡੀਓ ਕੈਸੇਟ)
7. ਸਵੈ ਪ੍ਰਕਾਸ਼: ਪ੍ਰਵਚਨ ਸੰਤ ਬਾਬਾ ਸੁੱਚਾ ਸਿੰਘ ਜੀ (4 CD ਸੈਟ) VCD's
8. ਆਸਾ ਦੀ ਵਾਰ (ਭਾਈ ਦਿਲਬਾਗ ਸਿੰਘ ਜੀ, ਗੁਲਾਬ ਸਿੰਘ ਜੀ) 2 VCD's

**ਸਲੋਕ ਵਾਰਾਂ ਤੇ ਵਧੀਕ**

**ਭਾਗ 1** ਗਾਇਨ ਭਾਈ ਬਲਬੀਰ ਸਿੰਘ ਜੀ ਅੰਮ੍ਰਿਤਸਰ, ਕਥਾ: ਗਿਆਨੀ ਸਾਹਿਬ ਸਿੰਘ ਜੀ "ਮਾਰਕੰਡਾ"

**ਭਾਗ 2** ਗਾਇਨ ਭਾਈ ਮਨਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਕਥਾ: ਗਿਆਨੀ ਸਾਹਿਬ ਸਿੰਘ ਜੀ "ਮਾਰਕੰਡਾ"

**(Audio Cassette, Part -1,2) Set of Two VCD's**

1. ਆਸਾ ਦੀ ਵਾਰ (ਭਾਈ ਦਿਲਬਾਗ ਸਿੰਘ ਜੀ - ਗੁਲਾਬ ਸਿੰਘ ਜੀ) Set of Two CD's Audio CD
2. ਆਸਾ ਦੀ ਵਾਰ (ਭਾਈ ਦਿਲਬਾਗ ਸਿੰਘ ਜੀ - ਗੁਲਾਬ ਸਿੰਘ ਜੀ) Set of Two CD's VCD
3. ਸੁਖਮਨੀ ਸਾਹਿਬ (ਸੰਤ ਬਾਬਾ ਸੁੱਚਾ ਸਿੰਘ ਜੀ) Audio Tape
4. ਸੁਖਮਨੀ ਸਾਹਿਬ (ਸੰਤ ਬਾਬਾ ਸੁੱਚਾ ਸਿੰਘ ਜੀ) Audio CD
5. ਆਸਾ ਦੀ ਵਾਰ - ਭਾਈ ਬਲਬੀਰ ਸਿੰਘ Set of 3 Cassette's
6. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 1992 MP3 (Part - 1, 2, 3)
7. ਪੜਤਾਲਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੜਤਾਲਾਂ ਦਾ ਗਾਇਨ ਨਿਰਧਾਰਿਤ ਰਾਗਾਂ ਵਿੱਚ) MP3 (Part - 1, 2, 3)
8. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 2001
9. ਬਚਿੱਤਰ ਨਾਟਕ - ਭਾਈ ਬਲਬੀਰ ਸਿੰਘ Audio CD
10. ਜਿਨੁ ਪ੍ਰੇਮ ਕੀਉ - ਭਾਈ ਬਲਬੀਰ ਸਿੰਘ Video CD
11. ਪ੍ਰਿੰ. ਬਲਦੇਵ ਸਿੰਘ Video CD
12. ਆਸਾ ਦੀ ਵਾਰ - ਭਾਈ ਤਰਲੋਚਨ ਸਿੰਘ Video CD
13. ਵਡਾ ਤੇਰਾ ਦਰਬਾਰ

**ਨੋਟ:** ● ਪੁਸਤਕਾਂ, ਆਡੀਉ ਕੈਸਿਟਾਂ, ਆਡੀਉ ਤੇ ਵੀਡੀਉ ਸੀ.ਡੀ. ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ, ਲੁਧਿਆਣਾ ਤੋਂ ਪ੍ਰਾਪਤ ਕੀਤੀਆਂ ਜਾਂ ਸਕਦੀਆਂ ਹਨ ਜਾਂ ਵੀ.ਪੀ.ਪੀ. ਦੁਆਰਾ ਮੰਗਵਾਈਆਂ ਜਾ ਸਕਦੀਆਂ ਹਨ।

● ਸਪੈਸ਼ਲ ਆਰਡਰ ਤੇ ਸੀ.ਡੀਜ਼ ਤਿਆਰ ਕੀਤੀਆਂ ਜਾਂਦੀਆਂ ਹਨ।

ਫੋਨ:-0161-2562596, 5108696, E-mail:- jawaddi.taksal@gmail.com





# ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਰੂਪ ਵਿੱਚ ਮਨਾਇਆ

***ਵਿਸਮਾਦੁ ਨਾਦ ਬਿਊਰੋ***

ਜਗਤ ਜਲੰਦੇ ਨੂੰ ਤਾਰਨ ਅਤੇ ਕਲਜੁਗੀ ਜੀਵਾਂ ਦੇ ਉਧਾਰ ਲਈ 20 ਅਕਤੂਬਰ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਪ੍ਰਗਟੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 538ਵੇਂ ਪ੍ਰਕਾਸ਼ ਪੁਰਬ ਨੂੰ ਉਨ੍ਹਾਂ ਵੱਲੋਂ ਦਰਸਾਏ ਗਏ ਮਾਰਗ ਉੱਪਰ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਤਖ਼ਤ ਸੱਚਖੰਡ ਸ੍ਰੀ ਪਟਨਾ ਸਾਹਿਬ ਵਿਖੇ ਇਸ ਵਾਰ ਅਲੌਕਿਕ ਢੰਗ ਨਾਲ ਮਨਾਇਆ ਗਿਆ। ਗੁਰੂ ਸਾਹਿਬ ਵੱਲੋਂ ਉਚਾਰੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਉਣ ਲਈ ਸਮੁੱਚੇ ਸਮਾਗਮ ਦੀ ਜ਼ਿੰਮੇਵਾਰੀ ਜਵੱਦੀ ਟਕਸਾਲ ਲੁਧਿਆਣਾ ਦੇ ਮੌਜੂਦਾ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੂੰ ਸੌਂਪੀ ਗਈ ਜੋ ਆਪਣੇ ਨਾਲ ਲੁਧਿਆਣਾ ਤੋਂ 200 ਦੇ ਕਰੀਬ ਸੰਗਤਾਂ, 10 ਰਾਗੀ ਜਥਿਆਂ ਤੇ ਪ੍ਰਚਾਰਕਾਂ ਸੰਗ 4 ਨਵੰਬਰ ਦੀ ਸਵੇਰ ਨੂੰ ਪੰਜਾਬ ਤੋਂ ਬਿਹਾਰ ਵਿਖੇ ਪਟਨਾ ਸਾਹਿਬ ਪੁੱਜੇ। ਰਾਹ ਵਿੱਚ ਵੱਖ-ਵੱਖ ਸੂਬਿਆਂ ਦੀਆਂ ਸੰਗਤਾਂ ਨੇ ਇਸ ਯਾਤਰਾ ਦਾ ਭਰਪੂਰ ਸੁਆਗਤ ਕੀਤਾ।

ਤਖ਼ਤ ਸੱਚਖੰਡ ਸ੍ਰੀ ਪਟਨਾ ਸਾਹਿਬ ਵੱਲੋਂ ਗੁਰੂ ਕਾ ਬਾਗ਼ ਵਿਖੇ ਆਯੋਜਿਤ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਹਜ਼ਾਰਾਂ ਪ੍ਰਾਣੀਆਂ ਨੇ ਨਗਰ ਨਿਵਾਸੀਆਂ ਨੂੰ ਗੁਰੂ ਨਾਨਕ ਦੇ ਦੈਵੀ ਸੰਦੇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਅਜ਼ਮਤ ਤੇ ਅਗਵਾਈ ਨਾਲ ਜੋੜਿਆ। ਪ੍ਰਕਾਸ਼ ਪੁਰਬ ਤੋਂ ਪੂਰਬਲੀ ਸੰਧਿਆ ਨੂੰ 'ਸੋਦਰੁ ਦੀ ਚੌਂਕੀ' ਉਪਰੰਤ ਆਰੰਭ ਹੋਏ ਨਿਰਧਾਰਿਤ ਰਾਗਾਂ ਵਿਚਲੇ ਕੀਰਤਨ ਦਰਬਾਰ ਵਿੱਚ ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਗੁਰਪ੍ਰੀਤ ਸਿੰਘ, ਪ੍ਰੋ: ਪਰਮਜੋਤ ਸਿੰਘ ਮੁੱਲਾਂਪੁਰ, ਭਾਈ ਕੰਵਰਦੀਪ ਸਿੰਘ ਜਲੰਧਰ, ਭਾਈ ਰਾਜਬਰਿੰਦਰ ਸਿੰਘ ਬਠਿੰਡਾ, ਬੀਬੀ ਹਰਬੀਰ ਕੌਰ ਤੇ ਰਮਨਦੀਪ ਕੌਰ ਜਵੱਦੀ, ਭਾਈ ਹਰਬਲਜੀਤ ਸਿੰਘ ਸਕੇਤ ਮੰਡੀ, ਪ੍ਰੋ: ਸ਼ਮਿੰਦਰਪਾਲ ਸਿੰਘ ਜਲੰਧਰ ਆਦਿ ਰਾਗੀ ਜਥਿਆਂ ਨੇ ਰਬਾਬ, ਸਿਰੰਦਾ, ਦਿਲਰੁਬਾ, ਸਾਰੰਗੀ, ਸੰਤੂਰ, ਤਾਨਪੁਰਾ ਆਦਿ ਤੰਤੀ ਸਾਜ਼ਾਂ ਨਾਲ ਪੁਰਾਤਨ ਸ਼ੈਲੀਆਂ ਵਿੱਚ ਕੀਰਤਨ ਗਾਇਨ ਕਰਕੇ ਰੰਗ ਬੰਨ੍ਹਿਆ। ਜਵੱਦੀ ਟਕਸਾਲ ਦੇ ਬਾਨੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਤੋਂ ਵਰੋਸਾਏ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਨੇ ਬਾਬਾ ਸੁੱਚਾ ਸਿੰਘ ਜੀ ਵੱਲੋਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨ ਦੀ ਪ੍ਰੰਪਰਾ ਬਾਰੇ ਭਰਪੂਰ ਜਾਣਕਾਰੀ ਦਿੰਦਿਆਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਕਰਨ ਦੇ ਮਹੱਤਵ ਬਾਰੇ ਚਾਨਣਾ ਪਾਇਆ ਅਤੇ ਗੁਰੂ ਨਾਨਕ ਸਾਹਿਬ ਦੇ ਜੀਵਨ ਦਰਸ਼ਨ ਬਾਰੇ ਗੁਰਮਤਿ ਵਿਚਾਰਾਂ ਕੀਤੀਆਂ। ਰਾਤ ਨੂੰ ਆਯੋਜਿਤ ਕਵੀ ਦਰਬਾਰ ਦਾ ਆਰੰਭ ਡਾ: ਜਤਿੰਦਰਪਾਲ ਸਿੰਘ ਜੌਲੀ ਦੀ ਕਵਿਤਾ "ਨੂਰੀ-ਖ਼ਾਕੀ" ਨਾਲ ਹੋਇਆ ਜਿਸ ਵਿੱਚ ਦਿੱਲੀ ਤੋਂ ਆਏ ਕਵੀਆਂ ਮਹਿੰਦਰ ਸਿੰਘ ਪਰਿੰਦਾ, ਹਰਿੰਦਰ ਪਤੰਗਾ, ਸੀਤਲ ਸਿੰਘ ਸੀਤਲ ਤੇ ਭਗਵਾਨ ਸਿੰਘ ਦੀਪਕ ਨੇ ਆਪੋ-ਆਪਣੇ ਅੰਦਾਜ਼ ਵਿੱਚ ਗੁਰੂ ਸਾਹਿਬ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ।

5 ਨਵੰਬਰ ਦੀ ਸਵੇਰ ਨੂੰ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੇ ਕੀਰਤਨ ਤੋਂ ਆਰੰਭ ਹੋਏ ਦੀਵਾਨ ਵਿੱਚ ਦੁਪਹਿਰ ਵੇਲੇ ਤੱਕ ਨਿਰਧਾਰਿਤ ਰਾਗਾਂ ਵਿੱਚ ਗੁਰੂ ਨਾਨਕ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭੱਟ ਬਾਣੀ ਵਿੱਚੋਂ ਗੁਰੂ ਮਹਿਮਾ ਦਾ ਗਾਇਨ ਹੋਇਆ। ਗੁਰਮਤਿ ਵਿਚਾਰਾਂ ਦੌਰਾਨ ਸੰਤ ਗਿਆਨੀ ਅਮੀਰ ਸਿੰਘ ਜੀ ਤੇ ਡਾ: ਜਤਿੰਦਰਪਾਲ ਜੌਲੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਵਿੱਚੋਂ ਬਿਹਾਰ ਯਾਤਰਾ ਦੇ ਵੇਰਵੇ ਅਤੇ ਗੁਰੂ-ਸਿੱਖਿਆਵਾਂ ਨੂੰ ਉਭਾਰਿਆ ਗਿਆ।

ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਤਖ਼ਤ ਉੱਤੇ ਚੱਲੇ ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਉਚੇਚੀ ਦੇਣ ਨੂੰ ਯਾਦ ਕਰਦਿਆਂ ਸ਼ਰਧਾ ਸੁਮਨ ਭੇਂਟ ਕੀਤੇ ਕਿ ਅੱਜ ਉਨ੍ਹਾਂ ਦੀ ਨਿਵੇਕਲੀ ਸੋਚ ਸਦਕਾ ਹੀ ਸਿੱਖ ਪੰਥ ਆਪਣੇ ਤੰਤੀ ਸਾਜ਼ਾਂ ਦੇ ਅਮੀਰ ਵਿਰਸੇ ਪ੍ਰਤੀ ਮੁੜ ਸੁਚੇਤ ਹੋਇਆ ਹੈ। ਇਸ ਦਾ ਸਿਹਰਾ ਜਵੱਦੀ ਟਕਸਾਲ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ, ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਜਾਂਦਾ ਹੈ। ਇਸ ਮੌਕੇ ਉਨ੍ਹਾਂ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਅਤੇ ਪ੍ਰਬੰਧਕ ਕਮੇਟੀ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਸਿੰਘ ਛਾਬੜਾ, ਜੂ: ਮੀਤ ਪ੍ਰਧਾਨ ਸ੍ਰ: ਤਜਿੰਦਰਪਾਲ ਸਿੰਘ ਢਿੱਲੋਂ, ਜਨਰਲ ਸਕੱਤਰ ਸ੍ਰ: ਕੁਲਮੋਹਨ ਸਿੰਘ ਅਤੇ ਸਕੱਤਰ ਸ੍ਰ: ਰਾਜਾ ਸਿੰਘ ਵੱਲੋਂ ਸੰਤ ਗਿਆਨੀ ਅਮੀਰ ਸਿੰਘ ਜੀ ਨੂੰ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਬਾਰੇ ਦੇਣ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਕਮੇਟੀ ਵੱਲੋਂ ਪ੍ਰਕਾਸ਼ਿਤ ਸੋਵੀਨਾਰ ***ਚੜ੍ਹਿਆ ਸੋਧਣ ਧਰਤਿ ਲੁਕਾਈ*** ਰਿਲੀਜ਼ ਕੀਤਾ। ਇਸ ਯਾਦਗਾਰੀ ਅੰਕ ਵਿੱਚ ਗੁਰੂ ਸਾਹਿਬ ਦੀ ਬਿਹਾਰ ਯਾਤਰਾ ਸੰਬੰਧੀ ਸ੍ਰ: ਜੋਗਿੰਦਰ ਸਿੰਘ ਜੋਗੀ ਦੇ ਖੋਜ ਭਰਪੂਰ ਲੇਖ ਤੋਂ ਇਲਾਵਾ ਗੁਰੂ ਸਾਹਿਬ ਦੀ ਜੀਵਨ ਯਾਤਰਾ ਤੇ ਜੀਵਨ ਦਰਸ਼ਨ ਨੂੰ ਉਭਾਰਦੇ ਮਹੱਤਵਪੂਰਨ ਲੇਖ ਸ਼ਾਮਿਲ ਹਨ। ਸੋਵੀਨਾਰ ਦੀ ਪਹਿਲੀ ਕਾਪੀ ਜਵੱਦੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਗਿਆਨੀ ਅਮੀਰ ਸਿੰਘ ਨੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੂੰ ਭੇਂਟ ਕੀਤੀ।

ਤਖ਼ਤ ਸਾਹਿਬ ਉੱਪਰ ਸੁਸ਼ੋਭਿਤ ਦਸ਼ਮੇਸ਼ ਪਿਤਾ ਦੇ ਸ਼ਸਤਰਾਂ, ਬਸਤਰਾਂ, ਪਾਵਨ ਕੰਘੇ ਅਤੇ ਭਗਤ ਕਬੀਰ ਦੀ ਇਤਿਹਾਸਕ ਖੱਡੀ ਦੇ ਦਰਸ਼ਨ ਕਰਵਾਉਂਦਿਆਂ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਬੜੇ ਉਮਾਹ ਤੇ ਉਤਸ਼ਾਹ ਨਾਲ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਪੂਰਬ ਵੱਲ ਆਰੰਭ ਕੀਤੀ। ਹਰਿਦੁਆਰ ਤੋਂ ਬਿਹਾਰ, ਪਟਨਾ ਸਾਹਿਬ ਪੁੱਜੇ, ਜਿਸ ਦਾ ਨਾਂ ਉਸ ਸਮੇਂ ਪਾਟਲੀ ਪੁੱਤਰ ਸੀ। ਇਸ ਥਾਂ ਸਾਲਸ ਰਾਇ ਜੌਹਰੀ ਨੂੰ ਸਿੱਖੀ ਦੇ ਪ੍ਰਚਾਰ ਦੀ ਪਹਿਲੀ ਮੰਜੀ ਸੌਂਪੀ ਅਤੇ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਸਥਾਪਤ ਕੀਤਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਤਖ਼ਤ ਸੱਚਖੰਡ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੇ ਰੂਪ ਵਿੱਚ ਦੁਨੀਆਂ ਦੇ ਨਕਸ਼ੇ 'ਤੇ ਉਭਰਿਆ। ਗੁਰੂ ਨਾਨਕ ਦੇਵ ਜੀ ਦੇ ਪਟਨਾ ਆਗਮਨ ਦੇ 500ਵੇਂ ਦਿਵਸ ਨੂੰ ਬੜੀ ਸ਼ਰਧਾ ਤੇ ਧੂਮ-ਦਾਮ ਨਾਲ ਮਨਾਉਂਦਿਆਂ ਸੰਗਤਾਂ ਦੇ ਭਾਰੀ ਇਕੱਠ ਵਿੱਚ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਮਹਿੰਦਰ ਸਿੰਘ ਰੋਮਾਣਾ ਨੇ ਆਪਣੇ ਸੰਦੇਸ਼ ਵਿੱਚ



ਮਗਧ ਦੇਸ਼ (ਬਿਹਾਰ) ਨੂੰ ਹਿੰਦੁਸਤਾਨ ਦੀ ਪ੍ਰਾਚੀਨ ਸੱਭਿਅਤਾ ਦਾ ਵੱਡਾ ਕੇਂਦਰ ਮੰਨਿਆ ਹੈ। ਇਸ ਮੌਕੇ ਉਨ੍ਹਾਂ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

## ਤਖ਼ਤ ਸ੍ਰੀ ਪਟਨਾ ਸਾਹਿਬ ਯਾਤਰਾ ਦੀਆਂ ਝਲਕੀਆਂ

ਗਗਨਦੀਪ ਸਿੰਘ ਸਰਾਂ

- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੇ ਕੀਰਤਨ ਦਰਬਾਰ ਦੀ ਸਮਾਪਤੀ ਉਪਰੰਤ ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਆਰੰਭੇ ਗੁਰਮਤਿ ਸੰਗੀਤ ਦੇ ਕਾਰਜਾਂ ਦੀ ਸਫ਼ਲਤਾ ਲਈ ਅਤੇ ਜਵੱਦੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਲੰਮੀ ਉਮਰ ਲਈ ਤਖ਼ਤ ਤੋਂ ਅਰਦਾਸ ਕੀਤੀ। ਸ਼ਾਇਦ ਇਹ ਪਹਿਲਾ ਮੌਕਾ ਹੋਵੇ ਜਦੋਂ ਕਿਸੇ ਸਿੰਘ ਸਾਹਿਬ ਨੇ ਕਿਸੇ ਸੰਸਥਾ ਦੇ ਚੜ੍ਹਦੀ ਕਲਾ ਲਈ ਇੰਨੇ ਭਾਵੁਕ ਹੋ ਕੇ ਅਰਦਾਸ ਕੀਤੀ ਹੋਵੇ।
- ਇਸ ਗੁਰਮਤਿ ਕੀਰਤਨ ਦਰਬਾਰ ਵਿੱਚ ਸਿੱਖ ਸੰਗਤ ਤੋਂ ਇਲਾਵਾ ਬਹੁਤ ਸਾਰੀ ਹਿੰਦੂ ਸੰਗਤ ਨੇ ਵੀ ਹਾਜ਼ਰੀ ਭਰੀ ਸੀ। ਮੇਰੇ ਮੁਤਾਬਿਕ ਹਿੰਦੂ ਇਸਤਰੀ-ਪੁਰਸ਼ ਨੂੰ ਰਾਗਾਂ ਦੀ ਸਮਝ ਭਾਵੇਂ ਨਾ ਲਗ ਰਹੀ ਹੋਵੇ ਪ੍ਰੰਤੂ ਨਾਨਕ ਦੀ ਬਾਣੀ ਨਾਲ ਭਿੱਜੇ ਵੈਰਾਗਮਈ ਅਵਸਥਾ ਵਿੱਚ ਆਏ ਇਸ ਜੋੜੇ ਦੀਆਂ ਐਨਕਾਂ ਦੇ ਹੇਠਾਂ ਦੀ ਵਗ ਰਹੇ ਹੰਝੂ ਸੰਗਤ ਵਿੱਚ ਮੌਜੂਦ ਲੋਕਾਂ ਨੇ ਜ਼ਰੂਰ ਦੇਖੇ ਹੋਣਗੇ।
- ਸੰਤ ਗਿਆਨੀ ਅਮੀਰ ਸਿੰਘ ਜੀ ਦੀ ਸਾਦਗੀ ਤੋਂ ਸੰਗਤ ਬਹੁਤ ਪ੍ਰਭਾਵਿਤ ਹੋਈ। ਗਿਆਨੀ ਜੀ ਸੰਗਤ ਦੇ ਆਰਾਮ ਦਾ ਜਾਇਜ਼ਾ ਲੈਣ ਲਈ ਰੇਲ ਗੱਡੀ ਦਾ ਏ.ਸੀ. ਵਾਲਾ ਡੱਬਾ ਛੱਡ ਕੇ ਕਈ ਘੰਟੇ ਸੰਗਤ ਨਾਲ ਸੈਕਿੰਡ ਕਲਾਸ ਵਿੱਚ ਸਫਰ ਕਰਦੇ ਰਹੇ। ਇੱਥੇ ਹੀ ਬਸ ਨਹੀਂ, ਉਨ੍ਹਾਂ ਤਖ਼ਤ ਸ੍ਰੀ ਪਟਨਾ ਸਾਹਿਬ 'ਤੇ ਪਹੁੰਚਣ 'ਤੇ ਸਾਲਸ ਰਾਇ ਜੌਹਰੀ ਨਿਵਾਸ ਅਤੇ ਦੂਜੇ ਕਮਰਿਆਂ ਵਿੱਚ ਠਹਿਰੀ ਸੰਗਤ ਦੇ ਹਰ ਕਮਰੇ ਵਿੱਚ ਉਨ੍ਹਾਂ ਦਾ ਹਾਲ-ਚਾਲ ਪੁੱਛਿਆ।
- ਤਖ਼ਤ ਸ੍ਰੀ ਪਟਨਾ ਸਾਹਿਬ 'ਤੇ ਉਸ ਵਕਤ ਬਹੁਤ ਹੀ ਅਦਭੁੱਤ ਦ੍ਰਿਸ਼ ਬਣਿਆ ਜਦੋਂ ਕੀਰਤਨੀ ਸਿੰਘਾਂ ਨੇ ਜਵੱਦੀ ਟਕਸਾਲ ਦੀ ਸੰਗਤ ਨਾਲ ਮਿਲ ਕੇ ਨਿਮਰਤਾ ਸਹਿਤ ਸੇਵਾ ਭਾਵਨਾ ਨਾਲ ਭਰਪੂਰ ਹੋ ਕੇ ਤਖ਼ਤ ਦੀ ਸਾਫ਼ ਸਫ਼ਾਈ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ।

### ਜ਼ਰੂਰੀ ਸੂਚਨਾ

*ਵਿਸਮਾਦੁ ਨਾਦ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਮੈਂਬਰਾਂ ਦੀ ਸਾਲਾਨਾ ਮੈਂਬਰਸ਼ਿਪ ਦਸੰਬਰ ਵਿੱਚ ਸਮਾਪਤ ਹੋ ਰਹੀ ਹੈ ਕਿਰਪਾ ਕਰਕੇ ਉਹ ਆਪਣੀ ਸਾਲ 2007 ਦੀ ਮੈਂਬਰਸ਼ਿੱਪ 250 ਰੁ: ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੇ ਦਫਤਰ ਵਿਖੇ ਭੇਜਣ ਦੀ ਕਿਰਪਾਲਤਾ ਕਰਨੀ ਜੀ। ਇਹ ਮੈਂਬਰਸ਼ਿਪ ਮਨੀਆਰਡਰ ਰਾਹੀਂ ਜਾਂ ਚੈਕ ਡ੍ਰਾਫਟ ਜਵੱਦੀ ਟਕਸਾਲ ਦੇ ਨਾਂ 'ਤੇ ਵੀ ਭੇਜੀ ਜਾ ਸਕਦੀ ਹੈ ਜੀ।*

◆ ਪਟਨਾ ਸਾਹਿਬ ਦੀ ਸੰਗਤ ਉਸ ਵਕਤ ਵਜਦ ਵਿੱਚ ਆ ਗਈ ਜਦੋਂ ਉਨ੍ਹਾਂ ਦੇਖਿਆ ਕਿ ਜਵੱਦੀ ਟਕਸਾਲ ਦੇ ਛੋਟੇ-ਛੋਟੇ ਬੱਚੇ ਪੁਰਾਤਨ ਸਾਜ਼ਾਂ ਨਾਲ ਕੀਰਤਨ ਕਰ ਰਹੇ ਹਨ।

◆ ਜਵੱਦੀ ਟਕਸਾਲ ਤੋਂ ਗਈ ਸੰਗਤ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ, ਜੋੜਾ, ਚੋਲਾ, ਮਾਤਾ ਗੁਜਰੀ ਜੀ ਦਾ ਖ਼ੂਹ ਦੇ ਦਰਸ਼ਨ ਕਰਕੇ ਗਦਗਦ ਹੋ ਉੱਠੇ।

## *15ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 15, 16 ਅਤੇ 17 ਦਸੰਬਰ 2006 ਨੂੰ*

**ਜਵੱਦੀ ਟਕਸਾਲ ਲੁਧਿਆਣਾ :** ਜਵੱਦੀ ਟਕਸਾਲ ਦੇ ਬਾਨੀ ਸੱਚਖੰਡਵਾਸੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਹਿੱਤ ਆਰੰਭੀ ਲਹਿਰ ਨੂੰ ਨਿਰੰਤਰ ਅੱਗੇ ਤੋਰਦਿਆਂ 15ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 15, 16 ਅਤੇ 17 ਦਸੰਬਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਰਾਗਮਾਲਾ ਦੇ ਰਾਗਾ ਵਿੱਚ ਗਾਇਨ ਪੁਰਾਤਨ ਅਤੇ ਨਵਤਨ ਰਾਗੀ ਕਰਨਗੇ।

ਪ੍ਰੋਗਰਾਮ ਦੀ ਵਿਸਥਾਰਿਤ ਜਾਣਕਾਰੀ ਦਿੰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਦੱਸਿਆ ਕਿ 15 ਦਸੰਬਰ ਨੂੰ ਸਵੇਰੇ 10 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਜੋਦੜੀ ਉਪਰੰਤ ਸੰਤ ਸਮਾਗਮ ਨਾਲ ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਾ ਆਰੰਭ ਹੋਵੇਗਾ ਜਿਸ ਵਿੱਚ ਸਿੱਖ ਸੰਪ੍ਰਦਾਵਾਂ ਦੇ ਮੁਖੀ ਸੰਤ ਮਹਾਪੁਰਸ਼ ਗੁਰਮਤਿ ਵਿਚਾਰਾਂ ਕਰਨਗੇ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ (ਚਉਬੋਲੇ, ਗਾਥਾ, ਫੁਨਹੇ, ਸਵੱਯੇ, ਸਹਸਕ੍ਰਿਤੀ ਅਤੇ ਬਾਰਾਮਾਹ) ਦਾ ਗਾਇਨ ਰਾਗ ਮਾਲਾ ਦੇ ਰਾਗਾਂ ਵਿੱਚ ਕੀਰਤਨ ਕੀਤਾ ਜਾਵੇਗਾ। ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਹੋਵੇਗਾ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 16 ਦਸੰਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਗਾਇਨ ਦੇ ਨਾਲ ਬਾਅਦ ਦੁਪਹਿਰ 1 ਵਜੇ ਤੋਂ ਲੈ ਕੇ 3 ਵਜੇ ਤੱਕ ਢਾਡੀ ਦਰਬਾਰ ਜਿਸ ਵਿੱਚ ਪੰਥ ਪ੍ਰਸਿੱਧ ਢਾਡੀ ਜਥੇ ਗੁਰ ਇਤਿਹਾਸ ਦਾ ਵਾਰਾਂ 'ਚ ਗਾਇਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਵਿੱਚ 5 ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਵੱਖ-ਵੱਖ ਸੰਪ੍ਰਦਾਵਾਂ ਦੇ ਮੁਖੀ ਸੰਤ ਮਹਾਪੁਰਸ਼ਾਂ ਤੋਂ ਇਲਾਵਾ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪੁੱਜਣਗੇ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸੰਮੇਲਨ ਦੌਰਾਨ ਜਵੱਦੀ ਟਕਸਾਲ ਵੱਲੋਂ ਆਯੋਜਿਤ ਕੀਤੇ ਗਏ ਸੈਮੀਨਾਰ "ਮੌਤ ਦਾ ਸੰਕਲਪ" ਵਿੱਚ ਪੜ੍ਹੇ ਗਏ ਪਰਚਿਆਂ ਦੇ ਆਧਾਰ 'ਤੇ ਪੁਸਤਕ ਅਤੇ ਵਿਸਮਾਦੁ ਨਾਦੁ ਦਾ ਵਿਸ਼ੇਸ਼ ਅੰਕ "ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਲੜੀ - ਇੱਕ ਇਤਿਹਾਸ" ਵੀ ਰਿਲੀਜ਼ ਕੀਤੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਸੰਮੇਲਨ ਦੀਆਂ ਤਿਆਰੀਆਂ ਪੂਰੇ ਜੋਰਾਂ 'ਤੇ ਹਨ। ਇਸ ਸਬੰਧੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਦੂਰ ਦੁਰਾਡਿਓਂ ਸੰਗਤਾਂ ਪਹੁੰਚਣੀਆਂ ਸ਼ੁਰੂ ਹੋ ਚੁੱਕੀਆਂ ਹਨ। ਉਨ੍ਹਾਂ ਸਮੂਹ ਸਿੱਖ ਸੰਗਤਾਂ ਨੂੰ ਸੰਮੇਲਨ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।